ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 52 | 4 to 10 January, 2023 | Ph.: (510) 240-5949 | Email: asrtimes@gmail.com



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
ਵੱਲੋਂ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ
ਲੱਖ-ਲੱਖ ਵਧਾਈਆਂ



# ਪੰਜਾਬ 'ਚ ਦਿੱਲੀ ਕਿਸਾਨ ਮੋਰਚੇ ਵਾਲਾ ਮਾਹੌਲ ਬਣਿਆ

## ਲਤੀਫਪੁਰਾ ਤੇ ਜ਼ੀਰਾ ਮੋਰਚਾ ਕਾਰਨ ਕਿਸਾਨ ਇਕਮੁੱਠ ਹੋਣ ਲੱਗੇ

### ਜ਼ੀਰਾ ਅੰਦੋਲਨ ਸਰਕਾਰ ਦੇ ਲਈ ਬਣਿਆ ਸਿਰਦਰਦੀ, ਸ਼ਰਾਬ ਫ਼ੈਕਟਰੀ ਅੱਗੇ ਕਿਸਾਨਾਂ ਨੇ ਸੰਘਰਸ਼ ਭਖਾਇਆ

### ਜਾਂਚ ਲਈ ਬਣਾਈਆਂ ਕਮੇਟੀਆਂ ਨੇ ਫ਼ੈਕਟਰੀ ਅੰਦਰੋਂ ਤੇ ਇਲਾਕੇ ਵਿੱਚੋਂ ਵੱਖ-ਵੱਖ ਥਾਵਾਂ ਤੋਂ ਮਿੱਟੀ ਦੇ ਸੈਂਪਲ ਭਰੇ

**ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰੇ ਸਰਕਾਰ : ਮਾਨ**



ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿੱਚ ਕਿਸਾਨ ਅੰਦੋਲਨਾਂ 2022 ਦੀ ਸ਼ੁਰੂਆਤ ਹੀ ਸੰਯੁਕਤ ਕਿਸਾਨ ਮੋਰਚੇ ਦੀ ਟੁੱਟ ਭੱਜ ਨਾਲ ਹੋਈ, ਜਦਕਿ ਵਰ੍ਹੇ ਦੇ ਅਖੀਰ ਤੱਕ ਦੂਰੀਆਂ ਮਿਟਦੀਆਂ ਨਜ਼ਰ ਆਈਆਂ। ਦਿੱਲੀ ਵਿੱਚ ਚੱਲੇ ਕਿਸਾਨ ਘੋਲ ਨੇ ਕਿਸਾਨ ਲੀਡਰਸ਼ਿਪ ਨੂੰ ਸਿਖਰਾਂ 'ਤੇ ਪਹੁੰਚਾਇਆ ਸੀ ਤੇ ਮੋਦੀ ਸਰਕਾਰ ਲਈ ਸਿਰਦਰਦੀ ਖੜ੍ਹੀ ਕੀਤੀ ਸੀ।ਨਵੇਂ ਸਾਲ ਚੜ੍ਹਦਿਆਂ ਹੀ ਲਤੀਫਪੁਰਾ ਤੇ ਜੀਰਾ ਮੋਰਚਾ ਪੰਜਾਬ ਸਰਕਾਰ ਲਈ ਸਿਰਦਰਦੀ ਬਣ ਰਿਹਾ ਹੈ। ਕਿਸਾਨ ਯੂਨੀਅਨਾਂ ਇਕਮੁੱਠ ਹੋ ਕੇ ਤਾਕਤ ਫੜ ਰਹੀਆਂ ਹਨ। ਕਿਸਾਨਾਂ ਉਪਰ ਭਾਰੂ ਹੋਈ ਸਰਕਾਰ ਡੀਫੈਂਸ ਉਪਰ ਆ ਗਈ ਹੈ। ਸੰਯੁਕਤ ਕਿਸਾਨ ਮੋਰਚਾ ਬੀਤੇ ਵਰ੍ਹੇ ਵਿਚ ਕਿਸਾਨ ਆਗੂਆਂ ਦੀਆਂ ਦਰਾੜਾਂ ਦੂਰ ਕਰਨ ਵਿਚ ਜੁੱਟਿਆ ਰਿਹਾ। ਮੁੱਲਾਂਪੁਰ ਕਿਸਾਨ ਧਿਰਾਂ ਦੀਆਂ ਮੀਟਿੰਗਾਂ ਦਾ ਮੁੱਖ ਕੇਂਦਰ ਉਭਰ ਕੇ ਸਾਹਮਣੇ ਆਇਆ ਸੀ।

ਸੰਯੁਕਤ ਕਿਸਾਨ ਮੋਰਚਾ ਨੇ ਪਾਟੋਧਾੜ ਹੋਈਆਂ ਧਿਰਾਂ ਨੂੰ ਇਕਠੇ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਪਰ ਜਗਜੀਤ ਸਿੰਘ ਡੱਲੇਵਾਲ ਅਤੇ ਬਲਵੀਰ ਸਿੰਘ ਰਾਜੇਵਾਲ ਪ੍ਰਮੁੱਖ ਸੰਯੁਕਤ ਕਿਸਾਨ ਮੋਰਚਾ ਤੋਂ ਲਾਂਭੇ ਹੀ ਰਹੇ ਸਨ। ਜਗਜੀਤ ਸਿੰਘ ਡੱਲੇਵਾਲ ਨੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਬਣਾਇਆ ਅਤੇ ਡੱਲੇਵਾਲ ਦਾਅਵਾ ਕਰਦੇ ਹਨ ਕਿ ਉਨ੍ਹਾਂ ਨਾਲ ਕਰੀਬ 16 ਕਿਸਾਨ ਧਿਰਾਂ ਹਨ। ਸੰਯੁਕਤ ਕਿਸਾਨ ਮੋਰਚਾ ਨੇ ਸਾਲ ਦੇ ਸ਼ੁਰੂ ਵਿਚ ਹੀ ਕਿਸਾਨ ਧਿਰਾਂ ਵਿਚ ਖਿੱਚੀ ਗਈ ਲਕੀਰ ਨੂੰ ਮੇਟਣ ਦੇ ਯਤਨ ਕੀਤੇ। ਕੇਂਦਰ ਸਰਕਾਰ ਵੱਲੋਂ ਜੋ ਐੱਮਐੱਸਪੀ ਲਈ ਕਮੇਟੀ ਦਾ ਗਠਨ ਕੀਤਾ ਗਿਆ, ਉਸ ਵਿਚ ਸੰਯੁਕਤ ਕਿਸਾਨ ਮੋਰਚਾ ਨੇ ਸ਼ਮੂਲੀਅਤ ਕਰਨ ਤੋਂ ਇਨਕਾਰ ਵੀ ਕੀਤਾ। ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਨੇ ਕਿਸਾਨੀ ਮੰਗਾਂ ਸਬੰਧੀ ਪ੍ਰਦਰਸ਼ਨ ਵੀ ਕੀਤੇ ਅਤੇ ਫ਼ਰੀਦਕੋਟ ਵਿਚ ਜਗਜੀਤ ਸਿੰਘ ਡੱਲੇਵਾਲ ਨੇ ਮਰਨ ਵਰਤ ਵੀ ਰੱਖਿਆ, ਜਿਸ ਨੂੰ ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਖੁੱਲ੍ਹਵਾਇਆ ਸੀ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਨੇ ਪੱਖੋਂ ਕੈਂਚੀਆਂ ਦਾ ਟੋਲ ਖੁੱਲ੍ਹਵਾਇਆ ਹੋਇਆ ਹੈ। ਬੀ.ਕੇ.ਯੂ ਲੱਖੋਵਾਲ ਨੇ ਵੀ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿਚ ਸਰਗਰਮੀ ਰੱਖੀ ਹੋਈ ਹੈ। ਇਸ ਵਰ੍ਹੇ ਪਿਛਲੇ ਸਾਲ ਦੀ ਤਰ੍ਹਾਂ ਦਾ ਮੁੱਖ ਮੁੱਦਾ ਹੁਣ ਜ਼ੀਰਾ ਦੇ ਪਿੰਡ ਮਨਸੂਰਵਾਲਾ ਵਿਚਲੀ ਸ਼ਰਾਬ ਫੈਕਟਰੀ ਦੇ ਪ੍ਰਦੂਸ਼ਣ ਖਿਲਾਫ ਚੱਲ ਰਿਹਾ ਅੰਦੋਲਨ ਬਣਿਆ ਹੋਇਆ ਹੈ। 24 ਜੁਲਾਈ ਨੂੰ ਆਸ-ਪਾਸ ਦੇ ਪਿੰਡਾਂ ਨੇ ਸਾਂਝਾ ਮੋਰਚਾ ਬਣਾ ਕੇ ਸੰਘਰਸ਼ ਸ਼ੁਰੂ ਕੀਤਾ ਗਿਆ ਸੀ। ਪੰਜਾਬ ਸਰਕਾਰ ਨੇ ਇਸ ਮੋਰਚੇ ਦੀ ਅਣਦੇਖੀ ਕਰਕੇ ਪੁਲਿਸ ਨੇ ਪੱਕਾ ਮੋਰਚਾ ਹਟਾਉਣ ਲਈ 18 ਦਸੰਬਰ ਨੂੰ ਲਾਠੀਚਾਰਜ ਕੀਤਾ ਸੀ ਅਤੇ ਇਨ੍ਹਾਂ ਦਿਨਾਂ ਦੌਰਾਨ 45 ਕਿਸਾਨਾਂ ਨੂੰ ਪੁਲਿਸ ਕੇਸ ਦਰਜ ਕਰ ਕੇ ਜੇਲ੍ਹ ਭੇਜਿਆ ਗਿਆ ਸੀ। ਇਸ ਸਾਲ ਜ਼ੀਰਾ ਅੰਦੋਲਨ ਹੀ ਹੁਣ ਕਿਸਾਨ ਧਿਰਾਂ ਦਾ ਭਵਿੱਖ ਤੈਅ ਕਰੇਗਾ।

ਪੰਜਾਬ ਵਿਚ ਇਸੇ ਵਰ੍ਹੇ ਦੌਰਾਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਮਾਝੇ ਤੇ ਦੁਆਬੇ ਵਿਚ ਆਪਣੀ ਵੱਖਰੀ ਹੋਂਦ ਕਾਇਮ ਕੀਤੀ। ਇਸ ਵੇਲੇ ਵੀ ਇਸ ਸੰਘਰਸ਼ ਕਮੇਟੀ ਨੇ ਕਾਫੀ ਟੋਲ ਪਲਾਜ਼ਿਆਂ 'ਤੇ (ਬਾਕੀ ਸਫ਼ਾ 29 'ਤੇ)

# ਪਹਿਲੀ ਸਿੱਖ ਬੀਬੀ ਅਮਰੀਕਾ ਵਿਚ ਬਣੀ ਜੱਜ

## 70 ਦੇ ਦਹਾਕੇ ਵਿਚ ਨਸਲਵਾਦ ਦਾ ਸ਼ਿਕਾਰ ਹੋਇਆ ਸੀ ਪਰਿਵਾਰ

ਜਲੰਧਰ/ਏ.ਟੀ.ਨਿਊਜ਼ :- ਸਿੱਖ ਬੀਬੀ ਮਨਪ੍ਰੀਤ ਮੋਨਿਕਾ ਸਿੰਘ ਨੇ ਬੀਤੇ ਦਿਨੀਂ ਅਮਰੀਕਾ ਦੇ ਲਾਅ ਨੰਬਰ 4 ਵਿਚ ਹੈਰਿਸ ਕਾਊਂਟੀ ਸਿਵਲ ਕੋਰਟ 'ਚ ਇਕ ਜੱਜ ਵਜੋਂ ਅਹੁਦਾ ਸੰਭਾਲ ਲਿਆ। ਮੋਨਿਕਾ ਅਜਿਹੀ ਪਹਿਲੀ ਸਿੱਖ ਬੀਬੀ ਹੈ ਜੋ ਅਮਰੀਕਾ ਵਿਚ ਜੱਜ ਵਜੋਂ ਚੁਣੀ ਗਈ ਹੈ। ਮੋਨਿਕਾ ਦਾ ਕਹਿਣਾ ਹੈ ਕਿ ਇਕ ਜੱਜ ਵਜੋਂ ਉਨ੍ਹਾਂ ਦੀ ਚੋਣ ਵੱਡੇ ਪੱਧਰ 'ਤੇ ਸਿੱਖ ਪੰਥ ਲਈ ਬਹੁਤ ਮਾਇਨੇ ਰੱਖਦੀ ਹੈ।



ਮਨਪ੍ਰੀਤ ਦੇ ਪਿਤਾ ਦਾ ਛੋਟਾ ਨਾਮ ਏ. ਜੇ. ਹੈ, ਜੋ ਇਕ ਆਰਕੀਟੈਕਟ ਹਨ। 1970 ਦੇ ਦਹਾਕੇ ਦੇ ਸ਼ੁਰੂ ਵਿਚ ਉਹ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਮਰੀਕਾ ਚਲੇ ਗਏ ਸਨ। ਉਹ ਦੱਸਦੀ ਹੈ ਕਿ ਉਸ ਦੌਰ ਵਿਚ ਮੇਰੇ ਪਿਤਾ ਨੂੰ ਇਕ ਦਸਤਾਰਧਾਰੀ ਸਿੱਖ ਦੇ ਰੂਪ ਵਿਚ ਨਸਲਵਾਦ ਦਾ ਸਾਹਮਣਾ ਕਰਨਾ ਪਿਆ ਅਤੇ ਉਸ ਸਮੇਂ ਪ੍ਰਵਾਸੀਆਂ ਲਈ ਭੇਦਭਾਵ ਖਿਲਾਫ ਆਵਾਜ਼ ਉਠਾਉਣ ਲਈ ਕੋਈ ਮੰਚ ਨਹੀਂ ਸੀ। ਮੋਨਿਕਾ ਕਹਿੰਦੀ ਹੈ ਕਿ ਹੁਣ ਸਮਾਂ ਬਦਲ ਗਿਆ ਹੈ। ਸਕੂਲ ਵਿਚ ਮੇਰੇ ਭਰਾ ਨੂੰ ਵੀ ਧਮਕਾਇਆ ਜਾਂਦਾ ਸੀ ਪਰ ਹੁਣ ਸਭ ਲੋਕ ਜਾਣਦੇ ਹਨ ਕਿ ਅਸੀਂ ਆਪਣੀ ਆਵਾਜ਼ ਉਠਾ ਸਕਦੇ ਹਾਂ। ਹਾਲਾਂਕਿ ਇਹ ਅਸਲ ਵਿਚ ਅਜੇ ਵੀ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ ਹੈ, ਅਸੀਂ ਸਾਰੇ ਹੁਣ ਵੀ ਕਿਸੇ ਨਾ ਕਿਸੇ ਪੱਧਰ ਦੇ ਭੇਦਭਾਵ ਵਿਚੋਂ ਲੰਘਦੇ ਹਾਂ। ਉਹ ਕਹਿੰਦੀ ਹੈ ਕਿ ਇਕ ਵਕੀਲ ਹੋਣ ਦੇ ਨਾਤੇ ਮੈਂ ਹਮੇਸ਼ਾ ਮਨੁੱਖਤਾ ਖਾਤਰ ਬਦਲਾਅ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

ਮੋਨਿਕਾ ਨੇ 20 ਸਾਲਾਂ ਤੱਕ ਇਕ ਟ੍ਰਾਇਲ ਵਕੀਲ ਹੋਣ ਦੇ ਨਾਲ-ਨਾਲ ਹਮੇਸ਼ਾ ਆਪਣੇ ਬਣਾਏ ਰਸਤੇ 'ਤੇ ਹੀ ਜਾਣਾ ਪਸੰਦ ਕੀਤਾ। ਉਹ ਦੱਸਦੀ ਹੈ ਕਿ ਇਕ ਬੱਚੇ ਦੇ ਰੂਪ ਵਿਚ ਮੈਨੂੰ ਇਤਿਹਾਸ ਖਾਸ ਤੌਰ 'ਤੇ ਸਿਵਲ ਰਾਈਟਸ ਮੂਵਮੈਂਟ ਬਹੁਤ ਹੀ ਦਿਲਚਸਪ ਲੱਗਾ। ਲੋਕਾਂ ਨੂੰ ਬਦਲਾਅ ਲਿਆਉਂਦੇ (ਬਾਕੀ ਸਫ਼ਾ 29 'ਤੇ)

# ਲਤੀਫਪੁਰਾ ਮੋਰਚਾ ਮਘਿਆ




ਜਲੰਧਰ ਦੇ ਲਤੀਫਪੁਰਾ ਵਿੱਚ ਇੰਪਰੂਵਮੈਂਟ ਟਰੱਸਟ ਵੱਲੋਂ ਘਰਾਂ ਨੂੰ ਢਾਹੇ ਜਾਣ ਤੋਂ ਬਾਅਦ ਲੋਕਾਂ ਦਾ ਗੁੱਸਾ ਸੱਤਵੇਂ ਅਸਮਾਨ ਤੇ ਹੈ। ਇਸ ਦੇ ਵਿਰੋਧ ਵਿੱਚ ਲੋਕ ਅਤੇ ਕਿਸਾਨ ਜਥੇਬੰਦੀਆਂ ਨੇ ਇਕੱਠੇ ਹੋ ਕੇ ਸੰਘਰਸ਼ ਕਰ ਰਹੇ ਹਨ।ਇਸ ਕਾਰਨ ਜਲੰਧਰ ਟਰੈਫਿਕ ਦਾ ਬੁਰਾ ਹਾਲ ਹੈ। ਬੀਤੇ ਦਿਨੀਂ ਪੀਏਪੀ ਨੇੜੇ ਹਾਈਵੇਅ ਜਾਮ ਕਰ ਦਿੱਤਾ ਸੀ। ਆਉਂਦੀ 9 ਜਨਵਰੀ ਨੂੰ ਹਾਈਕੋਰਟ ਵਿਚ ਇਸ ਕੇਸ ਦੀ ਸੁਣਵਾਈ ਹੈ। ਲਤੀਫਪੁਰਾ ਵਿੱਚ ਸਰਕਾਰ ਵੱਲੋਂ ਉਜਾੜੇ ਪੀੜਤ ਪਰਿਵਾਰਾਂ ਦੇ ਜ਼ਖ਼ਮ ਦਿਨ ਬੀਤਣ ਨਾਲ ਹੋਰ ਡੂੰਘੇ ਹੁੰਦੇ ਜਾ ਰਹੇ ਹਨ। ਪੋਹ ਦੇ ਦਿਨਾਂ ਵਿੱਚ ਜਦੋਂ ਹੱਡ ਚੀਰਵੀਂ ਠੰਢ ਪੈ ਰਹੀ ਹੈ (ਬਾਕੀ ਸਫ਼ਾ 29 'ਤੇ)

## ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ’ਤੇ ਘਮਾਸਾਣ ਜਾਰੀ

# ਝੀਂਡਾ ਨੇ ਵੱਖਰੀ 41 ਮੈਂਬਰੀ ਹਰਿਆਣਾ ਗੁਰਦੁਆਰਾ ਕਮੇਟੀ ਦੇ ਗਠਨ ਲਈ ਅਕਾਲ ਤਖ਼ਤ ਨੂੰ ਸੌਂਪਿਆ ਮੰਗ ਪੱਤਰ

ਅੰਮ੍ਰਿਤਸਰ/ਏ.ਟੀ.ਨਿਊਜ਼ :- ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਦਾ ਮਾਮਲਾ ਗਰਮਾਉਂਦਾ ਜਾ ਰਿਹਾ ਹੈ। ਇੱਕ ਪਾਸੇ ਸ਼੍ਰੋਮਣੀ ਕਮੇਟੀ ਇਸ ਦਾ ਵਿਰੋਧ ਕਰ ਰਹੀ ਹੈ, ਉੱਥੇ ਹੀ ਦੂਜੇ ਪਾਸੇ ਇਸ ਮਾਮਲੇ ਵਿੱਚ ਹਰਿਆਣਾ ਦੇ ਸਿੱਖਾਂ ਦੀ ਆਪਸੀ ਸਹਿਮਤੀ ਵੀ ਨਹੀਂ ਬਣ ਰਹੀ। ਇਸ ਲਈ ਇਹ ਮਾਮਲਾ ਉਲਝਦਾ ਜਾ ਰਿਹਾ ਹੈ। ਉਂਝ ਹਰਿਆਣਾ ਦੇ ਸਿੱਖਾਂ ਵਿੱਚ ਦਰਾੜ ਪੈਣ ਮਗਰੋਂ ਬੀਤੇ ਦਿਨੀਂ ਹਰਿਆਣਾ ਦੇ ਆਗੂ ਜਗਦੀਸ਼ ਸਿੰਘ ਝੀਂਡਾ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚੇ ਸਨ। ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਲੰਮਾਂ ਸਮਾਂ ਜੱਦੋ-ਜਹਿਦ ਕਰਨ ਵਾਲੇ ਜਗਦੀਸ਼ ਸਿੰਘ ਝੀਂਡਾ ਨੇ ਹਰਿਆਣਾ ਸਰਕਾਰ ਵੱਲੋਂ ਬਣਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਨੇ ਵੱਖਰੀ 41 ਮੈਂਬਰੀ ਕਮੇਟੀ ਦਾ ਗਠਨ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਮੰਗ ਪੱਤਰ ਸੌਂਪਿਆ ਹੈ। ਜਥੇਦਾਰ ਦੀ ਗੈਰ ਹਾਜ਼ਰੀ ਵਿਚ ਇਹ ਮੰਗ ਪੱਤਰ ਉਨ੍ਹਾਂ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਨੇ ਪ੍ਰਾਪਤ ਕੀਤਾ।



ਝੀਂਡਾ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਆਪਣੇ ਹੱਥ ਠੋਕਿਆਂ ਦੀ ਤੇ ਆਰਐੱਸਐਸ ਦੇ ਹਮਾਇਤੀਆਂ ਦੀ ਕਮੇਟੀ ਦਾ ਗਠਨ ਕੀਤਾ ਹੈ, ਜਿਸ ਨੂੰ ਹਰਿਆਣਾ ਦੇ ਸਿੱਖ ਪ੍ਰਵਾਨ ਨਹੀਂ ਕਰਦੇ। ਉਨ੍ਹਾਂ ਦਾਅਵਾ ਕੀਤਾ ਕਿ ਮੇਰੇ ਵੱਲੋਂ ਪੇਸ਼ ਕੀਤੀ ਗਈ ਸੂਚੀ ਸੰਗਤਾਂ ਦੀਆਂ ਭਾਵਨਾਵਾਂ ਮੁਤਾਬਕ ਬਣਾਈ ਹੈ। ਉਨ੍ਹਾਂ ਅੱਗੇ ਕਿਹਾ, ‘ਪੂਰਾ ਵਿਸ਼ਵਾਸ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨਵੀਂ ਕਮੇਟੀ ਦੇ ਬਾਰੇ ਜਲਦੀ ਫ਼ੈਸਲਾ ਲੈ ਕੇ ਹਰਿਆਣਾ ਦੇ ਸਿੱਖਾਂ ਦੀ ਆਵਾਜ਼ ਸੁਣਨਗੇ।’ 22 ਸਾਲਾਂ ਤੱਕ ਹਰਿਆਣਾ ਕਮੇਟੀ ਲਈ ਲੜਾਈ ਲੜੀ ਹੋਈ ਹੈ। ਸਾਡੀ ਮੰਗ ਸੀ ਕਿ ਹਰਿਆਣਾ ਤੋਂ ਲਿਆਂਦਾ ਪੈਸਾ ਹਰਿਆਣਾ ’ਤੇ ਖ਼ਰਚ ਕੀਤਾ ਜਾਵੇ ਪਰ ਅਜਿਹਾ ਨਹੀਂ ਹੋਇਆ। ਅਸੀਂ ਵੱਖ-ਵੱਖ ਸਮੇਂ ’ਤੇ ਵੱਖ-ਵੱਖ ਪੰਥਕ ਆਗੂਆਂ ਨਾਲ ਕਈ ਵਾਰ ਮੀਟਿੰਗ ਕਰ ਕੇ ਹਰਿਆਣਾ ਦੇ ਸਿੱਖਾਂ ਨਾਲ ਹੋ ਰਹੀ ਧੱਕੇਸ਼ਾਹੀ ਬਾਰੇ ਜਾਣਕਾਰੀ

(ਬਾਕੀ ਸਫ਼ਾ 31 ’ਤੇ)

## ਹੁਣ ਰਾਜਸਥਾਨ ’ਚ ਵੀ ਬਣ ਸਕਦੀ ਹੈ ਵੱਖਰੀ ਗੁਰਦੁਆਰਾ ਕਮੇਟੀ

### ਕਾਂਗਰਸੀ ਲੀਡਰ ਸੁਖਜਿੰਦਰ ਰੰਧਾਵਾ, ਸੀਐੱਮ ਅਸ਼ੋਕ ਗਹਿਲੋਤ ਨਾਲ ਮਿਲ ਕੇ ਕਰ ਰਹੇ ਯਤਨ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ :- ਹਰਿਆਣਾ ਤੋਂ ਬਾਅਦ ਹੁਣ ਰਾਜਸਥਾਨ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਦਾ ਵਿਵਾਦ ਖੜ੍ਹਾ ਹੋ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਾਇਆ ਹੈ ਕਿ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨਾਲ ਮਿਲ ਕੇ ਰਾਜਸਥਾਨ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਨੇ ਕਾਂਗਰਸੀ ਆਗੂ ਦੀ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ ਤੇ ਸਿੱਖ ਮਸਲਿਆਂ ਵਿੱਚ ਦਖ਼ਲ ਦੇਣ ਤੋਂ ਵਰਜਿਆ। ਉਧਰ,



ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਰਾਜਸਥਾਨ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੀ ਮੰਗ ਉਥੋਂ ਦੇ ਸਿੱਖਾਂ ਵੱਲੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਹਰਿਆਣਾ ਦੇ ਸਿੱਖਾਂ ਦੀ ਮੰਗ ’ਤੇ ਸੁਪਰੀਮ ਕੋਰਟ ਵੱਲੋਂ ਵੱਖਰੀ ਕਮੇਟੀ ਬਣਾਉਣ ਨੂੰ ਮਾਨਤਾ ਦਿੱਤੀ ਜਾ ਸਕਦੀ ਹੈ ਤਾਂ ਰਾਜਸਥਾਨ ਵਿੱਚ ਕਿਉਂ ਨਹੀਂ ? ਉਨ੍ਹਾਂ ਕਿਹਾ ਕਿ ਰਾਜਸਥਾਨ ਵਿੱਚ ਵੀ ਗੁਰਦੁਆਰਿਆਂ ਦੀ ਸਾਂਭ-ਸੰਭਾਲ ਦੀ ਵੱਡੀ ਲੋੜ ਹੈ। ਇਸ ਵਾਸਤੇ ਉਥੋਂ ਦੇ ਸਿੱਖਾਂ ਦੀ ਮੰਗ ਜਾਇਜ਼ ਹੈ।

## ਸ਼੍ਰੋਮਣੀ ਕਮੇਟੀ ਨੇ 1986 ਦੇ ਨਕੋਦਰ ਕਤਲੇਆਮ ਦੀ ਨਿਖੇਧੀ ਕਰਨ ਵਾਲਾ ਮਤਾ ਪਾਸ ਕੀਤਾ

ਚੰਡੀਗੜ੍ਹ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੇ ਲੰਘੇ ਸੋਮਵਾਰ ਨੂੰ 1986 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਵਿਰੋਧ ਕਰ ਰਹੇ ਚਾਰ ਨੌਜਵਾਨਾਂ ਦੇ ਨਕੋਦਰ ਪੁਲਿਸ ਵੱਲੋਂ ਕੀਤੇ ਕਤਲ ਦੀ ਨਿਖੇਧੀ ਕਰਨ ਵਾਲਾ ਮਤਾ ਪਾਸ ਕੀਤਾ ਹੈ। ਐਸਜੀਪੀਸੀ ਵੱਲੋਂ ਪਾਸ ਕੀਤੇ ਮਤੇ ਵਿੱਚ ਇਸ ਮਾਮਲੇ ’ਚ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ ਅਤੇ ਇਸ ਦੀ ਇੱਕ ਕਾਪੀ ਪਿਛਲੇ ਕਈ ਸਾਲਾਂ ਤੋਂ ਇਨਸਾਫ਼ ਲਈ ਲੜ ਰਹੇ ਬਾਪੂ ਬਲਦੇਵ ਸਿੰਘ ਨੂੰ ਸੌਂਪੀ ਗਈ। ਬਾਪੂ ਬਲਦੇਵ ਨੇ ਦੱਸਿਆ ਕਿ ਨਕੋਦਰ ’ਚ ਸ਼ਹੀਦ ਹੋਏ ਸਿੰਘਾਂ ਦਾ 37ਵਾਂ ਸ਼ਹੀਦੀ ਦਿਹਾੜਾ 4 ਫਰਵਰੀ ਨੂੰ ਦਰਬਾਰ ਸਾਹਿਬ ਕੰਪਲੈਕਸ, ਸ੍ਰੀ ਅੰਮ੍ਰਿਤਸਰ ਵਿਖੇ ਗੁਰਦੁਆਰਾ ਸ਼ਹੀਦ ਭਾਈ ਗੁਰਬਖ਼ਸ਼ ਸਿੰਘ ਜੀ ਨਿਹੰਗ ਵਿਖੇ ਮਨਾਇਆ ਜਾਵੇਗਾ।

## ਬੁਫਾਲੋ ਦੇ ਇਕ ਘਰ ਨੂੰ ਲੱਗੀ ਅੱਗ ਵਿਚ ਸੜ ਕੇ 3 ਬੱਚੀਆਂ ਦੀ ਮੌਤ, ਦਾਦੀ ਸਮੇਤ 4 ਹੋਰ ਬੱਚੇ ਗੰਭੀਰ ਜ਼ਖਮੀ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਬੁਫਾਲੋ (ਨਿਊਯਾਰਕ) ਦੇ ਇਕ ਘਰ ਵਿਚ ਲੱਗੀ ਅੱਗ ਵਿੱਚ ਸੜ ਕੇ 7,8 ਤੇ 9 ਸਾਲ ਦੀਆਂ 3 ਬੱਚੀਆਂ ਦੀ ਮੌਤ ਹੋ ਗਈ ਤੇ ਦਾਦੀ ਸਮੇਤ 3 ਹੋਰ ਬੱਚੇ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬੁਫਾਲੋ ਫਾਇਰ ਕਮਿਸ਼ਨਰ ਵਿਲੀਅਮ ਰੇਨਾਲਡੋ ਨੇ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਅੱਗ ਦਰਮਾਊਥ ਐਵਨਿਊ ਦੇ 200 ਬਲਾਕ ਵਿਚ ਸਵੇਰੇ 7.30 ਵਜੇ ਦੇ ਆਸ-ਪਾਸ ਲੱਗੀ। ਹਸਪਤਾਲ ਦਾਖਲ ਕਰਵਾਏ ਗਈ ਇਕ ਲੜਕੀ ਤੇ ਇਕ ਲੜਕੇ ਦੀ ਹਾਲਤ ਗੰਭੀਰ ਹੈ ਜਦ ਕਿ ਇਕ ਹੋਰ 7 ਸਾਲਾ ਲੜਕੀ ਦੀ ਹਾਲਤ ਸਥਿਰ ਹੈ। 63 ਸਾਲਾ ਦਾਦੀ ਦੀ ਹਾਲਤ ਵੀ ਗੰਭੀਰ ਹੈ ਜਿਸ ਨੂੰ ਏਰੀ ਕਾਊਂਟੀ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਰੇਨਾਲਡੋ ਅਨੁਸਾਰ ਬੱਚਿਆਂ ਦਾ ਪਾਲਣ ਪੋਸਣ ਦਾਦਾ-ਦਾਦੀ ਵੱਲੋਂ ਕੀਤਾ ਗਿਆ ਸੀ ਤੇ ਅੱਗ ਲੱਗਣ ਸਮੇਂ ਦਾਦਾ ਘਰ ਵਿਚ ਨਹੀਂ ਸੀ। ਅੱਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਜਿਕਰਯੋਗ ਹੈ ਕਿ ਪਿਛਲੇ ਹਫਤੇ ਬੁਫਾਲੋ ਨੂੰ ਬਰਫ਼ੀਲੇ ਤੂਫਾਨ ਤੇ ਬਰਫ਼ਬਾਰੀ ਨੇ ਬੁਰੀ ਤਰ੍ਹਾਂ ਝੰਬ ਸੁੱਟਿਆ ਹੈ ਜਿਸ ਦੌਰਾਨ 39 ਲੋਕ ਮਾਰੇ ਗਏ। ਅਜਿਹੇ ਹਾਲਾਤ ਵਿਚ ਘਰ ਨੂੰ ਅੱਗ ਲੱਗਣ ਦੀ ਘਟਨਾ ਕਾਰਨ ਖੇਤਰ ਵਿਚ ਰਹਿੰਦੇ ਲੋਕਾਂ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।



## ਕੈਲੀਫੋਰਨੀਆ ਵਿਚ ਬਰਫ਼ੀਲੇ ਤੂਫਾਨ ਤੇ ਬਰਫ਼ਬਾਰੀ ਉਪਰੰਤ ਆਏ ਹੜ੍ਹ ਨੇ ਲੋਕਾਂ ਦੀਆਂ ਮੁਸੀਬਤਾਂ ਵਿਚ ਕੀਤਾ ਵਾਧਾ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ : - ਕੈਲੀਫੋਰਨੀਆ ਵਿਚ ਬਰਫ਼ੀਲੇ ਤੂਫਾਨ ਉਪਰੰਤ ਪਈ ਬਾਰਿਸ਼ ਤੇ ਬਰਫ਼ਾਬਰੀ ਪਿਘਲਣ ਕਾਰਨ ਲੋਕਾਂ ਦੀਆਂ ਮੁਸੀਬਤਾਂ ਵਧ ਗਈਆਂ ਹਨ। ਵਿਸ਼ੇਸ਼ ਕਰਕੇ ਰਾਜ ਦਾ ਅੱਧਾ ਉੱਤਰੀ ਹਿੱਸਾ ਬਰਫ਼ ਪਿਘਲਣ ਕਾਰਨ ਆਏ ਹੜ੍ਹ ਤੋਂ ਪ੍ਰਭਾਵਿਤ ਹੈ। ਸੜਕਾਂ ਉਪਰ ਗੋਡੇ-ਗੋਡੇ ਪਾਣੀ ਫਿਰ ਰਿਹਾ ਹੈ। ਕੈਲੀਫੋਰਨੀਆ ਦੇ ਸਭ ਤੋਂ ਮਸ਼ਹੂਰ ਮਾਰਗ ਯੂ ਐਸ ਹਾਈਵੇਅ 101 ਨੂੰ ਦੱਖਣੀ ਸਨਫਰਾਂਸਿਸਕੋ ਵਿਚ ਦੋਨਾਂ ਪਾਸਿਆਂ ਤੋਂ ਬੰਦ ਕਰਨਾ ਪਿਆ ਹੈ। ਕੌਮੀ ਮੌਸਮ ਸੇਵਾ ਨੇ ਬਾਰਿਸ਼ ਪੈਣ ਤੇ ਬਰਫ਼ ਪਿਘਲਣ ਕਾਰਨ ਸੰਭਾਵੀ ਹੜ੍ਹ ਦੀ ਪਹਿਲਾਂ ਹੀ ਭਵਿੱਖਬਾਣੀ ਕਰ ਦਿੱਤੀ ਸੀ ਤੇ ਲੋਕਾਂ ਨੂੰ ਚੌਕਸ ਰਹਿਣ ਲਈ ਕਹਿ ਦਿੱਤਾ ਸੀ। ਪਿਛਲੇ ਦੋ ਦਿਨ ਪਈ ਭਾਰੀ ਬਾਰਿਸ਼ ਨੇ ਉੱਤਰੀ ਤੇ ਕੇਂਦਰੀ ਕੈਲੀਫੋਰਨੀਆ ਵਿਚ ਹੜ੍ਹ ਦਾ ਖਤਰਾ ਪੈਦਾ ਕਰ ਦਿੱਤਾ ਹੈ। ਹੜ੍ਹ ਕਾਰਨ ਉੱਤਰੀ ਕੈਲੀਫੋਰਨੀਆ ਵਿਚ ਕੁਝ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਲਿਜਾਣ ਦਾ ਆਦੇਸ਼ ਦਿੱਤਾ ਗਿਆ ਹੈ।

## ਪੰਜਾਬ ਸਰਕਾਰ ਦੀ ਸਿਆਸੀ ਸਰਗਰਮੀਆਂ

# ਮਾਨ ਸਰਕਾਰ ਨੇ ਨਸ਼ਾ ਤਸਕਰਾਂ ਦੀ ਜਾਇਦਾਦ ਕੁਰਕ ਕਰਨ ਦੇ ਦਿੱਤੇ ਹੁਕਮ



ਮੁਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਨਸ਼ੇ ਖਤਮ ਕਰਨ ਦੇ ਲਈ ਅਸੀਂ ਵਚਨਬੱਧ ਹਾਂ। ਬੀਤੇ ਦਿਨੀਂ ਇਕ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਭਗਵੰਤ ਮਾਨ ਨੇ ਨਸ਼ਾ ਤਸਕਰਾਂ ਦੀ ਜਾਇਦਾਦ ਕੁਰਕ ਕਰਨ ਦੇ ਹੁਕਮ ਦਿੱਤੇ। ਓਹਨਾ ਕਿਹਾ ਕਿ ਨਸ਼ੇ ਦੀ ਤਸਕਰੀ ਚ ਸ਼ਾਮਿਲ ਵੱਡੀਆਂ ਮੱਛੀਆਂ ਪਹਿਲਾ ਹੀ ਜੇਲ ਭੇਜ ਦਿਤੀਆਂ ਗਈਆਂ ਹਨ। ਸਪਸ਼ਟ ਕੀਤਾ ਗਿਆ ਕਿ ਨਸ਼ਾ ਤਸਕਰੀ ਵਿਚ ਸ਼ਾਮਿਲ ਅਧਿਕਾਰੀਆਂ ਖ਼ਿਲਾਫ਼ ਵੀ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਅਧਿਕਾਰੀਆਂ ਨੂੰ ਆਖਿਆ ਗਿਆ ਕਿ ਉਹ ਪਿੰਡ ਵਾਸੀਆਂ ਨੂੰ ਆਪੋ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਲਈ ਮਤੇ ਪਾਸ ਕਰਵਾਉਣ ਤੇ ਜਿਹੜੇ ਪਿੰਡ ਆਪਣੇ ਪਿੰਡ ਨੂੰ ਨਸ਼ਾ ਮੁਕਤ ਬਣਾਉਣਗੇ ਉਨ੍ਹਾਂ ਪਿੰਡਾਂ ਨੂੰ ਪੇਂਡੂ ਵਿਕਾਸ ਫੰਡ ਤਹਿਤ ਗਰਾਂਟਾਂ ਤੇ ਹੋਰ ਲਾਭ ਦੇਣ ਲਈ ਤਰਜੀਹ ਦਿੱਤੀ ਜਾਵੇਗੀ ਤੇ ਮਤੇ ਪਾਸ ਕਰਨ ਵਾਲੇ ਪਿੰਡਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗਾ।

## ਸੰਗਰੂਰ ਵਿਚ ਹਰ ਕੀਮਤ ਉਤੇ ਮੈਡੀਕਲ ਕਾਲਜ ਬਣਾਉਣ ਲਈ ਵਚਨਬੱਧਤਾ ਦੁਹਰਾਈ

ਲੰਘੇ ਦਿਨਾਂ ਦੇ ਵਿੱਚ ਸੰਗਰੂਰ ਵਿਖੇ ਮਸਤੂਆਣਾ ਸਾਹਿਬ ਦੇ ਨੇੜੇ ਬਣ ਰਹੇ ਸੰਤ ਅਤਰ ਸਿੰਘ ਮੈਡੀਕਲ ਕਾਲਜ ਬਾਰੇ ਅਹਿਮ ਕਾਨਫਰੰਸ ਕੀਤੀ ਗਈ। ਭਗਵੰਤ ਮਾਨ ਨੇ ਦੱਸਿਆ ਕਿ ਇਸ ਕਾਲਜ ਲਈ 25 ਏਕੜ ਜ਼ਮੀਨ ਅੰਗੀਠਾ ਸਾਹਿਬ ਗੁਰਦੁਆਰਾ ਟਰੱਸਟ ਵੱਲੋਂ ਦਿੱਤੀ ਗਈ ਹੈ। 23 ਮਈ 2020 ਨੂੰ ਰਜਿਸਟਰੀ , ਡਿਪਾਰਟਮੈਂਟ ਆਫ ਮੈਡੀਕਲ ਰਿਸਰਚ ਐਂਡ ਐਜੂਕੇਸ਼ਨ ਦੇ ਨਾਂ ਤੇ ਗਈ ਹੈ। ਡਾਕਟਰ ਵਿਸ਼ਾਲ ਚੋਪੜਾ , 1/7/2022 ਨੂੰ ਡਾਇਰੇਕਟਰ ਪ੍ਰਿੰਸੀਪਲ ਆਫ਼ ਇੰਸਟੀਟਿਊਟ ਸਥਾਪਤ ਕਰ ਦਿੱਤੇ ਗਏ ਹਨ। ਕਾਲਜ ਵਿੱਚ ਪਹਿਲਾ ਸਮੈਸਟਰ 1 ਮਾਰਚ ਤੋਂ ਸ਼ੁਰੂ ਹੋਵੇਗਾ। ਇਸ ਵਿਚ ਕੁੱਲ 460 ਬੈੱਡ ਲਗਾਏ ਜਾਣੇ ਹਨ। ਪਹਿਲੇ ਸਾਲ ਵਿੱਚ 330 ਅਤੇ ਬਾਕੀ ਬਾਅਦ ਵਿੱਚ ਲਗਾਏ ਜਾਣਗੇ।





# ਧਰਨਿਆਂ 'ਚ ਘਿਰਿਆ ਪੰਜਾਬ




## ਲਤੀਫ਼ਪੁਰਾ ਧਰਨਾ : ਰਾਤੋ-ਰਾਤ ਉਜਾੜੇ 50 ਪਰਿਵਾਰ



ਜਲੰਧਰ ਦਾ ਲਤੀਫ਼ਪੁਰਾ ਇਲਾਕਾ ਉਜਾੜੇ ਦੀ ਮਾਰ ਝੱਲ ਰਿਹੈ। ਲਤੀਫ਼ਪੁਰਾ ਇਲਾਕੇ ਦੇ ਬੇਘਰੇ ਲੋਕ ਸਰਦ ਰਾਤਾਂ ਵਿਚ ਤੰਬੂਆਂ 'ਚ ਗੁਜ਼ਾਰਾ ਕਰ ਰਹੇ ਹਨ। ਕਿਸੇ ਵੀ ਸਿਆਸੀ ਧਿਰ ਨੇ ਗਰੀਬ ਲੋਕ ਦੇ ਹੱਕ ਵਿੱਚ ਹਾਅ ਦਾ ਨਾਅਰਾ ਨਹੀਂ ਮਾਰਿਆ। ਜਾਣਕਾਰੀ ਮੁਤਾਬਕ ਲਤੀਫ਼ਪੁਰਾ ਦੇ ਵਿਚ 50 ਪਰਿਵਾਰ 75 ਸਾਲਾਂ ਤੋਂ ਡੇਢ ਏਕੜ ਜ਼ਮੀਨ ਦੇ ਵਿਚ ਬੈਠੇ ਸਨ ਪਰ 9 ਦਸੰਬਰ 2022 ਨੂੰ ਬੁਲਡੋਜ਼ਰਾਂ ਨੇ ਸ਼ਾਂਤੀ ਨਾਲ ਜੀਵਨ ਬਤੀਤ ਕਰ ਰਹੇ ਲੋਕਾਂ ਦੇ ਘਰ ਵਿਚ ਚੀਕ ਚਿਹਾੜਾ ਪਵਾ ਦਿੱਤਾ ਤੇ ਬੁਲਡੋਜ਼ਰ ਸਭ ਕੁਝ ਤਬਾਹ ਕਰ ਕੇ ਹੀ ਰੁਕੇ। ਜਾਣਕਾਰੀ ਮੁਤਾਬਕ ਜਦੋਂ ਅਕਾਲੀ ਭਾਜਪਾ ਗਠਜੋੜ ਸਰਕਾਰ ਸੀ ਓਦੋਂ ਸਥਾਨਕ ਸਰਕਾਰਾਂ ਵਿਭਾਗ ਨੇ 6 ਅਪ੍ਰੈਲ 2010 ਨੂੰ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਜਿਸ ਦੇ ਜ਼ਰੀਏ ਵਿਧਾਨ ਸਭਾ ਵਿਚ ਮਾਨਤਾ ਪ੍ਰਾਪਤ ਪਾਰਟੀਆਂ ਜਿਲ੍ਹਾ ਪੱਧਰ ਤੇ ਆਪਣਾ ਪਾਰਟੀ ਦਫ਼ਤਰ ਬਣਾਉਣ ਲਈ ਸਰਕਾਰੀ ਜ਼ਮੀਨ ਲੈਣ ਦੀਆਂ ਹੱਕਦਾਰ ਬਣ ਗਈਆਂ ਸਨ। ਕੁਝ ਐਵੇਂ ਦਾ ਹੀ ਨਗਰ ਸੁਧਾਰ ਟਰੱਸਟ ਵੱਲੋਂ ਲਤੀਫ਼ਪੁਰਾ ਇਲਾਕੇ ਵਿਚ ਅਮਲ ਕੀਤਾ ਗਿਆ ਕਿ ਰਾਤੋ-ਰਾਤ ਸਿਆਸੀ ਪਾਰਟੀਆਂ ਲਈ ਜ਼ਿਲਾ ਪੱਧਰ ਤੇ ਸਰਕਾਰੀ ਦਫ਼ਤਰ ਬਣਾਉਣ ਲਈ ਪਲਾਟ ਕੱਟ ਦਿੱਤੇ ਗਏ। ਜਲੰਧਰ ਇੰਪਰੂਵਮੈਂਟ ਟਰੱਸਟ ਵੱਲੋਂ ਆਪਣਾ ਪੱਖ ਰੱਖਦਿਆਂ ਕਿਹਾ ਗਿਆ ਕਿ ਲਤੀਫ਼ਪੁਰਾ ਵਿੱਚ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ (ਬਾਕੀ ਸਫ਼ਾ 31 'ਤੇ)

ਮਸਤੂਆਣਾ ਸਾਹਿਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹਾਲ਼ੇ ਤਾਂ ਥਾਲੀਆਂ ਵਾਲਾ ਮਸਲਾ ਸਾਹਮਣੇ ਲਿਆਂਦਾ ਹੈ ਅੱਗੇ ਅੱਗੇ ਦੇਖਦੇ ਜਾਇਓ , ਇਹ ਬਿਆਨ ਇੱਕ ਉਮੀਦ ਤੇ ਆਸ ਜਗਾਉਂਦਾ ਹੈ। ਬਿਲਕੁਲ ਗੰਢਾਂ ਖੁੱਲ੍ਹਣੀਆਂ ਚਾਹੀਦੀਆਂ ਨੇ ਵੱਡੇ-ਵੱਡੇ ਮਹਿਲਾਂ ਦੀਆਂ, ਵੱਡੇ ਵੱਡੇ ਘਪਲਿਆਂ ਦੀਆਂ ਤੇ ਵੱਡੇ-ਵੱਡੇ ਮਾਫੀਆ ਦੀਆਂ। ਭਗਵੰਤ ਮਾਨ ਸਰਕਾਰ ਨੇ ਆਪਣੇ ਚੁਣਾਵੀ ਵਾਅਦਿਆਂ ਵਿੱਚ ਹੁੱਬ ਕੇ ਆਖਿਆ ਸੀ ਕਿ ਅਸੀਂ ਮਾਫੀਆ ਖਤਮ ਕਰਾਂਗੇ। ਅਸਲ ਦੇ ਵਿਚ ਪੰਜਾਬ ਕਾਫੀ ਲੰਬੇ ਸਮੇਂ ਤੋਂ ਮਾਫੀਆ ਦੀ ਲਪੇਟ ਵਿੱਚ ਹੈ।ਮਾਫੀਆ ਕੋਈ ਇੱਕ ਨਹੀਂ , ਇਹ ਕਈ ਵੰਨਗੀਆਂ ਦਾ ਹੈ ਜਿਵੇਂ ਕੇਬਲ ਮਾਫੀਆ, ਰੇਤ ਮਾਫੀਆ, ਟਰਾਂਸਪੋਰਟ ਮਾਫੀਆ, ਸ਼ਰਾਬ ਮਾਫੀਆ, ਗੈਂਗ ਮਾਫੀਆ ਤੇ ਲੈਂਡ ਮਾਫੀਆ ਆਦਿ। ਗੱਲ ਹੋਈ ਸੀ ਮਾਫੀਆ ਖਤਮ ਕਰਨ ਦੀ ਪਰ ਗੱਲ ਥਾਲ਼ੀ ਘੋਟਾਲੇ ਜਾਂ ਮਹਿੰਗੇ ਬੂਟਾਂ ਤੇ ਆਕੇ ਸਿਮਟ ਜਾਵੇ ਤਾਂ ਸਾਬਿਰ ਅਲੀ ਸਾਹਬ ਦਾ ਕਹਾਣਾ "ਸੱਜਣਾ ਇਹ ਕੋਈ ਗੱਲ ਤੇ ਨਹੀਂ ਨਾ"। ਹੁਣ ਪਤਾ ਨਹੀਂ ਮਾਫੀਆ ਕਿੱਧਰ ਚਲਾ ਗਿਆ। ਇਹ ਗੱਲ ਨਹੀਂ ਹੈ ਕਿ ਮਾਫੀਆ ਦੀਆਂ ਪਰਤਾਂ ਨਹੀਂ ਫਰੋਲੀਆਂ ਜਾਂਦੀਆਂ ਬਸ ਗੱਲ ਖ਼ਬਰਾਂ ਤਕ ਸਿਮਟ ਕੇ ਰਹਿ ਜਾਂਦੀ ਹੈ। ਮੁੱਖ ਮੰਤਰੀ ਦੀ ਕੁਰਸੀ ਤੇ ਬੈਠਣ ਤੋਂ ਪਹਿਲਾਂ ਭਗਵੰਤ ਮਾਨ ਹਰ ਧਰਨੇ ਚ ਸ਼ਾਮਲ ਹੁੰਦੇ ਸੀ ਪਰ ਹੁਣ ਮੁੱਖ ਮੰਤਰੀ ਬਣਨ ਤੋਂ ਬਾਅਦ ਓਹੀ ਧਰਨੇ ਓਹਨਾਂ ਲਈ ਬੇਗਾਨੇ ਹੋ ਗਏ ਨੇ। ਜ਼ੀਰੇ ਫੈਕਟਰੀ ਤੇ ਲਗਾਤਾਰ ਬੋਲਣ ਵਾਲੇ ਭਗਵੰਤ ਮਾਨ ਹੁਣ ਚੁੱਪ ਕਿਉਂ ਨੇ ? ਸਿਆਣੇ ਕਹਿੰਦੇ ਨੇ ਘਰ ਦੇ ਭਾਗ ਡਿਓੜੀ ਤੋਂ ਪਤਾ ਲਗ ਜਾਂਦੇ ਨੇ ਤੇ ਪੰਜਾਬ ਵਿੱਚ ਜਦੋਂ ਕੋਈ ਵੜ੍ਹਦੈ ਤਾਂ ਸ਼ੰਭੂ ਬਾਰਡਰ ਤੋਂ ਹੀ ਪਤਾ ਲੱਗ ਜਾਂਦੈ ਕਿ ਪੰਜਾਬ ਧਰਨਿਆਂ ਦੀ ਲਪੇਟ ਦੇ ਵਿੱਚ ਹੈ।

### ਮਸਲਾ ਟਰੱਕ ਯੂਨੀਅਨ

ਪੰਜਾਬ ਤੇ ਹਰਿਆਣਾ ਦੀ ਸਰਹੱਦ ਉੱਤੇ ਸ਼ੰਭੂ ਬੈਰੀਅਰ ਤੇ ਟਰੱਕ ਯੂਨੀਅਨ ਵਾਲਿਆਂ ਦਾ ਧਰਨਾ ਲਗਾਤਾਰ 30 ਦਸੰਬਰ ਤੋਂ ਜਾਰੀ ਸੀ। ਪੰਜਾਬ ਦੀਆਂ 134 ਟਰੱਕ ਯੂਨੀਅਨ ਓਪਰੇਟਰਾਂ ਦੀ ਮੰਗ ਸੀ ਕਿ ਟਰੱਕ ਯੂਨੀਅਨਾਂ ਮੁੜ ਬਹਾਲ ਕੀਤੀਆਂ ਜਾਣ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਟਰੱਕ ਯੂਨੀਅਨਾਂ ਭੰਗ ਕਰ ਦਿੱਤੀਆਂ ਸੀ ਓਦੋਂ ਵੀ ਦਸੰਬਰ 2021 ਦੇ ਵਿਚ ਕਾਂਗਰਸ ਸਰਕਾਰ ਦੇ ਇਸ ਫ਼ੈਸਲੇ ਖ਼ਿਲਾਫ਼ ਮੋਹਾਲੀ ਵਿੱਚ ਧਰਨਾ ਲਗਾਇਆ ਗਿਆ ਸੀ। ਫਿਰ ਚੋਣਾਂ ਤੋਂ ਇਕ ਦਿਨ ਪਹਿਲਾਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਟਰੱਕ ਯੂਨੀਅਨਾਂ ਬਹਾਲ ਕਰਨ ਦਾ ਐਲਾਨ ਕਰ ਦਿੱਤਾ ਸੀ। ਸਰਕਾਰਾਂ ਆਉਂਦੀਆਂ ਜਾਂਦੀਆਂ ਰਹੀਆਂ ਪਰ ਟਰੱਕ ਓਪਰੇਟਰਾਂ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਹੋਇਆ। ਇਸ ਮਸਲੇ ਨੂੰ ਲੈ ਕੇ ਸਾਡੇ ਸਾਹਮਣੇ ਇਕ ਸਵਾਲ ਉਦਯੋਗਪਤੀਆਂ ਦਾ ਹੈ ਤੇ ਦੂਜਾ ਟਰੱਕ ਯੂਨੀਅਨਾਂ ਦਾ , ਹੱਲ ਦੋਨਾਂ ਧਿਰਾਂ ਦਾ ਹੀ ਹੋਣਾ ਚਾਹੀਦਾ ਹੈ। ਉਦਯੋਗਪਤੀਆਂ ਦਾ ਪੱਖ ਇਹ ਹੈ ਕਿ ਜਦੋਂ ਯੂਨੀਅਨ ਬਣ ਜਾਂਦੀ ਹੈ ਤਾਂ ਉਹਨਾਂ ਦੇ ਅੱਗੇ ਸਮੱਸਿਆਵਾਂ ਖੜੀਆਂ ਕੀਤੀਆਂ ਜਾਂਦੀਆਂ ਨੇ। ਖੁੱਲੇ ਬਾਜ਼ਾਰ ਵਿੱਚੋਂ ਸਾਡੇ ਤੱਕ ਰਸਤਾ ਕੋਈ ਅਸਾਨ ਨਹੀਂ ਪਰ ਟਰੱਕ ਓਪਰੇਟਰਾਂ ਦਾ ਪੱਖ ਸੀ ਕਿ ਹੁਣ ਤਕ 70,000 ਟਰੱਕ ਵਿਕ ਚੁੱਕੇ ਨੇ , ਕਈ ਲੋਕਾਂ ਦੇ ਰੁਜ਼ਗਾਰ ਚਲੇ ਗਏ ਨੇ ਤੇ ਜਾ ਵੀ ਰਹੇ ਨੇ ਤੇ ਹੁਣ ਸਾਡਾ ਸ਼ੋਸ਼ਣ ਹੋ ਰਿਹੈ। ਇਹਨਾਂ ਦੀ ਮੰਗ ਇਹ ਸੀ ਕਿ ਟੈਂਡਰ ਸਿੱਧੇ ਯੂਨੀਅਨਾਂ ਨੂੰ ਦਿੱਤੇ ਜਾਣ ਤੇ ਠੇਕੇਦਾਰੀ ਸਿਸਟਮ ਬੰਦ ਹੋਵੇ। ਜ਼ਿਕਰਯੋਗ ਹੈ ਕਿ ਕਈ ਟਰੱਕ ਯੂਨੀਅਨ ਸੀਜ਼ਨਲ ਕੰਮ ਕਰਦੇ ਹਨ , ਟਰੱਕ ਯੂਨੀਅਨ ਭੰਗ ਹੋਣ ਨਾਲ ਛੋਟੇ ਲੈਵਲ ਤੇ ਕੰਮ ਕਰਨ ਵਾਲਿਆਂ ਦਾ ਰੁਜ਼ਗਾਰ ਖਤਮ ਹੋ ਜਾਵੇਗਾ। ਮਾਹਿਰਾਂ ਦੀ ਰਾਇ ਮੁਤਾਬਕ ਟਰੱਕ ਯੂਨੀਅਨ ਭੰਗ ਕਰਨਾ ਕੋਈ ਹੱਲ ਨਹੀਂ ਸਗੋਂ ਇਸ ਮਸਲੇ ਨੂੰ ਕਨੂੰਨੀ ਦਾਇਰੇ ਵਿਚ ਲੈਣਾ ਚਾਹੀਦਾ ਹੈ। ਮਸਲੇ ਹਮੇਸ਼ਾ ਹੀ ਰਹਿੰਦੇ ਨੇ ਇਹ ਕਦੇ ਖਤਮ ਨਹੀਂ ਹੁੰਦੇ ਪਰ ਸਰਕਾਰ ਨੂੰ ਇਨ੍ਹਾਂ ਮਸਲਿਆਂ ਨੂੰ ਸੰਜੀਦਗੀ ਨਾਲ ਨਿਬੇੜਨਾ ਚਾਹੀਦਾ ਹੈ।



### ਟਰੱਕ ਅਪਰੇਟਰ ਯੂਨੀਅਨ ਦੀਆਂ ਮੰਗਾਂ ਸਰਕਾਰ ਨੇ ਮੰਨੀਆਂ

ਟਰੱਕ ਅਪਰੇਟਰ ਯੂਨੀਅਨਾਂ ਦੇ ਮੈਂਬਰਾਂ ਦੀ ਪੰਜਾਬੀ ਭਵਨ ਵਿੱਚ ਚਾਰ ਕੈਬਨਿਟ ਮੰਤਰੀਆਂ ਨਾਲ ਇੱਕ ਮੀਟਿੰਗ ਹੋਈ।ਸਰਕਾਰ ਨੇ ਇੱਕ ਮਹੀਨੇ ਅੰਦਰ ਟਰਾਂਸਪੋਰਟ ਨੀਤੀ ਲੈ ਕੇ ਆਉਣ ਦਾ ਕੀਤਾ ਵਾਅਦਾ। ਸਹਿਮਤੀ ਬਣਨ ਤੋਂ ਬਾਅਦ ਟਰੱਕ ਅਪਰੇਟਰਾਂ ਨੇ ਹੜਤਾਲ ਖਤਮ ਕਰਨ ਦਾ ਐਲਾਨ ਕੀਤਾ। ਉਮੀਦ ਕਰਦੇ ਹਾਂ ਕਿ ਸਰਕਾਰ ਟਰੱਕ ਅਪਰੇਟਰਾਂ ਨਾਲ ਕੀਤੇ ਆਪਣੇ ਵਾਅਦੇ ਤੇ ਖਰੀ ਉੱਤਰੇਗੀ।

## ਸ਼ਰਾਬ ਫੈਕਟਰੀ ਦੇ ਵਿਰੋਧ 'ਚ ਲੱਗਾ ਜ਼ੀਰਾ ਧਰਨਾ





ਪੰਜਾਬ ਵਿੱਚ ਭਗਵੰਤ ਮਾਨ ਦੀ ਸਰਕਾਰ ਨੂੰ ਸੱਤਾ ਵਿੱਚ ਆਏ ਅਜੇ ਇੱਕ ਸਾਲ ਤੋਂ ਵੀ ਘੱਟ ਸਮਾਂ ਬੀਤਿਆ ਹੈ ਕਿ ਆਮ ਆਦਮੀ ਪਾਰਟੀ (ਆਪ) ਦਾ ਪੰਜਾਬ ਦੇ ਕਿਸਾਨਾਂ ਨਾਲ ਸੁਨਹਿਰਾ ਦੌਰ ਖਤਮ ਹੁੰਦਾ ਨਜ਼ਰ ਆ ਰਿਹਾ ਹੈ।ਪੰਜਾਬ ਦੇ ਕਿਸਾਨ ਪਿਛਲੇ ਕੁਝ ਮਹੀਨਿਆਂ ਤੋਂ ਵੱਖ-ਵੱਖ ਕਾਰਨਾਂ ਕਰਕੇ ਮਾਨ ਸਰਕਾਰ ਦੇ ਖ਼ਿਲਾਫ਼ ਖੜ੍ਹੇ ਹਨ।

ਪ੍ਰਦਰਸ਼ਨਕਾਰੀਆਂ ਦਾ ਦਾਅਵਾ ਹੈ ਕਿ ਸਰਕਾਰ ਵੱਲੋਂ ਉਨਾਂ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਦੇ ਤਰੀਕੇ ਤੋਂ ਉਹ ਪੂਰੀ ਤਰਾਂ ਨਿਰਾਸ਼ ਹਨ।

ਉਮੀਦ ਸੀ ਕਿ ਸਰਕਾਰ ਜਾਇਜ਼ ਮੰਗਾਂ ਮੰਨੇਗੀ ਪਰ ਇੰਝ ਹੋਇਆ ਨਹੀਂ। ਜ਼ੀਰੇ ਦਾ ਧਰਨਾ ਸ਼ਰਾਬ ਫੈਕਟਰੀ ਦੇ ਵਿਰੋਧ ਵਿੱਚ 6 ਮਹੀਨੇ ਪੂਰੇ ਕਰਨ ਵਾਲਾ ਹੈ।ਇਹ ਨਹੀਂ ਹੈ ਕਿ ਉਸ ਧਰਨੇ ਦੇ ਵਿਚ ਕਿਸੇ ਮੰਤਰੀ ਨੇ ਸ਼ਿਰਕਤ ਨਹੀਂ ਕੀਤੀ। ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਜ਼ੀਰੇ ਧਰਨੇ ਵਿਚ ਸ਼ਾਮਲ ਤਾਂ ਹੋਏ ਪਰ ਲਗਾਤਾਰਤਾ ਦੇਖਣ ਨੂੰ ਨਹੀਂ ਮਿਲੀ। ਇਹ ਧਰਨਾ ਬਿਲਕੁਲ ਸ਼ਾਂਤੀ ਦੇ ਨਾਲ ਚਲ ਰਿਹਾ ਸੀ ਪਰ ਇਸ ਨੇ 17 ਦਸੰਬਰ ਤੋਂ ਬਾਅਦ ਤੇਜ਼ੀ ਫੜੀ ਜਦੋਂ ਪੁਲਿਸ ਪ੍ਰਸ਼ਾਸਨ ਨੇ ਧਰਨੇ ਨੂੰ ਚੁਕਵਾਉਣ ਦੀ ਕੋਸ਼ਿਸ਼ ਕੀਤੀ। ਗੁਰਮੇਲ ਸਿੰਘ ਪਿੰਡ ਮਨਸੂਰਵਾਲ ਦੇ ਸਰਪੰਚ ਨੇ ਤੇ ਉਹ ਇਸ ਧਰਨੇ ਦੀ ਅਗਵਾਈ ਕਰ ਰਹੇ ਨੇ। ਇਹ 45 ਪਿੰਡਾਂ ਦਾ ਧਰਨਾ ਸੀ ਪਰ ਹੁਣ ਜੋਗਿੰਦਰ ਸਿੰਘ ਉਗਰਾਹਾਂ ਦੀ ਜਥੇਬੰਦੀ , ਦਰਸ਼ਨਪਾਲ ਸਿੰਘ ਦੀ ਇਸ ਧਰਨੇ ਦੇ ਹੱਕ ਦੇ ਵਿਚ ਸਟੇਟਮੈਂਟ, ਬਲਵੀਰ ਸਿੰਘ ਰਾਜੇਵਾਲ ਤੇ ਰਾਕੇਸ਼ ਟਕੈਤ ਦਾ ਧਰਨੇ ਵਿਚ ਜਾਣਾ ਇਹ ਦਰਸਾਉਂਦੈ ਕਿ ਸਥਿਤੀਆਂ ਸਰਕਾਰ ਦੇ ਬਹੁਤੀਆਂ ਅਨੁਕੂਲ ਨਹੀਂ।

ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਵੀ ਪੰਜਾਬ ਸਰਕਾਰ ਨੂੰ ਫੈਕਟਰੀ ਬੰਦ ਕਰਨ ਦੀ ਅਪੀਲ ਕੀਤੀ ਤੇ ਉਨ੍ਹਾਂ ਕਿਹਾ ਕਿ ਉਹ ਅਗਲੇ ਲੋਕ ਸਭਾ ਸੈਸ਼ਨ ਵਿਚ ਇਸ ਫੈਕਟਰੀ ਦਾ ਮੁੱਦਾ ਚੁੱਕਣ ਦੀ ਕੋਸ਼ਿਸ਼ ਕਰਨਗੇ।

# ਇਤਿਹਾਸਕ ਕਿਲ੍ਹਾ ਗੋਬਿੰਦਗੜ੍ਹ 'ਚ ਮਾਸ ਤੇ ਸ਼ਰਾਬ ਵਰਤਾਉਣ ਤੋਂ ਪੰਥਕ ਜਥੇਬੰਦੀਆਂ ਨੇ ਲਗਾਈ ਰੋਕ

## ਸਿੱਖ ਆਗੂਆਂ ਦੀ ਸਰਕਾਰ ਤੋਂ ਮੰਗ ਕਿ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਉਸਾਰੇ ਕਿਲ੍ਹੇ 'ਚ ਸ਼ਰਾਬ ਵਰਤਾਉਣ 'ਤੇ ਰੋਕ ਲੱਗੇ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸਥਾਨਕ ਲੋਹਗੜ੍ਹ ਗੇਟ ਨਜ਼ਦੀਕ ਕਿਲ੍ਹਾ ਗੋਬਿੰਦਗੜ੍ਹ ਦੇ ਮੌਜੂਦਾ ਪ੍ਰਬੰਧਕਾਂ ਵੱਲੋਂ ਕਿਲ੍ਹੇ ਵਿਚ ਪਾਰਟੀਆਂ ਤੇ ਹੋਰ ਸਮਾਗਮਾਂ ਵਿਚ ਮਾਸ ਤੇ ਸ਼ਰਾਬ ਵਰਤਾਏ ਜਾਣ ਦੀ ਦਿੱਤੀ ਖੁੱਲ੍ਹ 'ਤੇ ਸਿੱਖ ਜਥੇਬੰਦੀਆਂ ਨੇ ਸਖ਼ਤ ਇਤਰਾਜ਼ ਜਤਾਇਆ ਹੈ ।ਦੱਸਿਆ ਜਾ ਰਿਹਾ ਹੈ ਕਿ ਉਕਤ ਕਿਲ੍ਹੇ ਵਿਚ ਪ੍ਰਬੰਧਕਾਂ ਵੱਲੋਂ ਨਿੱਜੀ ਪਾਰਟੀਆਂ ਲਈ ਦਿੱਤੀ ਮਨਜ਼ੂਰੀ ਦੇ ਚੱਲਦਿਆਂ ਰਾਤ ਉੱਥੇ ਚੱਲ ਰਹੀ ਇਕ ਪਾਰਟੀ ਵਿਚ ਸ਼ਰ੍ਹੇਆਮ ਸ਼ਰਾਬ ਤੇ ਮਾਸ ਵਰਤਾਏ ਜਾਣ ਦੀ ਜਾਣਕਾਰੀ ਮਿਲਣ 'ਤੇ ਸਤਿਕਾਰ ਕਮੇਟੀ ਦੇ ਬਲਬੀਰ ਸਿੰਘ ਮੁੱਛਲ, ਹਵਾਰਾ ਕਮੇਟੀ ਦੇ ਪ੍ਰੋ. ਬਲਜਿੰਦਰ ਸਿੰਘ, ਭੁਪਿੰਦਰ ਸਿੰਘ, ਬੀਬੀ ਮਨਜਿੰਦਰ ਕੌਰ, ਗੁਰਸ਼ਰਨ ਸਿੰਘ,



ਸੰਦੀਪ ਸਿੰਘ, ਕ੍ਰਾਂਤੀ ਸਿੰਘ, ਵੀਰ ਸਿੰਘ, ਮਨਜਿੰਦਰ ਸਿੰਘ ਆਦਿ ਮੌਕੇ 'ਤੇ ਪਹੁੰਚ ਗਏ। ਬਲਬੀਰ ਸਿੰਘ ਮੁੱਛਲ ਨੇ ਕਿਹਾ ਕਿ ਕਿਲ੍ਹੇ ਦੇ ਪ੍ਰਬੰਧਕਾਂ ਨੇ ਸਿੱਖ ਜਥੇਬੰਦੀਆਂ ਦੀ ਦਖ਼ਲਅੰਦਾਜ਼ੀ ਦੇ ਬਾਅਦ ਤੁਰੰਤ ਸ਼ਰਾਬ ਦੀਆਂ ਬੋਤਲਾਂ ਕਿਲ੍ਹੇ ਵਿਚੋਂ ਬਾਹਰ ਭੇਜ ਦਿੱਤੀਆਂ ਤੇ ਪਾਰਟੀ ਵਿਚ ਨਾਚ ਲਈ ਬੁਲਾਈਆਂ ਲੜਕੀਆਂ ਵੀ ਵਾਪਸ ਭੇਜ ਦਿੱਤੀਆਂ। ਕਿਲ੍ਹੇ ਦੀ ਪ੍ਰਬੰਧਕੀ ਕਮੇਟੀ ਦੇ ਨਿਸ਼ਚੇ ਬਹਿਲ ਨੇ ਦੱਸਿਆ ਕਿ ਅਗਾਂਹ ਤੋਂ ਕਿਲ੍ਹੇ ਵਿਚ ਹੋਣ ਵਾਲੀ ਕਿਸੇ ਵੀ ਨਿੱਜੀ ਪਾਰਟੀ 'ਚ ਸ਼ਰਾਬ, ਮਾਸ ਜਾਂ ਲੜਕੀਆਂ ਦਾ ਨ੍ਰਿਤ ਕਰਾਉਣ ਦੀ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ। ਉਕਤ ਸਿੱਖ ਆਗੂਆਂ ਨੇ ਵੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਉਸਾਰੇ ਕਿਲ੍ਹੇ ਵਿਚ ਸ਼ਰਾਬ ਵਰਤਾਉਣ 'ਤੇ ਸਖ਼ਤੀ ਨਾਲ ਰੋਕ ਲਗਾਈ ਜਾਵੇ।

# ਤੰਬਾਕੂ ਬੰਦ ਕਰਨ ਲਈ ਪਿੰਡ ਹਰੀਗੜ੍ਹ ਦੀ ਪੰਚਾਇਤ ਨੇ ਪਾਇਆ ਮਤਾ





ਕੌਹਰੀਆਂ/ਏ.ਟੀ.ਨਿਊਜ਼ :- ਹਲਕਾ ਦਿੜਬਾ ਦੇ ਪਿੰਡ ਹਰੀਗੜ੍ਹ ਦੀ ਗਰਾਮ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਸ਼ਮੇਸ਼ ਯੂਥ ਵੈਲਫੇਅਰ ਕਲੱਬ, ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਕਿਸਾਨ ਯੂਨੀਅਨ ਸਿੱਧੂਪੁਰ, ਡੇਰਾ ਸੱਚਾ ਸੌਦਾ ਸਿਰਸਾ ਦੀ ਸੰਗਤ ਅਤੇ ਪਿੰਡ ਵਾਸੀਆਂ ਦਾ ਇਕੱਠ ਪਿੰਡ ਦੀ ਸੱਥ ਵਿੱਚ ਹੋਇਆ ਜਿਸ ਵਿੱਚ ਸਰਬਸੰਮਤੀ ਨਾਲ ਤੰਬਾਕੂ, ਬੀੜੀ, ਸਿਗਰਟ, ਜਰਦਾ ਆਦਿ ਕਿਸੇ ਵੀ ਤਰ੍ਹਾਂ ਦਾ ਨਸ਼ਾ 1 ਜਨਵਰੀ 2023 ਤੋਂ ਬੰਦ ਕੀਤਾ ਗਿਆ ਹੈ। ਪਿੰਡ ਵਿਚ ਕਿਸੇ ਵੀ ਤਰ੍ਹਾਂ ਦਾ ਨਸ਼ਾ ਵੇਚਣ ਵਾਲੇ ਨੂੰ 10000 ਰੁਪਏ ਜੁਰਮਾਨਾ ਕੀਤਾ ਜਾਵੇਗਾ। ਪਿੰਡ ਦੀ ਸੱਥ, ਬਸ ਅੱਡਾ, ਸਕੂਲ ਆਦਿ ਸਾਂਝੀਆਂ ਥਾਂਵਾਂ 'ਤੇ ਤੰਬਾਕੂ ਬੀੜੀ ਸਿਗਰਟ ਪੀਣ ਵਾਲੇ ਉਪਰ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਨਸ਼ਾ ਵੇਚਣ ਸਬੰਧੀ ਜਾਣਕਾਰੀ ਦੇਣ ਵਾਲੇ ਵਿਅਕਤੀ ਦਾ ਨਾਮ ਗੁਪਤ ਰੱਖਿਆ ਜਾਵੇਗਾ ਅਤੇ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ।

*ਮਾਮਲਾ1984 ਸਿੱਖ ਕਤਲੇਆਮ ਦਾ*

# ਖੋਖਰ ਦੀ ਜ਼ਮਾਨਤ ਅਰਜ਼ੀ 'ਤੇ ਸੀਬੀਆਈ ਤੋਂ ਸੁਪਰੀਮ ਕੋਰਟ ਨੇ ਜਵਾਬ ਮੰਗਿਆ

ਨਵੀਂ ਦਿੱਲੀ/ਏ.ਟੀ.ਨਿਊਜ਼ :- 1984 ਸਿੱਖ ਕਤਲੇਆਮ ਨਾਲ ਸਬੰਧਤ ਇਕ ਕੇਸ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਸਾਬਕਾ ਕਾਂਗਰਸੀ ਕੌਂਸਲਰ ਬਲਵਾਨ ਖੋਖਰ ਦੀ ਜ਼ਮਾਨਤ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਸੀਬੀਆਈ ਤੋਂ ਜਵਾਬ ਮੰਗਿਆ ਹੈ। ਖੋਖਰ ਨੇ ਕਰੀਬ 9 ਸਾਲ ਜੇਲ੍ਹ ਕੱਟਣ ਸਮੇਤ ਵੱਖ-ਵੱਖ ਆਧਾਰਾਂ 'ਤੇ ਜ਼ਮਾਨਤ ਦੀ ਮੰਗ ਕੀਤੀ ਹੈ। ਜਸਟਿਸ ਐਸ.ਕੇ. ਕੌਲ ਤੇ ਜਸਟਿਸ ਅਭੈ.ਐਸ.ਓਕਾ ਦੀ ਬੈਂਚ ਨੇ ਇਸ ਦਲੀਲ 'ਤੇ ਗੌਰ ਕੀਤਾ ਕਿ ਖੋਖਰ 50 ਫੀਸਦੀ ਅਪਾਹਜ ਹੋਣ ਤੋਂ ਇਲਾਵਾ ਇਸ ਕੇਸ ਵਿਚ ਪਹਿਲਾਂ ਹੀ 8 ਸਾਲ 10 ਮਹੀਨੇ ਦੀ ਜੇਲ੍ਹ ਕੱਟ



ਚੁੱਕਾ ਹੈ ।ਬੈਂਚ ਨੇ ਇਸ ਮਾਮਲੇ ਨੂੰ 4 ਹਫ਼ਤਿਆਂ ਬਾਅਦ ਲਈ ਸੂਚੀਬੱਧ ਕਰਨ ਲਈ ਆਖਦਿਆਂ ਸੀਬੀਆਈ ਨੂੰ ਆਪਣਾ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ ।ਦੱਸਣਯੋਗ ਹੈ ਕਿ ਕਾਂਗਰਸੀ ਨੇਤਾ ਸੱਜਣ ਕੁਮਾਰ ਤੇ ਬਲਵਾਨ ਖੋਖਰ 17 ਦਸੰਬਰ, 2018 ਨੂੰ ਦਿੱਲੀ ਹਾਈਕੋਰਟ ਵਲੋਂ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਤਿਹਾੜ ਜੇਲ੍ਹ ਵਿਚ ਬੰਦ ਹਨ ਤੇ ਇਸ ਮਾਮਲੇ ਵਿਚ ਮਈ 2020 ਨੂੰ ਸੁਪਰੀਮ ਕੋਰਟ ਨੇ ਸੱਜਣ ਕੁਮਾਰ ਨੂੰ ਸਿਹਤ ਦੇ ਆਧਾਰ 'ਤੇ ਅੰਤਰਿਮ ਜ਼ਮਾਨਤ ਜਾਂ ਪੈਰੋਲ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

*ਮਾਮਲਾ ਵਿਆਹਾਂ ਦੁਆਰਾ ਧਰਮ ਪਰਿਵਰਤਨ ਦਾ*

# ਸੁਪਰੀਮ ਕੋਰਟ ਨੇ ਪੰਜਾਬ, ਗੁਜਰਾਤ ਸਮੇਤ ਕਈ ਸੂਬਿਆਂ ਤੋਂ ਹਾਈਕੋਰਟਾਂ ਵਿਚ ਪੈਂਡਿੰਗ ਮਾਮਲਿਆਂ ਦੀ ਸਥਿਤੀ ਰਿਪੋਰਟ ਮੰਗੀ

ਨਵੀਂ ਦਿੱਲੀ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਨੇ ਅੰਤਰ-ਧਰਮ ਵਿਆਹਾਂ ਦੁਆਰਾ ਵਿਵਾਦਪੂਰਨ ਧਰਮ ਪਰਿਵਰਤਨ ਨੂੰ ਨਿਯਮਿਤ ਕਰਨ ਵਾਲੇ ਸੂਬਿਆਂ ਦੇ ਕਾਨੂੰਨਾਂ ਨੂੰ ਚੁਣੌਤੀ ਦੇਣ ਵਾਲੇ ਵੱਖ-ਵੱਖ ਹਾਈਕੋਰਟਾਂ ਵਿਚ ਲੰਬਿਤ ਪਏ ਮਾਮਲਿਆਂ ਦੀ ਸਥਿਤੀ ਰਿਪੋਰਟ ਮੰਗੀ ਹੈ, ਜੇਕਰ ਇਹ ਸਭ ਮਾਮਲੇ ਇਕੋ ਜਿਹੇ ਪਾਏ ਗਏ ਤਾਂ ਇਨ੍ਹਾਂ ਸਭ ਮਾਮਲਿਆਂ ਨੂੰ ਸੁਪਰੀਮ ਕੋਰਟ ਆਪਣੇ ਕੋਲ ਤਬਦੀਲ ਕਰਨ ਬਾਰੇ ਵਿਚਾਰ ਕਰ ਸਕਦੀ ਹੈ। ਸਰਬਉੱਚ ਅਦਾਲਤ ਨੇ ਆਪਣੇ ਰਜਿਸਟਰੀ ਨੂੰ ਹਾਈਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦੇਣ ਵਾਲੀ ਗੁਜਰਾਤ ਸਰਕਾਰ ਦੀ ਅਪੀਲ ਦੀ ਸਥਿਤੀ ਤੋਂ ਜਾਣੂ ਕਰਵਾਉਣ ਲਈ ਕਿਹਾ ਹੈ ਜਿਸ ਨੇ ਸੂਬੇ ਦੇ ਧਰਮ ਦੀ ਅਜ਼ਾਦੀ ਕਾਨੂੰਨ 2003 ਦੀ ਧਾਰਾ 5 'ਤੇ ਰੋਕ ਲਗਾ ਦਿੱਤੀ ਸੀ, ਜੋ ਵਿਆਹ ਰਾਹੀਂ ਧਰਮ ਪਰਿਵਰਤਨ ਲਈ ਜ਼ਿਲ੍ਹਾ ਮੈਜਿਸਟ੍ਰੇਟ ਦੀ ਅਗਾਊਂ ਇਜ਼ਾਜਤ ਨੂੰ ਲਾਜ਼ਮੀ ਕਰਦਾ ਸੀ । ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਤੇ ਜਸਟਿਸ ਪੀ.ਐਸ. ਨਰਸਿਮ੍ਹਾ ਨੇ ਐਨ.ਜੀ.ਓ. 'ਸਿਟੀਜ਼ਨ ਫਾਰ

## ਜਗਜੋਤ ਸਿੰਘ ਸੋਹੀ ਤਖ਼ਤ ਹਰਿਮੰਦਰ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ

ਪਟਨਾ/ਏ.ਟੀ.ਨਿਊਜ਼ :- ਤਖ਼ਤ ਸ੍ਰੀ ਹਰਿਮੰਦਰ ਜੀ ਪ੍ਰਬੰਧਕ ਕਮੇਟੀ ਪਟਨਾ ਸਾਹਿਬ ਦੇ ਮੈਂਬਰ ਜਗਜੋਤ ਸਿੰਘ ਸੋਹੀ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ। ਜਗਜੋਤ ਸਿੰਘ ਸੋਹੀ ਨੂੰ ਪ੍ਰਧਾਨ ਬਣਾਉਣ ਦਾ ਮਤਾ ਇੰਦਰਜੀਤ ਸਿੰਘ ਨੇ ਪੇਸ਼ ਕੀਤਾ। ਮਤੇ ਦਾ ਸਮਰਥਨ ਚਰਨਜੀਤ ਸਿੰਘ ਤੇ ਗੁਰਵਿੰਦਰ ਸਿੰਘ ਨੇ ਕੀਤਾ। ਸਾਬਕਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ ਦੇ ਦੇਹਾਂਤ ਤੋਂ ਬਾਅਦ ਪ੍ਰਧਾਨ ਦਾ ਅਹੁਦਾ ਖ਼ਾਲੀ ਹੋ ਗਿਆ ਸੀ। ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ 15 ਜਨਵਰੀ ਤੋਂ ਪਹਿਲਾਂ ਨਵੇਂ ਪ੍ਰਧਾਨ ਦੀ ਚੋਣ ਕਰਵਾਉਣ ਦੇ ਆਦੇਸ਼ ਦੀ ਪਾਲਣਾ ਕਰਦੇ ਹੋਏ ਬੀਤੇ ਦਿਨੀਂ ਤਖ਼ਤ ਸ੍ਰੀ ਹਰਿਮੰਦਰ ਜੀ ਪ੍ਰਬੰਧਕ ਕਮੇਟੀ ਪਟਨਾ ਸਾਹਿਬ ਕਮੇਟੀ ਮੈਂਬਰਾਂ ਦੀ ਬੈਠਕ ਬੁਲਾਈ ਗਈ ਸੀ।

*ਹਰਿਆਣਾ ਦੇ ਮੰਤਰੀ ਸੰਦੀਪ ਸਿੰਘ 'ਤੇ ਛੇੜਛਾੜ ਦੇ ਦੋਸ਼ ਦਾ ਮਾਮਲਿਅ*

# ਕੋਚ ਬੀਬੀ ਨੇ ਥਾਣੇ 'ਚ ਦਰਜ ਕਰਵਾਏ ਬਿਆਨ

## ਮੰਤਰੀ ਨੇ ਉਨ੍ਹਾਂ ਨੂੰ ਆਪਣੇ ਕੈਬਿਨ ਵਿਚ ਲਿਜਾ ਕੇ ਛੇੜਛਾੜ ਕਰਨ ਦੀ ਕੀਤੀ ਕੋਸ਼ਿਸ : ਕੋਚ

ਚੰਡੀਗੜ੍ਹ/ਏ.ਟੀ.ਨਿਊਜ਼ :- ਹਰਿਆਣਾ ਦੇ ਮੰਤਰੀ ਸੰਦੀਪ ਸਿੰਘ 'ਤੇ ਛੇੜਛਾੜ ਦੇ ਦੋਸ਼ ਲਾਉਣ ਵਾਲੀ ਕੋਚ ਸੈਕਟਰ-26 ਥਾਣੇ ਵਿਚ ਬਿਆਨ ਦਰਜ ਕਰਵਾਏ। ਪੀੜਤਾ ਨੇ ਕਿਹਾ ਕਿ ਉਸ ਨੂੰ ਡਰ ਹੈ ਕਿ ਸੰਦੀਪ ਸਿੰਘ ਮੰਤਰੀ ਦੇ ਅਹੁਦੇ ਦਾ ਗ਼ਲਤ ਫ਼ਾਇਦਾ ਉਠਾ ਸਕਦੇ ਹਨ ਪਰ ਉਹ ਇਨਸਾਫ਼ ਮਿਲਣ ਤੱਕ ਲੜਦੀ ਰਹੇਗੀ। ਉਹ ਐੱਫਆਈਆਰ 'ਚ ਦਿੱਤੀ ਆਪਣੀ ਪੁਰਾਣੀ ਸ਼ਿਕਾਇਤ 'ਤੇ ਅੜੀ ਰਹੀ। ਉਸ ਨੇ ਕਿਹਾ ਕਿ ਸੰਦੀਪ ਸਿੰਘ ਨੇ ਸਿਰਫ਼ ਖੇਡ ਵਿਭਾਗ ਛੱਡਿਆ ਹੈ ਪਰ ਮੰਤਰੀ ਦੇ ਅਹੁਦੇ 'ਤੇ ਬਣੇ ਹੋਏ ਹਨ। ਜਦੋਂ ਤੱਕ ਉਨ੍ਹਾਂ ਨੂੰ ਮੰਤਰੀ ਦੇ ਅਹੁਦੇ ਤੋਂ ਨਹੀਂ ਹਟਾਇਆ ਜਾਂਦਾ, ਮਾਮਲੇ 'ਚ ਨਿਰਪੱਖ ਜਾਂਚ ਪ੍ਰਭਾਵਿਤ ਹੋਣ ਦਾ ਡਰ ਹੈ। ਹਾਲਾਂਕਿ ਚੰਡੀਗੜ੍ਹ ਪੁਲਿਸ ਨੂੰ ਐੱਸਆਈਟੀ 'ਤੇ ਪੂਰਾ ਭਰੋਸਾ ਹੈ। ਸਰਕਾਰ ਤੋਂ ਉਸਨੇ ਮੰਗ ਕੀਤੀ ਕਿ ਉਸ ਦਾ ਤੁਰੰਤ ਅਸਤੀਫ਼ਾ ਲਿਆ



ਜਾਵੇ। ਮੰਤਰੀ ਸੰਦੀਪ ਸਿੰਘ ਨੇ ਛੇੜਛਾੜ ਦੇ ਦੋਸ਼ ਲੱਗਣ ਤੋਂ ਬਾਅਦ ਖੇਡ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਸੀ। ਸੰਦੀਪ ਸਿੰਘ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਉਣ ਵਾਲੀ ਮਹਿਲਾ ਕੋਚ ਦੀ ਸ਼ਿਕਾਇਤ ਤੋਂ ਬਾਅਦ ਐਫਆਈਆਰ ਦਰਜ ਕੀਤੀ ਗਈ ਸੀ। ਹਾਲੇ ਜਾਂਚ ਜਾਰੀ ਹੈ। ਸੰਦੀਪ ਸਿੰਘ ਇਸ ਨੂੰ ਸਿਆਸੀ ਸਾਜ਼ਿਸ਼ ਦੱਸ ਰਹੇ ਹਨ। ਸੰਦੀਪ ਸਿੰਘ ਨੇ ਕਿਹਾ ਹੈ ਕਿ ਮਹਿਲਾ ਮਨਪਸੰਦ ਥਾਂ ਉੱਤੇ ਪੋਸਟ ਲੈਣਾ ਚਾਹੁੰਦੀ ਸੀ ਅਤੇ ਜਦੋਂ ਪੋਸਟ ਉਸ ਮੁਤਾਬਕ ਨਹੀਂ ਮਿਲੀ ਤਾਂ ਇਹ ਇਲਜ਼ਾਮ ਲਗਾਏ ਗਏ।ਉਨ੍ਹਾਂ ਇਹ ਗੱਲ ਸਵੀਕਾਰ ਕੀਤੀ ਕਿ ਜਿਹੜੀ ਕੋਚ ਨੇ ਇਹ ਇਲਜ਼ਾਮ ਲਾਏ ਹਨ, ਉਹ ਉਸ ਨੂੰ ਜਾਣਦੇ ਹਨ ਅਤੇ ਕਈ ਵਾਰ ਦੂਜੇ ਖਿਡਾਰੀਆਂ ਵਾਂਗ ਸਟੇਡੀਅਮ ਵਿੱਚ ਉਸ ਨੂੰ ਮਿਲੇ ਹਨ। ਇਨੈਲੋ ਆਗੂ ਅਭੈ ਚੌਟਾਲਾ ਨੇ ਕਿਹਾ ਕਿ ਇਸ ਗੱਲ਼ ਨੂੰ ਲੈ ਕੇ ਬਹੁਤ ਸ਼ਰਮਿੰਦਗੀ ਹੈ। ਇਸ ਉੱਤੇ ਤੁਰੰਤ ਕਾਰਵਾਈ ਹੋਣੀ ਚਾਹੀਦੀ ਹੈ। ਜੇ ਕਾਰਵਾਈ ਨਹੀਂ ਕਰਨਗੇ ਤਾਂ ਉਹ ਹਰਿਆਣਾ ਦੇ ਖੇਡ ਨਾਲ ਜੁੜੇ ਸਾਰੇ ਲੋਕਾਂ ਨਾਲ ਗੱਲ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਕੁੜੀ ਦੇ ਮੀਡੀਆ ਵਿਚ ਆਉਣ ਤੋਂ ਬਾਅਦ ਮੰਤਰੀ ਦੀਆਂ ਪੀੜ੍ਹਤ ਹੋਰ ਕੁੜੀਆਂ ਵੀ ਅੱਗੇ ਆਉਣਗੀਆਂ।

**ਕੀ ਹੈ ਮਾਮਲਾ**

ਹਰਿਆਣਾ 'ਚ ਨਿਯੁਕਤ ਰਾਸ਼ਟਰੀ ਅਥਲੀਟ ਅਤੇ ਜੂਨੀਅਰ ਕੋਚ ਸੰਦੀਪ ਸਿੰਘ 'ਤੇ ਦੋਸ਼ ਲਗਾਉਂਦੇ ਹੋਏ ਕਿਹਾ ਸੀ ਕਿ ਸੰਦੀਪ ਸਿੰਘ ਉਸ ਨੂੰ ਪਿਛਲੇ 4-5 ਮਹੀਨਿਆਂ ਤੋਂ ਤੰਗ ਪ੍ਰੇਸ਼ਾਨ ਕਰ ਰਹੇ ਸਨ। ਉਨ੍ਹਾਂ ਕਿਹਾ ਸੰਦੀਪ ਸਿੰਘ ਉਨ੍ਹਾਂ ਨੂੰ ਪੰਚਕੂਲਾ ਦੇ ਇੱਕ ਸਟੇਡੀਅਮ ਦੇ ਜਿੰਮ ਵਿਚ ਮਿਲੇ ਸਨ, ਇਸ ਜਿੰਮ ਵਿਚ ਕੌਮੀ ਤੇ ਕੌਮਾਂਤਰੀ ਖਿਡਾਰੀ ਹੀ ਅਭਿਆਸ ਕਰਦੇ ਹਨ। ਉਸ ਤੋਂ ਬਾਅਦ ਸੰਦੀਪ ਸਿੰਘ ਨੇ ਉਸ ਨਾਲ ਸੋਸ਼ਲ ਮੀਡੀਆ ਪਲੇਟਫਾਰਮ (ਇੰਸਟਾ, ਸਨੈਪਚੈਟ) ਰਾਹੀਂ ਸੰਪਰਕ ਕੀਤਾ।ਇੱਕ ਦਿਨ ਉਸ ਨੂੰ ਚੰਡੀਗੜ੍ਹ 7 ਸੈਕਟਰ ਰਿਹਾਇਸ਼ ਉੱਤੇ ਕੰਮ ਦੇ ਬਹਾਨੇ ਬੁਲਾਇਆ ਗਿਆ ਅਤੇ ਮੰਤਰੀ ਨੇ ਉਨ੍ਹਾਂ ਨੂੰ ਆਪਣੇ ਕੈਬਿਨ ਵਿਚ ਲਿਜਾ ਕੇ ਛੇੜਛਾੜ ਕਰਨ ਦੀ ਕੋਸ਼ਿਸ ਕੀਤੀ।

(ਬਾਕੀ ਸਫ਼ਾ 29 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu
Proof Editor: Prabhjot Kaur Designer: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸੱਚ, ਮਿੱਥ ਤੇ ਇਤਿਹਾਸਕ ਸੰਦਰਭ ’ਚ ‘ਨਿਊ ਵਰਲਡ ਆਰਡਰ’

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ, ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸਰਬਜੀਤ ਕੌਰ ਸਰਬ

ਭਾਗ-1



ਸੱਚ ਦੀ ਇਸ ਧਰਤੀ ਉੱਤੇ ਸੱਚ ਹੀ ਨਜ਼ਰੀਂ ਪੈਂਦਾ ਹੈ, ਸਿਰਜਣਹਾਰ ਦੀ ਇਸ ਕਾਇਨਾਤ ਅੰਦਰ ਸਦਾ ਸੱਚ ਹੀ ਰਹਿੰਦਾ ਹੈ।

ਅਕਾਲ ਪੁਰਖ ਦੀ ਸੱਭ ਤੋਂ ਸੁੰਦਰ ਰਚਨਾ ਮਨੁੱਖ ਹੈ ਪਰ ਅੱਜ ਮਨੁੱਖ ਹੀ ਆਪਣੇ ਆਪ ਨੂੰ ਖ਼ੁਦਾ ਸਮਝ ਰਿਹਾ ਹੈ। ਉਸ ਦੀ ਇਸ ਸਮਝ ਨੇ ਮਨੁੱਖੀ ਜੀਵਨ ਨੂੰ ਸੰਕਟ ਦੇ ਰਾਹ ਉੱਤੇ ਤੋਰ ਦਿੱਤਾ ਹੈ, ਧਰਮਾਂ ਦੀ ਆੜ ’ਚ ਆਮ ਲੋਕਾਂ ਨੂੰ ਗੁਮਰਾਹ ਕਰ ਕੇ ਸੱਚ ਨਾਲੋਂ ਅਲੱਗ ਕੀਤਾ ਜਾ ਰਿਹਾ ਹੈ। ਸੰਸਾਰ ਅੰਦਰ ਬਹੁਤ ਕੁੱਝ ਅਜਿਹਾ ਚੱਲ ਰਿਹਾ ਹੈ ਜਿਸ ਨੂੰ ਸਮਝਣ ਲਈ ਇਕ ਨਿਰਪੱਖ ਗਿਆਨ ਹੋਣਾ ਜ਼ਰੂਰੀ ਹੈ ਭਾਵ ਇਨਸਾਨ ਦੀ ਦੁਨਿਆਵੀ ਅਤੇ ਅਧਿਆਤਮਕ ਸਮਝ ਸ਼ਕਤੀ ਦਾ ਹੋਣਾ। ਇਸ ਅਧਿਆਤਮਕ ਤੇ ਦੁਨੀਆਵੀਂ ਸਮਝ ਸ਼ਕਤੀ ਨਾਲ ਹੀ ਇਹ ਜਾਣਿਆ ਜਾ ਸਕਦਾ ਹੈ ਕਿ ਸੰਸਾਰ (ਇਕ) ਦੀ ਰਚਨਾ ਹੈ, ਤੇ ਉਹ ਇਕ ਅਕਾਲ ਪੁਰਖ ਹੈ ਜਿਸ ਤੋਂ ਇਲਾਵਾ ਇਨਸਾਨ ਕਿਸੇ ਦੂਜੇ ਇਨਸਾਨ ਦੇ ਕੰਟਰੋਲ ਵਿਚ ਨਹੀਂ ਰਹਿ ਸਕਦਾ। ਬੇਸ਼ਕ ਮਨੁੱਖ ਕਿੰਨਾ ਹੀ ਸ਼ਕਤੀਸ਼ਾਲੀ ਤੇ ਧੰਨ ਦੌਲਤ ਦਾ ਧਨੀ ਕਿਉਂ ਨਾ ਬਣ ਜਾਵੇ ਪਰ ਉਸ ਦਾ ਅੰਤ ਇਕ ਦਿਨ ਨਿਸ਼ਚਿਤ ਹੈ।

ਇਨਸਾਨ ਦੀ ਇਨਸਾਨ ਉਪਰ ਹਕੂਮਤ ਕਰਨ ਦੀ ਚਾਹਤ ਹੀ ‘ਨਿਊ ਵਰਲਡ ਆਰਡਰ’ ਨੂੰ ਜਨਮ ਦੇਂਦੀ ਹੈ ਜਿੱਥੇ ਉਹ ਸਾਰੀ ਸ਼ਕਤੀ ਆਪਣੇ ਕੋਲ ਰੱਖ ਕੇ ਆਮ ਲੋਕਾਂ ਨੂੰ ਆਪਣੇ ਹੱਥਾਂ ਦੀ ਕਠਪੁਤਲੀ ਬਣਾਉਣ ਲਈ ਦਿਨ ਰਾਤ ਕੋਸ਼ਿਸ਼ ਕਰ ਰਿਹਾ ਹੈ। ਉਸ ਦੀ ਇਸ ਕੋਸ਼ਿਸ਼ ਤੇ ਹਕੂਮਤ ਕਰਨ ਦੀ ਚਾਹਤ ਨੂੰ ਜਾਂਚ-ਪਰਖਣ ਲਈ ਹੀ ਸੱਚ, ਮਿੱਥ ਤੇ ਇਤਿਹਾਸਕ ਸੰਦਰਭ ’ਚ ‘ਨਿਊ ਵਰਲਡ ਆਰਡਰ’ ਦਾ ਵਿਸ਼ਲੇਸ਼ਣ ਕਰਨ ਦੀ ਇਕ ਛੋਟੀ ਜਿਹੀ ਕੋਸ਼ਿਸ਼ ਕੀਤੀ ਗਈ ਹੈ। ਇਸ ਲੇਖ ਅਧੀਨ ਸੱਚ ਕਿ ਹੈ, ਮਿੱਥ ਕਿੱਥੇ ਸ਼ਾਮਿਲ ਹੈ ਤੇ ਇਸ ਦਾ ਇਤਿਹਾਸਕ ਧੁਰਾ ਕਿ ਹੈ ਉਸ ਨੂੰ ਸੰਖੇਪ ਰੂਪ ਵਿਚ ਲਿਖਣ ਲਈ ਡਾ. ਦਲਜੀਤ ਸਿੰਘ ਦੁਆਰਾ ਰਚਿਤ ਕੁਝ ਕਿਤਾਬਾਂ ਜਿਨ੍ਹਾਂ ’ਚ ਮੁੱਖ ਰੂਪ ਵਿਚ ਬਦੀ ਦੀ ਜੜ, ਦੂਜਾ ਪਾਸਾ, ਸੱਚ ਦੀ ਭਾਲ ਤੋਂ ਇਲਾਵਾ, ਇਨਸਾਈਕਲੋਪੀਡੀਆ, ਡਿਕਸ਼ਨਰੀਆਂ, ਸੋਸ਼ਲ ਮੀਡੀਆ, ਲੋਕਾਂ ਦੇ ਨਿਊ ਵਰਲਡ ਆਰਡਰ ਨਾਲ ਸੰਬੰਧਿਤ ਵੀਚਾਰ, ਦੁਨੀਆਂ ਦੇ ਚਲੰਤ ਮਸਲੇ ਤੇ ਉਨ੍ਹਾਂ ਵੈੱਬਸਾਇਟਾਂ ਨੂੰ ਅਧਾਰ ਬਣਾ ਕੇ ਜੋ ©➡® ’ਤੇ ਚਾਨਣਾ ਪਾ ਰਹੀਆਂ ਹਨ ਇਨ੍ਹਾਂ ਸੱਭ ਨੂੰ ਇਕ ਕੜੀ ਵਿਚ ਬੰਨ੍ਹਣ ਦੀ ਕੋਸ਼ਿਸ਼ ਕਰਾਂਗੇ ਤੇ ਅਸਲ ਸੱਚ ਕਿ ਹੈ ਉਸ ਨੂੰ ਦ੍ਰਿਸ਼ਮਾਨ ਕੀਤਾ ਜਾਵੇਗਾ। ਸੱਚ ਦੀ ਇਸ ਭਾਲ ਲਈ ਇਸ ਲੇਖ ਦੀ ਲੜੀ ਅੰਮ੍ਰਿਤਸਰ ਟਾਈਮਜ਼ ’ਤੇ ਹੀ ਸ਼ੁਰੂ ਕੀਤੀ ਜਾ ਰਹੀ ‘ਨਿਊ ਵਰਲਡ ਆਰਡਰ’ ਦੀ ਸ਼ੁਰੂਆਤ।

20ਵੀਂ ਸਦੀ ਦੇ ਦੌਰਾਨ, ਵੁਡਰੋ ਵਿਲਸਨ ਅਤੇ ਵਿੰਸਟਨ ਚਰਚਿਲ ਵਰਗੀਆਂ ਰਾਜਨੀਤਿਕ ਸ਼ਖਸੀਅਤਾਂ ਨੇ ਇਤਿਹਾਸ ਦੇ ਇੱਕ ਨਵੇਂ ਦੌਰ ਨੂੰ ਦਰਸਾਉਣ ਲਈ ‘ਨਿਊ ਵਰਲਡ ਆਰਡਰ’ ਸ਼ਬਦ ਦੀ ਵਰਤੋਂ ਕੀਤੀ ਜਿਸਦੀ ਵਿਸ਼ੇਸ਼ਤਾ ਵਿਸ਼ਵ ਰਾਜਨੀਤਿਕ ਵਿਚਾਰਾਂ ਵਿੱਚ ਨਾਟਕੀ ਤਬਦੀਲੀ ਅਤੇ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਵਿਸ਼ਵ ਦੇ ਸ਼ਕਤੀ ਸੰਤੁਲਨ ਵਿੱਚ ਆਈ ਕਮੀ ਆਈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵਿਸ਼ਵਵਿਆਪੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਮੂਹਿਕ ਯਤਨਾਂ ਦੁਆਰਾ ਗਲੋਬਲ ਗਵਰਨੈਂਸ ਲਈ ਆਦਰਸ਼ਵਾਦੀ ਪ੍ਰਸਤਾਵਾਂ ਨੂੰ ਲਾਗੂ ਕਰਨ ਦੇ ਮੌਕਿਆਂ ਵਜੋਂ ਦੇਖਿਆ ਗਿਆ ਸੀ, ਜੋ ਕਿ ਵਿਅਕਤੀਗਤ ਰਾਸ਼ਟਰ-ਰਾਜਾਂ ਦੀ ਸੁਲਝਾਉਣ ਦੀ ਸਮਰੱਥਾ ਤੋਂ ਬਾਹਰ ਹਨ, ਜਦਕਿ ਫਿਰ ਵੀ ਰਾਸ਼ਟਰਾਂ ਦੇ ਸਵੈ-ਅਧਿਕਾਰ ਦਾ ਸਨਮਾਨ ਕਰਦੇ ਹੋਏ ਦ੍ਰਿੜ੍ਹਤਾ ਨਾਲ ਅਜਿਹੀਆਂ ਸਮੂਹਿਕ ਪਹਿਲਕਦਮੀਆਂ ਅੰਤਰ-ਸਰਕਾਰੀ ਸੰਸਥਾਵਾਂ ਜਿਵੇਂ ਕਿ 1920 ਵਿੱਚ ਲੀਗ ਆਫ਼ ਨੇਸ਼ਨਜ਼, 1945 ਵਿੱਚ ਸੰਯੁਕਤ ਰਾਸ਼ਟਰ (ਯੂਐਨ) ਅਤੇ 1949 ਵਿੱਚ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਗਠਨ ਵਿੱਚ ਪ੍ਰਗਟ ਹੋਈਆਂ, ਜਿਵੇਂ ਕਿ ਬ੍ਰੈਟਨ ਵੁੱਡਜ਼ ਸਿਸਟਮ ਵਰਗੀਆਂ ਅੰਤਰਰਾਸ਼ਟਰੀ ਸ਼ਾਸਨਾਂ ਦੇ ਨਾਲ ਸਨ। ਟੈਰਿਫ ਅਤੇ ਵਪਾਰ (GATT) ’ਤੇ ਜਨਰਲ ਸਮਝੌਤਾ, ਸ਼ਕਤੀ ਦੇ ਇੱਕ ਸਹਿਯੋਗੀ ਸੰਤੁਲਨ ਨੂੰ ਕਾਇਮ ਰੱਖਣ ਅਤੇ ਇੱਕ ਹੋਰ ਵਿਸ਼ਵਵਿਆਪੀ ਸੰਘਰਸ਼ ਦੀ ਸੰਭਾਵਨਾ ਨੂੰ ਰੋਕਣ ਲਈ ਰਾਸ਼ਟਰਾਂ ਵਿਚਕਾਰ ਸੁਲ੍ਹਾ-ਸਫ਼ਾਈ ਦੀ ਸਹੂਲਤ ਨੂੰ ਲਾਗੂ ਕੀਤਾ ਗਿਆ ਸੀ। 1930 ਦੇ ਦਹਾਕੇ ਤੋਂ ਉਦਾਰਵਾਦੀ ਅੰਤਰਰਾਸ਼ਟਰੀਵਾਦ ਨੂੰ ਪੈਦਾ ਕਰਨ ਦੇ ਇਨ੍ਹਾਂ ਯਤਨਾਂ ਦੀ ਨਿਯਮਤ ਤੌਰ ’ਤੇ ਅਮਰੀਕੀ ਪਾਲੀਓ ਕੰਜ਼ਰਵੇਟਿਵ ਵਪਾਰਕ ਰਾਸ਼ਟਰਵਾਦੀਆਂ ਦੁਆਰਾ ਆਲੋਚਨਾ ਅਤੇ ਵਿਰੋਧ ਕੀਤਾ ਗਿਆ ਸੀ।

ਪ੍ਰਗਤੀਸ਼ੀਲ ਦੇਸ਼ਾਂ ਨੇ ਦੋ ਵਿਸ਼ਵ ਯੁੱਧਾਂ ਦੇ ਬਾਅਦ ਸੰਯੁਕਤ ਰਾਸ਼ਟਰ ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ ਅਤੇ ਸ਼ਾਸਨਾਂ ਦਾ ਸੁਆਗਤ ਕੀਤਾ, ਪਰ ਦਲੀਲ ਦਿੱਤੀ ਕਿ ਇਹ ਪਹਿਲਕਦਮੀਆਂ ਇੱਕ ਲੋਕਤੰਤਰੀ ਘਾਟੇ ਦਾ ਸ਼ਿਕਾਰ ਹਨ ਇਸ ਲਈ ਨਾ ਸਿਰਫ਼ ਇੱਕ ਹੋਰ ਵਿਸ਼ਵ ਯੁੱਧ ਨੂੰ ਰੋਕਣ ਲਈ ਸਗੋਂ ਵਿਸ਼ਵ ਨਿਆਂ ਨੂੰ ਉਤਸ਼ਾਹਿਤ ਕਰਨ ਲਈ ਨਾਕਾਫ਼ੀ ਸਨ, ਜਿਵੇਂ ਕਿ ਯੂ.ਐਨ. ਲੋਕਤੰਤਰੀ ਵਿਸ਼ਵ ਸਰਕਾਰ ਵਿੱਚ ਤਬਦੀਲੀ ਦੀ ਬਜਾਏ ਪ੍ਰਭੂਸੱਤਾ ਸੰਪੰਨ ਰਾਸ਼ਟਰ-ਰਾਜਾਂ ਦੀ ਇੱਕ ਸੁਤੰਤਰ ਸੰਘ ਹੋਣ ਲਈ ਚਾਰਟਰ ਕੀਤਾ ਗਿਆ ਸੀ। ਇਸ ਤਰ੍ਹਾਂ, ਵਿਸ਼ਵ ਭਰ ਵਿੱਚ ਕਾਰਕੁਨਾਂ ਨੇ, IGO (Inter-Governmental Organization) ਨੂੰ ਗਲੋਬਲ ਬਦਲਾਅ ਲਈ ਬਹੁਤ ਬੇਅਸਰ ਸਮਝਦੇ ਹੋਏ, ਇੱਕ ਵਿਸ਼ਵ ਸੰਘਵਾਦੀ ਅੰਦੋਲਨ ਦਾ ਗਠਨ ਕੀਤਾ।

ਬ੍ਰਿਟਿਸ਼ ਲੇਖਕ ਅਤੇ ਭਵਿੱਖਵਾਦੀ ਐਚ.ਜੀ. ਵੇਲਜ਼ 1940 ਦੇ ਦਹਾਕੇ ਵਿੱਚ ਪ੍ਰਗਤੀਸ਼ੀਲਾਂ ਨਾਲੋਂ ਅੱਗੇ ਵਧਿਆ, ਇੱਕ ਤਕਨੀਕੀ ਵਿਸ਼ਵ ਰਾਜ ਦੀ ਸਥਾਪਨਾ ਅਤੇ ਇੱਕ ਯੋਜਨਾਬੱਧ ਆਰਥਿਕਤਾ ਦੇ ਸਮਾਨਾਰਥੀ ਵਜੋਂ ‘ਨਿਊ ਵਰਲਡ ਆਰਡਰ’ ਸ਼ਬਦ ਨੂੰ ਉਚਿਤ ਅਤੇ ਮੁੜ ਪਰਿਭਾਸ਼ਿਤ ਕਰਕੇ, ਰਾਜ ਦੇ ਸਮਾਜਵਾਦੀ ਸਰਕਲਾਂ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ।



### ਸ਼ੀਤ ਯੁੱਧ ਯੁੱਗ

ਦੂਜੇ ਰੈੱਡ ਡਰਾਵੇ ਦੇ ਦੌਰਾਨ, ਧਰਮ ਨਿਰਪੱਖ ਅਤੇ ਈਸਾਈ ਸੱਜੇ ਅਮਰੀਕੀ ਅੰਦੋਲਨਕਾਰੀਆਂ ਨੇ, ਕੈਨੇਡੀਅਨ ਸਾਜ਼ਿਸ਼ ਸਿਧਾਂਤਕਾਰ ਵਿਲੀਅਮ ਗਾਏ ਕਾਰ ਦੇ ਕੰਮ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ, ਤੇ ਉਨ੍ਹਾਂ ਨੇ ‘ਅੰਤਰਰਾਸ਼ਟਰੀ ਕਮਿਊਨਿਸਟ’ ਸਾਜ਼ਿਸ਼ ਦੇ ਪਿੱਛੇ ਕਥਿਤ ਤੌਰ ’ਤੇ ਡ੍ਰਾਈਵਿੰਗ ਫੋਰਸਿਜ਼ ਵਜੋਂ ਫ੍ਰੀਮੇਸਨਜ਼, ਇਲੂਮਿਨੇਟੀ ਅਤੇ ਯਹੂਦੀਆਂ ਦੇ ਸ਼ੱਕੀ ਡਰ ਨੂੰ ਵਧਾਉਂਦੇ ਹੋਏ ਇਸ ਨੂੰ ਅਪਣਾਇਆ ਅਤੇ ਫੈਲਾਇਆ। ਇੱਕ ਨਾਸਤਿਕ, ਨੌਕਰਸ਼ਾਹ ਸਮੂਹਕਵਾਦੀ ਵਿਸ਼ਵ ਸਰਕਾਰ ਦੇ ਰੂਪ ਵਿੱਚ ਅਤੇ ‘ਰੈੱਡ ਖ਼ਤਰੇ’ ਦੇ ਰੂਪ ਵਿੱਚ ‘ਰੱਬ ਰਹਿਤ ਕਮਿਊਨਿਜ਼ਮ’ ਦਾ ਖ਼ਤਰਾ, ਸਦੀਵੀ ਹਜ਼ਾਰਾਂ ਸਾਲਾਂ ਦੀ ਸਾਜ਼ਿਸ਼ ਦਾ ਕੇਂਦਰ ਬਣ ਗਿਆ। ਰੈੱਡ ਸਕੇਅਰ ਸੰਯੁਕਤ ਰਾਜ ਵਿੱਚ ਰਾਜਨੀਤਿਕ ਅਧਿਕਾਰ ਦੇ ਮੁੱਖ ਵਿਚਾਰਾਂ ਵਿੱਚੋਂ ਸਿਰਫ ਇੱਕ ਨੂੰ ਰੂਪ ਦੇਣ ਲਈ ਆਇਆ ਸੀ ਜੋ ਉਦਾਰਵਾਦੀ ਅਤੇ ਅਗਾਂਹਵਧੂ ਆਪਣੀਆਂ ਕਲਿਆਣਕਾਰੀ-ਰਾਜ ਨੀਤੀਆਂ ਅਤੇ ਵਿਦੇਸ਼ੀ ਸਹਾਇਤਾ ਵਰਗੇ ਅੰਤਰਰਾਸ਼ਟਰੀ ਸਹਿਯੋਗ ਪ੍ਰੋਗਰਾਮਾਂ ਨਾਲ, ਮੰਨਿਆ ਜਾਂਦਾ ਹੈ ਜੋ ਗਲੋਬਲ ਦੀ ਇੱਕ ਹੌਲੀ ਹੌਲੀ ਪ੍ਰਕਿਰਿਆ ਵਿੱਚ ਯੋਗਦਾਨ ਪਾਉਂਦੇ ਹਨ। ਇਹ ਸਮੂਹਿਕਵਾਦ ਜੋ ਲਾਜ਼ਮੀ ਤੌਰ ’ਤੇ ਕੌਮਾਂ ਨੂੰ ਇੱਕ ਕਮਿਊਨਿਸਟ/ਸਮੂਹਿਕਵਾਦੀ ਇੱਕ-ਵਿਸ਼ਵ ਸਰਕਾਰ ਨਾਲ ਤਬਦੀਲ ਕਰਨ ਵੱਲ ਲੈ ਜਾਵੇਗਾ। ਜੇਮਜ਼ ਵਾਰਬਰਗ, 1950 ਵਿੱਚ ਵਿਦੇਸ਼ੀ ਸਬੰਧਾਂ ਬਾਰੇ ਸੰਯੁਕਤ ਰਾਜ ਦੀ ਸੈਨੇਟ ਕਮੇਟੀ ਦੇ ਸਾਹਮਣੇ ਜਦੋਂ ਪੇਸ਼ ਹੋਏ ’ਤੇ ਕਿਹਾ: ‘ਸਾਡੇ ਕੋਲ ਵਿਸ਼ਵ ਸਰਕਾਰ ਹੋਵੇਗੀ, ਭਾਵੇਂ ਸਾਨੂੰ ਇਹ ਪਸੰਦ ਹੋਵੇ ਜਾਂ ਨਾ। ਸਵਾਲ ਸਿਰਫ ਇਹ ਹੈ ਕਿ ਕੀ ਵਿਸ਼ਵ ਸਰਕਾਰ ਸਹਿਮਤੀ ਨਾਲ ਜਾਂ ਜਿੱਤ ਨਾਲ ਪ੍ਰਾਪਤ ਕੀਤੀ ਜਾਵੇਗੀ।’

*ਇਨਸਾਨ ਦੀ ਇਨਸਾਨ ਉਪਰ ਹਕੂਮਤ ਕਰਨ ਦੀ ਚਾਹਤ ਹੀ ‘ਨਿਊ ਵਰਲਡ ਆਰਡਰ’ ਨੂੰ ਜਨਮ ਦੇਂਦੀ ਹੈ ਜਿੱਥੇ ਉਹ ਸਾਰੀ ਸ਼ਕਤੀ ਆਪਣੇ ਕੋਲ ਰੱਖ ਕੇ ਆਮ ਲੋਕਾਂ ਨੂੰ ਆਪਣੇ ਹੱਥਾਂ ਦੀ ਕਠਪੁਤਲੀ ਬਣਾਉਣ ਲਈ ਦਿਨ ਰਾਤ ਕੋਸ਼ਿਸ਼ ਕਰ ਰਿਹਾ ਹੈ। ਉਸ ਦੀ ਇਸ ਕੋਸ਼ਿਸ਼ ਤੇ ਹਕੂਮਤ ਕਰਨ ਦੀ ਚਾਹਤ ਨੂੰ ਜਾਂਚ-ਪਰਖਣ ਲਈ ਹੀ ਸੱਚ, ਮਿੱਥ ਤੇ ਇਤਿਹਾਸਕ ਸੰਦਰਭ ’ਚ ‘ਨਿਊ ਵਰਲਡ ਆਰਡਰ’ ਦਾ ਵਿਸ਼ਲੇਸ਼ਣ ਕਰਨ ਦੀ ਇਕ ਛੋਟੀ ਜਿਹੀ ਕੋਸ਼ਿਸ਼ ਕੀਤੀ ਗਈ ਹੈ।*

ਸੱਜੇ-ਪੱਖੀ ਲੋਕਪ੍ਰਿਯ ਵਕਾਲਤ ਸਮੂਹਾਂ ਨੇ ਪਾਲੀਓ-ਕੰਜ਼ਰਵੇਟਿਵ ਵਿਸ਼ਵ-ਦ੍ਰਿਸ਼ਟੀਕੋਣ, ਜਿਵੇਂ ਕਿ ਜੌਨ ਬਰਚ ਸੋਸਾਇਟੀ, ਨੇ 1960 ਦੇ ਦਹਾਕੇ ਵਿੱਚ ਬਹੁਤ ਸਾਰੇ ਸਾਜ਼ਿਸ਼ ਸਿਧਾਂਤਾਂ ਨੂੰ ਪ੍ਰਸਾਰਿਤ ਕੀਤਾ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਸੰਯੁਕਤ ਰਾਜ ਅਤੇ ਸੋਵੀਅਤ ਯੂਨੀਅਨ ਦੋਵਾਂ ਦੀਆਂ ਸਰਕਾਰਾਂ ਕਾਰਪੋਰੇਟ ਅੰਤਰਰਾਸ਼ਟਰੀਵਾਦੀਆਂ ਦੇ ਇੱਕ ਕਾਬਲ ਦੁਆਰਾ ਨਿਯੰਤਰਿਤ ਸਨ ਪਰ ‘ਲਾਲਚੀ’ ਬੈਂਕਰ ਅਤੇ ਭ੍ਰਿਸ਼ਟ ਸਿਆਸਤਦਾਨ ਜੋ ‘ਇੱਕ ਵਿਸ਼ਵ ਸਰਕਾਰ’ ਬਣਾਉਣ ਲਈ ਸੰਯੁਕਤ ਰਾਸ਼ਟਰ ਨੂੰ ਵਾਹਨ ਵਜੋਂ ਵਰਤਣ ਦੇ ਇਰਾਦੇ ਵਜੋਂ ਵਰਤ ਰਹੇ ਸਨ।ਇਸ ਵਿਸ਼ਵ-ਵਿਰੋਧੀ ਸਾਜ਼ਿਸ਼ ਨੇ ਸੰਯੁਕਤ ਰਾਸ਼ਟਰ ਤੋਂ ਅਮਰੀਕਾ ਦੀ ਵਾਪਸੀ ਦੀ ਮੁਹਿੰਮ ਨੂੰ ਤੇਜ਼ ਕੀਤਾ। ਅਮਰੀਕੀ ਲੇਖਿਕਾ ਮੈਰੀ ਐਮ. ਡੇਵਿਸਨ ਨੇ ਆਪਣੀ 1966 ਦੀ ਕਿਤਾਬ ‘ਦਿ ਪ੍ਰੌਫਾਊਂਡ ਰੈਵੋਲਿਊਸ਼ਨ’ ਵਿੱਚ ਅੰਤਰਰਾਸ਼ਟਰੀ ਬੈਂਕਰਾਂ ਦੁਆਰਾ 1913 ਵਿੱਚ ਅਮਰੀਕੀ ਫੈਡਰਲ ਰਿਜ਼ਰਵ ਦੀ ਸਥਾਪਨਾ ਲਈ ਕਥਿਤ ਨਿਊ ਵਰਲਡ ਆਰਡਰ ਦੀ ਸਾਜ਼ਿਸ਼ ਦਾ ਪਤਾ ਲਗਾਇਆ, ਜਿਸ ਬਾਰੇ ਉਸਨੇ ਦਾਅਵਾ ਕੀਤਾ ਕਿ ਬਾਅਦ ਵਿੱਚ ਉਸਨੇ 1921 ਵਿੱਚ ਵਿਦੇਸ਼ੀ ਸਬੰਧਾਂ ਬਾਰੇ ਕੌਂਸਲ ਦਾ ਗਠਨ ਕੀਤਾ। ਸ਼ੈਡੋ ਸਰਕਾਰ ਵਲੋਂ ਜਿਸ ਸਮੇਂ ਇਹ ਕਿਤਾਬਚਾ ਪ੍ਰਕਾਸ਼ਿਤ ਕੀਤਾ ਗਿਆ ਸੀ, ਬਹੁਤ ਸਾਰੇ ਪਾਠਕਾਂ ਨੇ ‘ਅੰਤਰਰਾਸ਼ਟਰੀ ਬੈਂਕਰ’ ਦੀ ਵਿਆਖਿਆ ਰੋਥਸਚਾਈਲਡ ਪਰਿਵਾਰ ਦੁਆਰਾ ਰਚੀ ਗਈ ‘ਅੰਤਰਰਾਸ਼ਟਰੀ ਯਹੂਦੀ ਬੈਂਕਿੰਗ ਸਾਜ਼ਿਸ਼’ ਦੇ ਸੰਦਰਭ ਵਜੋਂ ਕੀਤੀ ਤੇ ਇਹ ਦਲੀਲ ਦਿੰਦੇ ਹੋਏ ਕਿ ‘ਨਿਊ ਵਰਲਡ ਆਰਡਰ’ ਸ਼ਬਦ ਦੁਨੀਆ ਦੇ ਦੇਸ਼ਾਂ ਦੀ ਪ੍ਰਭੂਸੱਤਾ ਦੇ ਖਾਤਮੇ ਲਈ ਸਮਰਪਿਤ ਇੱਕ ਗੁਪਤ ਗਲੋਬਲ ਕੁਲੀਨ ਦੁਆਰਾ ਵਰਤਿਆ ਜਾਂਦਾ ਹੈ। ਅਮਰੀਕੀ ਲੇਖਕ ਗੈਰੀ ਐਲਨ-ਆਪਣੀਆਂ ਕਿਤਾਬਾਂ ਨੋ ਡੇਅਰ ਕਾਲ ਇਟ ਕੰਸਪੀਰੇਸੀ (1971), ਰੌਕਫੈਲਰ: ਮੁਹਿੰਮ ਲਈ ਨਿਊ ਵਰਲਡ ਆਰਡਰ (1974), ਅਤੇ ਕਹੋ ‘ਨਹੀਂ!’ ਨਿਊ ਵਰਲਡ ਆਰਡਰ (1987) ਵੱਲ – ਸੰਯੁਕਤ ਰਾਜ ਵਿੱਚ ਸਮਕਾਲੀ ਸੱਜੇ-ਪੱਖੀ ਸਾਜ਼ਿਸ਼ਵਾਦ ਦੇ ਵਿਸ਼ਵ-ਵਿਰੋਧੀ ਥੀਮ ਨੂੰ ਸਪਸ਼ਟ ਕੀਤਾ ਗਿਆ। 1990 ਦੇ ਦਹਾਕੇ ਦੇ ਸ਼ੁਰੂ ਵਿੱਚ ਕਮਿਊਨਿਜ਼ਮ ਦੇ ਪਤਨ ਤੋਂ ਬਾਅਦ, ਨਿਊ ਵਰਲਡ ਆਰਡਰ ਸਾਜ਼ਿਸ਼ਵਾਦ ਦਾ ਅਸਲ ਵਿਸ਼ਾ ਕ੍ਰਿਪਟੋ-ਕਮਿਊਨਿਸਟਾਂ ਤੋਂ ਬਦਲ ਗਿਆ, ਇੱਕ ਨਾਸਤਿਕ ਵਿਸ਼ਵ ਕਮਿਊਨਿਸਟ ਸਰਕਾਰ ਨੂੰ ਸਥਾਪਤ ਕਰਨ ਦੀ ਸਾਜ਼ਿਸ਼ ਰਚਣ ਲਈ, ਸੰਸਾਰਵਾਦੀਆਂ ਨੂੰ, ਆਮ ਤੌਰ ’ਤੇ ਇੱਕ ਸਮੂਹਕਵਾਦੀ ਨੂੰ ਲਾਗੂ ਕਰਨ ਦੀ ਸਾਜ਼ਿਸ਼ ਰਚਣ ਲਈ ਸਮਝਿਆ ਜਾਂਦਾ ਹੈ। ਅੰਤ ਵਿੱਚ ਅੰਤਰਰਾਸ਼ਟਰੀ ਬੈਂਕਰਾਂ, ਭ੍ਰਿਸ਼ਟ ਸਿਆਸਤਦਾਨਾਂ, ਅਤੇ ਕਾਰਪੋਰੇਟਿਸਟਾਂ ਜਾਂ ਖੁਦ ਸੰਯੁਕਤ ਰਾਸ਼ਟਰ ਦੁਆਰਾ ਇੱਕ ਅਛੂਤ ਕੁਲੀਨਤਾ ਦੁਆਰਾ ਨਿਯੰਤਰਿਤ, ਏਕੀਕ੍ਰਿਤ ਵਿਸ਼ਵ ਸਰਕਾਰ। ਧਾਰਨਾ ਵਿੱਚ ਤਬਦੀਲੀ 1990 ਦੇ ਦਹਾਕੇ ਵਿੱਚ ਅਮਰੀਕੀ ਸੱਜੇ ਪਾਸੇ ਕਾਰਪੋਰੇਟ ਅੰਤਰਰਾਸ਼ਟਰੀਵਾਦ ਦੇ ਵਧ ਰਹੇ ਵਿਰੋਧ ਤੋਂ ਪ੍ਰੇਰਿਤ ਸੀ।

ਅਮਰੀਕੀ ਕਾਂਗਰਸ ਦੇ ਇੱਕ ਸਾਂਝੇ ਸੈਸ਼ਨ ਦੌਰਾਨ 11 ਸਤੰਬਰ 1990 ਨੂੰ ਦਿੱਤੇ ਗਏ ਨਿਊ ਵਰਲਡ ਆਰਡਰ ਦੇ ਆਪਣੇ ਭਾਸ਼ਣ ਵਿੱਚ, ਰਾਸ਼ਟਰਪਤੀ ਜਾਰਜ ਐਚ ਡਬਲਯੂ ਬੁਸ਼ ਨੇ ਸੋਵੀਅਤ ਰਾਜਾਂ ਦੇ ਸਹਿਯੋਗ ਨਾਲ ਸ਼ੀਤ ਯੁੱਧ ਤੋਂ ਬਾਅਦ ਦੇ ਗਲੋਬਲ ਗਵਰਨੈਂਸ ਲਈ ਆਪਣੇ ਉਦੇਸ਼ਾਂ ਦਾ ਵਰਣਨ ਕੀਤਾ। ਉਸਨੇ ਕਿਹਾ: ਹੁਣ ਤੱਕ, ਜਿਸ ਸੰਸਾਰ ਨੂੰ ਅਸੀਂ ਜਾਣਦੇ ਹਾਂ ਉਹ ਇੱਕ ਵੰਡਿਆ ਹੋਇਆ ਸੰਸਾਰ ਹੈ – ਕੰਡਿਆਲੀ ਤਾਰ ਅਤੇ ਕੰਕਰੀਟ ਦੇ ਬਲਾਕ, ਸੰਘਰਸ਼ ਅਤੇ ਸ਼ੀਤ ਯੁੱਧ ਦੀ ਦੁਨੀਆ ਹੈ ਪਰ ਹੁਣ ਅਸੀਂ ਸੰਸਾਰ ਦੇ ਲੋਕਾਂ ਨੂੰ ਇੱਕ ਨਵੀਂ ਦੁਨੀਆ ਵਿਚ ਦੇਖ ਸਕਦੇ ਹਾਂ। ਇਹ ਇੱਕ ਅਜਿਹੀ ਦੁਨੀਆ ਹੈ ਜਿਸ ਵਿੱਚ ਨਵੀਂ ਵਿਸ਼ਵ ਵਿਵਸਥਾ ਦੀ ਅਸਲ ਸੰਭਾਵਨਾ ਹੈ। ਵਿੰਸਟਨ ਚਰਚਿਲ ਦੇ ਸ਼ਬਦਾਂ ਵਿੱਚ, ਇੱਕ ‘ਵਿਸ਼ਵ ਵਿਵਸਥਾ’ ਜਿਸ ਵਿੱਚ ‘ਨਿਆਂ ਅਤੇ ਨਿਰਪੱਖ ਖੇਡ ਦੇ ਸਿਧਾਂਤ ... ਤਾਕਤਵਰ ਦੇ ਵਿਰੁੱਧ ਕਮਜ਼ੋਰ ਦੀ ਰੱਖਿਆ ਕਰੋ ...’ ਇੱਕ ਅਜਿਹਾ ਸੰਸਾਰ ਜਿੱਥੇ ਸੰਯੁਕਤ ਰਾਸ਼ਟਰ, ਸ਼ੀਤ ਯੁੱਧ ਦੀ ਖੜੋਤ ਤੋਂ ਮੁਕਤ ਹੋ ਕੇ ਤਿਆਰ ਹੈ। ਇਸਦੇ ਸੰਸਥਾਪਕਾਂ ਦੇ ਇਤਿਹਾਸਕ ਦ੍ਰਿਸ਼ਟੀਕੋਣ ਨੂੰ ਪੂਰਾ ਕਰਨ ਲਈ, ਇੱਕ ਅਜਿਹੀ ਦੁਨੀਆ ਜਿਸ ਵਿੱਚ ਮਨੁੱਖੀ ਅਧਿਕਾਰਾਂ ਲਈ ਅਜ਼ਾਦੀ ਅਤੇ ਸਤਿਕਾਰ ਸਾਰੀਆਂ ਕੌਮਾਂ ਵਿੱਚ ਇੱਕ ਘਰ ਲੱਭਦਾ ਹੈ। ਪਰ ਇਹ ਗੱਲਾਂ ਸੱਚ ਸਨ ਜਾਂ ਨਹੀਂ ਇਸ ਬਾਰੇ ਸਪੱਸ਼ਟ ਨਹੀਂ। ਕਿਉਂਕਿ ਨਿਊਯਾਰਕ ਟਾਈਮਜ਼ ਨੇ ਦੇਖਿਆ ਕਿ ਅਗਾਂਹਵਧੂ ਲੋਕ ਉਸ ਸਮੇਂ ਮੱਧ ਪੂਰਬ ਵਿੱਚ ਅਮਰੀਕੀ ਸਾਮਰਾਜੀ ਇੱਛਾਵਾਂ ਨੂੰ ਤਰਕਸੰਗਤ ਬਣਾਉਣ ਵਜੋਂ ਇਸ ਨਵੀਂ ਵਿਸ਼ਵ ਵਿਵਸਥਾ ਦੀ ਨਿੰਦਾ ਕਰ ਰਹੇ ਸਨ। ਇਸ ਦੇ ਨਾਲ ਹੀ ਰੂੜੀਵਾਦੀਆਂ ਨੇ ਕਿਸੇ ਵੀ ਨਵੇਂ ਸੁਰੱਖਿਆ ਪ੍ਰਬੰਧਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਅਤੇ ਸੰਯੁਕਤ ਰਾਸ਼ਟਰ ਦੇ ਪੁਨਰ-ਸੁਰਜੀਤੀ ਦੀ ਕਿਸੇ ਵੀ ਸੰਭਾਵਨਾ ਨੂੰ ਪੂਰਾ ਕੀਤਾ। ਚਿੱਪ ਬਰਲੇਟ, ਇੱਕ ਅਮਰੀਕੀ ਖੋਜੀ ਰਿਪੋਰਟਰ, ਜੋ ਅਮਰੀਕਾ ਵਿੱਚ ਸੱਜੇ-ਪੱਖੀ ਅੰਦੋਲਨਾਂ ਦੇ ਅਧਿਐਨ ਵਿੱਚ ਮਾਹਰ ਹੈ, ਨੇ ਲਿਖਿਆ ਕਿ ਈਸਾਈ ਅਤੇ ਧਰਮ ਨਿਰਪੱਖ ਦੂਰ-ਸੱਜੇ ਬੁਸ਼ ਦੇ ਭਾਸ਼ਣ ਤੋਂ ਖਾਸ ਤੌਰ ’ਤੇ ਡਰੇ ਹੋਏ ਸਨ। ਕੱਟੜਪੰਥੀ ਈਸਾਈ ਸਮੂਹਾਂ ਨੇ ਬੁਸ਼ ਦੇ ਸ਼ਬਦਾਂ ਦੀ ਵਿਆਖਿਆ ਅੰਤ ਦੇ ਸਮੇਂ ਦੇ ਸੰਕੇਤ ਵਜੋਂ ਕੀਤੀ। ਇਸ ਦੇ ਨਾਲ ਹੀ, ਵਧੇਰੇ ਧਰਮ ਨਿਰਪੱਖ ਸਿਧਾਂਤਕਾਰਾਂ ਨੇ ਇਸ ਨੂੰ ਕਮਿਊਨਿਸਟ ਵਿਰੋਧੀ ਅਤੇ ਸਮੂਹਿਕਵਾਦ ਵਿਰੋਧੀ ਨਜ਼ਰੀਏ ਤੋਂ ਪਹੁੰਚਾਇਆ ਅਤੇ ਸੰਯੁਕਤ ਰਾਸ਼ਟਰ ਦੁਆਰਾ ਸਾਰੇ ਦੇਸ਼ਾਂ ਉੱਤੇ ਆਗਮਨ ਦੇ ਡਰ ਤੋਂ ਡਰਿਆ।

(ਚਲਦਾ)

# ਸਰਹੱਦ ’ਤੇ ਬੈਠੇ ਲੋਕਾਂ ਨੂੰ ਨਹੀਂ ਮਿਲੇਗੀ ਅਮਰੀਕਾ ਵਿਚ ਐਂਟਰੀ

## ਅਮਰੀਕੀ ਸੁਪਰੀਮ ਕੋਰਟ ਨੇ ਦੋ ਸਾਲ ਪਹਿਲਾਂ ਮੈਕਸੀਕੋ ਸਰਹੱਦ ਤੋਂ ਪ੍ਰਵਾਸੀਆਂ ਦੇ ਦਾਖਲੇ ’ਤੇ ਰੋਕ ਲਗਾਉਣ ਦੇ ਸਰਕਾਰੀ ਹੁਕਮ ਨੂੰ ਵਧਾਇਆ

- ਦੋ ਮਹੀਨਿਆਂ ਵਿੱਚ 13,655 ਭਾਰਤੀ ਵੀ ਸਰਹੱਦ ਪਾਰ ਕਰਦੇ ਹੋਏ ਫੜੇ ਗਏ
- ਮੈਕਸੀਕੋ ਤੋਂ ਅਮਰੀਕਾ ਜਾਣ ਲਈ ‘ਟਰੰਪ ਕੰਧ’ ਤੋਂ ਡਿੱਗ ਕੇ ਪਤੀ ਦੀ ਮੌਤ, ਪੁੱਤ ਤੇ ਪਤਨੀ ਜ਼ਖ਼ਮੀ





ਅਮਰੀਕੀ ਸੁਪਰੀਮ ਕੋਰਟ ਨੇ ਦੋ ਸਾਲ ਪਹਿਲਾਂ ਮੈਕਸੀਕੋ ਸਰਹੱਦ ਤੋਂ ਪ੍ਰਵਾਸੀਆਂ ਦੇ ਦਾਖਲੇ ’ਤੇ ਰੋਕ ਲਗਾਉਣ ਦੇ ਸਰਕਾਰ ਦੇ ਹੁਕਮ ਨੂੰ ਵਧਾ ਦਿੱਤਾ ਹੈ। ਰਿਊਟਰ ਡਾਟ ਕਾਮ ਅਨੁਸਾਰ ਅਦਾਲਤ ਨੇ ਬੀਤੇ ਦਿਨੀਂ ਆਪਣੇ ਫੈਸਲੇ ਵਿੱਚ ਕਿਹਾ ਕਿ 2020 ਤੋਂ ਪ੍ਰਭਾਵੀ ਮਹਾਂਮਾਰੀ ਐਕਟ ਦੇ ਉਪਾਅ, ਹਜ਼ਾਰਾਂ ਪ੍ਰਵਾਸੀਆਂ ਨੂੰ ਦੇਸ਼ ਵਿੱਚ ਦਾਖਲ ਹੋਣ ਤੋਂ ਰੋਕਣਾ ਜਾਰੀ ਰੱਖਣਗੇ।ਅਮਰੀਕੀ ਸਰਹੱਦ ’ਤੇ ਇਕੱਠੇ ਹੋਏ ਹਜ਼ਾਰਾਂ ਪ੍ਰਵਾਸੀ ਇਸ ਨੀਤੀ ਵਿਚ ਬਦਲਾਅ ਦੀ ਉਮੀਦ ਕਰ ਰਹੇ ਸਨ, ਉਹ ਪਿਛਲੇ ਦੋ ਸਾਲਾਂ ਤੋਂ ਅਮਰੀਕਾ ਵਿਚ ਦਾਖਲੇ ਦੀ ਉਡੀਕ ਕਰ ਰਹੇ ਹਨ। ਇਸ ਤੋਂ ਪਹਿਲਾਂ ਅਮਰੀਕਾ ਦੇ 19 ਰਾਜਾਂ ਨੇ ਹਾਈਕੋਰਟ ਵਿੱਚ ਕਿਹਾ ਸੀ ਕਿ ਜੇਕਰ ਟਰੰਪ ਦੇ ਕਾਰਜਕਾਲ ਦੌਰਾਨ ਲਗਾਈ ਗਈ ਐਂਟਰੀ ਬੈਨ ਹਟਾਈ ਜਾਂਦੀ ਹੈ ਤਾਂ ਅਮਰੀਕਾ ਵਿੱਚ ਮੈਕਸੀਕਨ ਪ੍ਰਵਾਸੀਆਂ ਦੀ ਗਿਣਤੀ ਵਿੱਚ ਵੱਡਾ ਉਛਾਲ ਆ ਜਾਵੇਗਾ, ਜਿਸ ਤੋਂ ਬਾਅਦ ਮਾਮਲਾ ਸੁਪਰੀਮ ਕੋਰਟ ਵਿੱਚ ਭੇਜਿਆ ਗਿਆ ਸੀ।

ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਅਨੁਸਾਰ, ਇਸ ਸਾਲ ਅਕਤੂਬਰ-ਨਵੰਬਰ 2022 ਵਿੱਚ 13,655 ਭਾਰਤੀ ਪ੍ਰਵਾਸੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੁੰਦੇ ਫੜੇ ਗਏ, ਜੋ ਕਿ 2021 ਦੇ ਇਸੇ ਮਹੀਨਿਆਂ ਵਿੱਚ ਫੜੇ ਗਏ 6,865 ਪ੍ਰਵਾਸੀਆਂ ਦੀ ਗਿਣਤੀ ਤੋਂ ਲਗਭਗ ਦੁੱਗਣਾ ਹੈ। ਅਮਰੀਕਾ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਦੀਆਂ ਖ਼ਬਰਾਂ ਆਮ ਕਰਕੇ ਸੁਰਖ਼ੀਆਂ ਵਿਚ ਰਹਿੰਦੀਆਂ ਹਨ। ਅਮਰੀਕਾ ਵਿਚ ਜ਼ੁਲਮ ਦੇ ਆਧਾਰ ’ਤੇ ਸ਼ਰਨ ਦਿੱਤੀ ਜਾਂਦੀ ਹੈ। ਤੁਹਾਡੇ ਦੇਸ਼ ਵਿੱਚ ਜੇ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਹੋ ਰਿਹਾ ਹੈ ਜਾਂ ਤੁਹਾਨੂੰ ਉੱਥੇ ਤੰਗ ਕੀਤਾ ਜਾ ਰਿਹਾ ਹੈ ਜਾਂ ਰੰਗ, ਨਸਲ, ਧਰਮ ਦੇ ਆਧਾਰ ਉੱਤੇ ਭੇਦਭਾਵ ਕੀਤਾ ਜਾ ਰਿਹਾ ਹੈ ਜਾਂ ਜਾਨ ਦਾ ਖਤਰਾ ਹੈ ਤਾਂ ਤੁਸੀਂ ਸ਼ਰਨ ਦੀ ਮੰਗ ਕਰਦੇ ਸਕਦੇ ਹੋ।ਪਰ ਸ਼ਰਨ ਦੇਣ ਦੀ ਇੱਕ ਪੂਰੀ ਪ੍ਰਕਿਰਿਆ ਹੈ। ਉੱਥੇ ‘ਅਸਾਈਲਮ ਅਫ਼ਸਰ’ (ਸ਼ਰਨ ਦੇਣ ਵਾਲੇ ਅਫ਼ਸਰ) ਹੁੰਦੇ ਹਨ। ਉਹ ਇੰਟਰਵਿਊ ਕਰਦੇ ਹਨ ਤੇ ਦੱਸਦੇ ਹਨ ਕਿ ਇਹ ਸ਼ਰਨ ਦਾ ਮਾਮਲਾ ਹੈ ਜਾਂ ਨਹੀਂ। ਫਿਰ ਇਮੀਗ੍ਰੇਸ਼ਨ ਕੋਰਟ ਵਿੱਚ ਪੇਸ਼ ਕੀਤਾ ਜਾਂਦਾ ਹੈ। ਜੱਜ ਫੈਸਲਾ ਕਰਦਾ ਹੈ ਕਿ ਸ਼ਰਨ ਦੇਣੀ ਹੈ ਜਾਂ ਨਹੀਂ। ਪਹਿਲਾਂ ਲੋਕ ਐਲਸੈਲਵਾਡੋਰ ਜਾਂਦੇ ਸੀ ਕਿਉਂਕਿ ਉੱਥੇ ਵੀਜ਼ਾ ਸੌਖਾ ਮਿਲ ਜਾਂਦਾ ਹੈ। ਉੱਥੋਂ ਪੈਦਲ ਜਾਂਦੇ ਸੀ। ਫਿਰ ਉੱਥੋਂ ਡੈਰੀਅਨ ਗੈਪ ਆਉਂਦਾ ਹੈ ਜੋ ਕਿ ਕੋਲੰਬੀਆ ਤੇ ਪਨਾਮਾ ਵਿਚਾਲੇ ਹੈ। ਉਹ ਬਹੁਤ ਖਤਰਨਾਕ ਰਾਹ ਹੈ। ਉੱਥੋਂ ਪੈਦਲ ਹੀ ਜਾਣਾ ਪੈਂਦਾ ਹੈ। ਉੱਥੇ



ਸੱਪ, ਕੀੜੇ-ਮਕੌੜੇ ਵੀ ਬਹੁਤ ਹਨ। ਉੱਥੇ ਖਾਣ-ਪੀਣ ਨੂੰ ਕੁਝ ਨਹੀਂ ਮਿਲਦਾ। ਉਨ੍ਹਾਂ ਨਾਲ ਜੋ ਗੈਂਗਜ਼ ਚੱਲਦੇ ਹੈ ਉਹ ਵੀ ਕਾਫ਼ੀ ਖ਼ਤਰਨਾਕ ਹੁੰਦੇ ਹਨ। ਜੇ ਕੋਈ ਬਿਮਾਰ ਹੋ ਜਾਂਦਾ ਹੈ ਤਾਂ ਉਸ ਨੂੰ ਕਤਲ ਹੀ ਕਰ ਦਿੰਦੇ ਹਨ। ਕਿਉਂਕਿ ਉਹ ਇੱਕ ਵਿਅਕਤੀ ਪੂਰੇ ਗਰੁੱਪ ਦੀ ਰਫ਼ਤਾਰ ਹੌਲੀ ਕਰ ਦਿੰਦਾ ਹੈ।ਪਰ ਹੁਣ ਇੱਕ ਹੋਰ ਰੂਟ ਹੈ ਜੋ ਅਪਣਾਇਆ ਜਾ ਰਿਹਾ ਹੈ ਤੇ ਉਹ ਥੋੜ੍ਹਾ ਮਹਿੰਗਾ ਵੀ ਹੈ।

ਮੈਕਸੀਕੋ ਦਾ ਰੂਟ- ਫਿਰ ਉੱਥੋਂ ਉਹ ਏਜੰਟ ਅਮਰੀਕਾ ਟਪਾ ਦਿੰਦੇ ਹਨ। ਇਹੀ ਇੱਕ ਕਾਰਨ ਹੈ ਅਮਰੀਕਾ ਫਿਕਰਮੰਦ ਹੈ ਅਤੇ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ ਲਈ ਮੈਕਸੀਕੋ ਉੱਤੇ ਕਾਫ਼ੀ ਦਬਾਅ ਪਾ ਰਿਹਾ ਹੈ।ਮੈਕਸੀਕੋ ਦਾ ਬਾਰਡਰ ਸਭ ਤੋਂ ਵੱਡਾ ਹੈ ਜੋ ਕਿ ਅਮਰੀਕਾ ਦੇ ਨਾਲ ਲੱਗਦਾ ਹੈ। ਇਸ ਲਈ ਲੋਕ ਜ਼ਿਆਦਾਤਰ ਮੈਕਸੀਕੋ ਰਾਹੀਂ ਅਮਰੀਕਾ ਜਾਣਾ ਚਾਹੁੰਦੇ ਹਨ।ਉਹ ਮੈਕਸੀਕੋ ਸਿਟੀ ਜਾਂ ਟਿਜੁਆਣਾ ਜਾ ਸਕਦਾ ਹੈ ਕਿਉਂਕਿ ਉੱਥੋਂ ਦਾ ਵੀਜ਼ਾ ਛੇਤੀ ਮਿਲ ਜਾਂਦਾ ਹੈ। ਪਰ ਹੁਣ ਜਿਵੇਂ ਉੱਥੇ ਲੋਕ ਫੜੇ ਜਾ ਰਹੇ ਹਨ ਨਿਗਰਾਨੀ ਵੱਧ ਗਈ ਹੈ। ਮੈਕਸੀਕੋ ਦਾ ਕਾਫ਼ੀ ਵੱਡਾ ਬਾਰਡਰ ਹੈ- ਤਿੰਨ ਹਜ਼ਾਰ ਕਿਲੋਮੀਟਰ ਵੱਡਾ ਜੋ ਕਿ ਅਮਰੀਕਾ ਚਾਰ ਸੂਬਿਆਂ ਨੂੰ ਛੂਹਦਾ ਹੈ- ਕੈਲੀਫੋਰਨੀਆ, ਨਿਊ ਮੈਕਸੀਕੋ, ਐਰੀਜ਼ੋਨਾ ਤੇ ਟੈਕਸਸ, ਇਸ ਦੇ ਨਾਲ ਹੀ 1100 ਕਿਲੋਮੀਟਰ ਸਰਹੱਦ ਦੀ ਘੇਰਾਬੰਦੀ ਕੀਤੀ ਹੋਈ ਹੈ ਉੱਥੇ ਘੁਸਪੈਠ ਦੀਆਂ ਸੰਭਾਵਨਾਵਾਂ ਜ਼ਿਆਦਾ ਹਨ। ਤਾਜ਼ਾ ਘਟਨਾ ਗੁਜਰਾਤ ਨਾਲ ਸਬੰਧਤ ਬ੍ਰਿਜ ਕੁਮਾਰ ਯਾਦਵ ਨਾਂ ਦੇ ਨੌਜਵਾਨ ਦੀ ਹੈ। ਮੈਕਸੀਕੋ ਤੋਂ ਅਮਰੀਕਾ ਵਿੱਚ ਦਾਖਲ ਹੋਣ ਸਮੇਂ ਜਦੋਂ ਇਹ ਵਿਅਕਤੀ ’ਟਰੰਪ ਦੀਵਾਰ’ ਲੰਘ ਰਿਹਾ ਸੀ ਤਾਂ ਉਸ ਦੀ ਇਸ ਕੰਧ ਤੋਂ ਡਿੱਗਣ ਨਾਲ ਮੌਤ ਹੋ ਗਈ।ਬ੍ਰਿਜ ਕੁਮਾਰ ਯਾਦਵ ਦੀ ਪਤਨੀ ਤੇ ਤਿੰਨ ਸਾਲ ਦਾ ਬੱਚਾ ਗੰਭੀਰ ਜ਼ਖ਼ਮੀ ਹੋ ਗਿਆ ਹੈ। ਇਸ ਘਟਨਾ ਨੇ ਗੈਰ ਕਾਨੂੰਨੀ ਪਰਵਾਸ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦੀ ਤਰਾਸਦੀ ਨੂੰ ਇੱਕ ਵਾਰ ਫੇਰ ਚਰਚਾ ਵਿਚ ਲਿਆ ਦਿੱਤਾ ਹੈ।

# ਅਮਰੀਕਾ ’ਚ ਕੜਾਕੇ ਦੀ ਸਰਦੀ ’ਚ ਪ੍ਰਵਾਸੀਆਂ ਤੋਂ ਖੋਹੀ ਪਨਾਹ, ਬੇਘਰੇ ਲੋਕਾਂ ਨੂੰ ਟੈਕਸਾਸ ਦੀ ਗਵਰਨਰ ਨੇ ਛੱਡਿਆ ਕਮਲਾ ਹੈਰਿਸ ਦੇ ਘਰ

ਵਾਸ਼ਿੰਗਟਨ : ਕੜਾਕੇ ਦੀ ਠੰਢ ਦੇ ਦੌਰਾਨ, ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ 130 ਪ੍ਰਵਾਸੀਆਂ ਨੂੰ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਘਰ ਦੇ ਬਾਹਰ ਖੜ੍ਹੇ ਕਰਨ ਲਈ ਲੈ ਕੇ ਆਏ ਸਨ।ਵਸ਼ਿੰਗਟਨ ਪੋਸਟ ਡਾਟ ਕਾਮ ਅਨੁਸਾਰ ਡੈਮੋਕ੍ਰੇਟਿਕ ਪਾਰਟੀ ਦੀ ਸਰਕਾਰ ਦੇ ਇਮੀਗ੍ਰੇਸ਼ਨ ਕਾਨੂੰਨ ਤੋਂ ਨਾਰਾਜ਼, ਗ੍ਰੇਗ ਨੇ ਵਾਸ਼ਿੰਗਟਨ ਲਈ ਤਿੰਨ ਬੱਸਾਂ ਭੇਜੀਆਂ। ਜਿਸ ਵਿੱਚ ਯੂਕਾਡੋਰ, ਵੈਨੇਜ਼ੁਏਲਾ, ਕਿਊਬਾ, ਨਿਕਾਰਾਗੁਆ, ਪੇਰੂ ਅਤੇ ਕੋਲੰਬੀਆ ਤੋਂ ਪ੍ਰਵਾਸੀ ਸਨ। ਵਾਸ਼ਿੰਗਟਨ ਡੀਸੀ ਦੇ ਇੱਕ ਅਧਿਕਾਰੀ ਦੇ ਅਨੁਸਾਰ, ਦੋ ਬੱਸਾਂ ਨੂੰ ਸ਼ੁਰੂ ਵਿੱਚ ਸਥਾਨਕ ਸ਼ੈਲਟਰਾਂ ਵਿੱਚ ਲਿਜਾਇਆ ਗਿਆ ਸੀ। ਕੁਝ ਪ੍ਰਵਾਸੀ ਠੰਡੇ ਮੌਸਮ ਵਿੱਚ ਸਿਰਫ ਟੀ-ਸ਼ਰਟਾਂ ਪਹਿਨ ਕੇ ਆਏ ਸਨ। ਉਨ੍ਹਾਂ ਨੂੰ ਕੰਬਲ ਦਿੱਤੇ ਗਏ ਅਤੇ ਇਕ ਹੋਰ ਬੱਸ ਰਾਹੀਂ ਸਥਾਨਕ ਚਰਚ ਵਿਚ ਲਿਜਾਇਆ ਗਿਆ।

ਕਮਲਾ ਹੈਰਿਸ ਦੇ ਘਰ ਦੇ ਬਾਹਰ ਖੜੇ ਪ੍ਰਵਾਸੀਆਂ ਨੂੰ ਬਾਅਦ ਵਿੱਚ ਨੇੜਲੇ ਚਰਚ ਵਿੱਚ ਤਬਦੀਲ ਕਰ ਦਿੱਤਾ ਗਿਆ। ਵਾਈਟ ਹਾਊਸ ਦੇ ਬੁਲਾਰੇ ਅਬਦੁੱਲਾ ਹਸਨ ਨੇ ਇਸ ਮਾਮਲੇ ’ਤੇ ਬਿਆਨ ਜਾਰੀ ਕੀਤਾ ਹੈ। ਉਸਨੇ ਕਿਹਾ ਕਿ ਗ੍ਰੇਗ ਐਬੋਟ ਨੇ ਹੱਡੀਆਂ ਨੂੰ ਚੀਰ ਦੇਣ ਵਾਲੀ ਠੰਡ ਵਿੱਚ ਬੱਚਿਆਂ ਨੂੰ ਗਲੀ ਵਿੱਚ ਛੱਡ ਦਿੱਤਾ। ਇਹ ਸ਼ਰਮਨਾਕ ਹੈ। ਅਜਿਹੀਆਂ ਸਿਆਸੀ ਖੇਡਾਂ ਨਾਲ ਕੁਝ ਵੀ ਹਾਸਲ ਨਹੀਂ ਹੁੰਦਾ।

ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਰਿਪਬਲਿਕ ਪਾਰਟੀ ਦੇ ਆਗੂਆਂ ਨਾਲ ਮਿਲ ਕੇ ਪ੍ਰਵਾਸੀਆਂ ਦੇ ਮੁੱਦੇ ਦਾ ਹੱਲ ਕੱਢਣਾ ਚਾਹੁੰਦੇ ਹਨ। ਗ੍ਰੇਗ ਐਬੋਟ ਨੇ 20 ਦਸੰਬਰ ਨੂੰ ਰਾਸ਼ਟਰਪਤੀ ਜੋਅ ਬਾਈਡਨ ਨੂੰ 20 ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤ ਕਰਨ ਲਈ ਪੱਤਰ ਲਿਖਿਆ ਸੀ। ਇਸ ਵਿਚ ਉਨ੍ਹਾਂ ਕਿਹਾ ਕਿ ਟੈਕਸਾਸ ’ਤੇ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਪ੍ਰਵਾਸੀਆਂ ਦਾ ਬੋਝ ਵੱਧ ਰਿਹਾ ਹੈ। ਇਸ ਤੋਂ ਪਹਿਲਾਂ ਉਸਨੇ ਕਿਹਾ ਸੀ ਕਿ ਉਹ ਜਾਣਬੁੱਝ ਕੇ ਟੈਕਸਾਸ ਤੋਂ ਪ੍ਰਵਾਸੀਆਂ ਨੂੰ ਦੂਜੇ ਸ਼ਹਿਰਾਂ ਵਿੱਚ ਛੱਡ ਰਿਹਾ ਹੈ, ਜਿੱਥੇ ਉਨ੍ਹਾਂ ਦਾ ਸਵਾਗਤ ਕੀਤਾ ਜਾਂਦਾ ਹੈ।

# ਟੈਕਸਾਸ ਵਿਚ ਪਿਛਲੇ ਸਾਲ ਚੋਣ ਜਿੱਤੇ 3 ਭਾਰਤੀ ਅਮਰੀਕੀਆਂ ਨੇ ਜੱਜ ਵਜੋਂ ਸਹੁੰ ਚੁੱਕੀ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- 8 ਨਵੰਬਰ 2022 ਨੂੰ ਮੱਧਕਾਲੀ ਚੋਣਾਂ ਜਿੱਤਣ ਵਾਲੇ 3 ਜੱਜਾਂ ਜੂਲੀ ਏ ਮੈਥੀਊ, ਕੇ ਪੀ ਜਾਰਜ ਤੇ ਸੁਰੇਦਰਨ ਕੇ ਪਟੇਲ ਨੇ ਟੈਕਸਾਸ ਵਿਚ ਆਪਣੇ ਅਹੁਦੇ ਦੀ ਸਹੁੰ ਚੁੱਕੀ। ਇਹ ਸਾਰੇ ਡੈਮੋਕ੍ਰੈਟਿਕ ਪਾਰਟੀ ਨਾਲ ਸਬੰਧਤ ਹਨ। ਮੈਥੀਊ ਜਿਸ ਦਾ ਪਿਛੋਕੜ ਤੀਰੂਵਲਾ (ਕੇਰਲਾ) ਨਾਲ ਹੈ, ਨੇ ਵੀਡੀਓ ਕਾਨਫਰੰਸ ਰਾਹੀਂ ਸਹੁੰ ਚੁੱਕੀ। ਉਹ ਫੋਰਟ ਬੈਂਡ ਕਾਊਂਟੀ ਦੀ 3 ਨੰਬਰ ਕੋਰਟ ਦੇ ਪ੍ਰੀਜਾਈਡਿੰਗ ਜੱਜ ਵੱਜੋਂ 4 ਸਾਲ ਲਈ ਸੇਵਾ ਨਿਭਾਉਣਾ ਜਾਰੀ ਰਖਣਗੇ। ਉਨ੍ਹਾਂ ਨੇ ਦੁਬਾਰਾ ਚੋਣ ਲੜੀ ਸੀ ਅਤੇ ਆਪਣੇ ਵਿਰੋਧੀ ਰਿਪਬਲੀਕਨ ਉਮੀਦਵਾਰ ਐਂਡਰੀਊ ਡੋਰਨਬਰਗ ਨੂੰ 123116 ਵੋਟਾਂ ਨਾਲ ਹਰਾਇਆ ਸੀ। 2018 ਵਿਚ ਮੈਥੀਊ ਨੇ ਪਹਿਲੀ ਭਾਰਤੀ ਅਮਰੀਕੀ ਔਰਤ ਵਜੋਂ ਉਸ ਵੇਲੇ ਇਤਿਹਾਸ ਰਚ ਦਿੱਤਾ ਸੀ ਜਦੋਂ ਉਹ ਅਮਰੀਕੀ ਬੈਂਚ ਲਈ ਚੁਣੀ ਗਈ ਸੀ। ਉਸ ਨੇ ਰਿਪਬਲੀਕਨ ਉਮੀਦਵਾਰ ਟਰੀਸੀਆ ਕਰੇਨਕ ਨੂੰ 8.25% ਦੇ ਪ੍ਰਭਾਵਸ਼ਾਲੀ ਫਰਕ ਨਾਲ ਹਰਾਇਆ ਸੀ। 57 ਸਾਲਾ ਜਾਰਜ ਨੇ ਫੋਰਟ ਬੈਂਡ ਕਾਊਂਟੀ ਜੱਜ ਵਜੋਂ ਫਸਵੇਂ ਮੁਕਾਬਲੇ ਵਿਚ ਦੂਸਰੀ ਵਾਰ ਚੋਣ ਜਿੱਤੀ ਸੀ। ਉਨ੍ਹਾਂ ਦਾ ਪਿਛੋਕੜ ਵੀ ਕੇਰਲਾ ਨਾਲ ਜੁੜਿਆ ਹੋਇਆ ਹੈ। 52 ਸਾਲਾ ਪਟੇਲ ਜਿਨ੍ਹਾਂ ਨੇ 240ਵੇਂ ਜੁਡੀਸ਼ੀਅਲ ਡਿਸਟ੍ਰਿਕਟ ਤੋਂ ਚੋਣ ਜਿੱਤੀ ਹੈ, ਨੇ ਡਿਸਟ੍ਰਿਕਟ ਜੱਜ ਵਜੋਂ ਸਹੁੰ ਚੁੱਕੀ।

# ਪੰਜਾਬ ਦਾ ਉਜਾੜਾ: ‘ਬ੍ਰੇਨ ਡਰੇਨ ਟੂ ਕੈਨੇਡਾ’

ਜੇਕਰ ਇਕੱਲੇ ਕੈਨੇਡਾ ਦੀ ਗੱਲ ਕਰੀਏ ਤਾਂ ਇਥੇ ਲਗਭਗ 13 ਲੱਖ ਤੋਂ ਵੀ ਵੱਧ ਪੰਜਾਬੀ ਹਨ ਜੋ ਕਿ ਉਥੋਂ ਦੀ ਵਸੋਂ ਦਾ ਲਗਭਗ 3% ਹਿੱਸਾ ਬਣਦਾ ਹੈ ਅਤੇ ਇਹ ਵਾਧਾ ਲਗਾਤਾਰ ਵਧਦਾ ਜਾ ਰਿਹਾ ਹੈ। ਜਿੰਨੀ ਤੇਜ਼ੀ ਨਾਲ ਨੌਜਵਾਨ ਵਰਗ ਪਰਵਾਸ ਕਰ ਰਿਹਾ ਹੈ, ਉਸਦੇ ਮੱਦੇਨਜ਼ਰ ਮੁਲਕ ਭਰ ਵਿੱਚ ਨੌਜਵਾਨ ਪੀੜ੍ਹੀ ਦੀ ਗਿਣਤੀ ਘਟਣ ਦੇ ਆਸਾਰ ਹਨ। ਮਾਂ-ਬਾਪ ਆਪਣੇ ਬੱਚਿਆਂ ਨੂੰ ਬਾਰ੍ਹਵੀਂ ਕਰਾਉਣ ਤੋਂ ਬਾਅਦ ਲੱਖਾਂ ਰੁਪਏ ਖਰਚ ਕੇ ਵਿਦੇਸ਼ ਭੇਜਣ ਨੂੰ ਤਰਜੀਹ ਦੇ ਰਹੇ ਹਨ। ਵਿਦੇਸ਼ਾਂ ਵਿੱਚ ਪੜ੍ਹਾਈ ਦੇ ਨਾਲ-ਨਾਲ 20-25 ਘੰਟੇ ਹਫ਼ਤੇ ਵਿੱਚ ਕੰਮ ਕਰਨ ਦਾ ਮੌਕਾ ਵੀ ਮਿਲ ਜਾਂਦਾ ਹੈ। ਕੰਮ ਦੇ ਬਦਲੇ ਵਾਜਬ ਮਜ਼ਦੂਰੀ ਮਿਲਦੀ ਹੈ। ਜਦਕਿ ਭਾਰਤ ਵਿੱਚ ਸਿੱਖਿਆ ਪ੍ਰਾਪਤ ਕਰਦੇ ਹੋਏ ਕੰਮ ਕਰਨ ਦੀ ਵਿਵਸਥਾ ਨਹੀਂ ਹੈ। ਪੜ੍ਹਾਈ ਪੂਰੀ ਕਰ ਲੈਣ ਤੋਂ ਬਾਅਦ ਪੀ.ਆਰ. ਮਿਲਣ ਦੀ ਸੰਭਾਵਨਾ ਹੁੰਦੀ ਹੈ। ਇਸਦੇ ਨਾਲ ਹੀ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੀ ਗਰੰਟੀ ਵੀ ਪ੍ਰਦਾਨ ਕਰਦੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਮੁਲਕਾਂ ਵਿੱਚ ਸ਼ੁੱਧ ਖੁਰਾਕ, ਸਾਫ-ਸੁਥਰਾ ਪੌਣ-ਪਾਣੀ, ਸੁਰੱਖਿਅਤ ਮਾਹੌਲ, ਸ਼ਾਂਤਮਈ ਵਾਤਾਵਰਣ ਅਤੇ ਵਧੀਆ ਅਰਥਿਕ ਤੇ ਸਮਾਜਿਕ ਢਾਂਚਾ ਵੀ ਵਧੇਰੇ ਕਰਕੇ ਨੌਜਵਾਨਾਂ ਨੂੰ ਆਕਰਸ਼ਿਤ ਕਰਦਾ ਹੈ।

ਜੇਕਰ ਪੰਜਾਬ ਦੇ ਪੈਸੇ ਦੀ ਗੱਲ ਕਰੀਏ ਤਾਂ ਹਰ ਸਾਲ ਲਗਭਗ 1.45 ਲੱਖ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਲਈ 25 ਅਰਬ 30 ਕਰੋੜ ਰੁਪਏ ਖਰਚ ਕਰਦੇ ਹਨ। 80 ਫੀਸਦੀ ਮਾਪੇ ਬਾਰ੍ਹਵੀਂ ਜਮਾਤ ਤੋਂ ਬਾਅਦ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਦੇ ਇਛੁੱਕ ਹਨ ਅਤੇ 90 ਫੀਸਦੀ ਵਿਦਿਆਰਥੀ ਪੰਜਾਬ ਦੀ ਬਜਾਏ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ, ਯੂਰਪੀਅਨ ਅਤੇ ਹੋਰ ਦੇਸ਼ਾਂ ਵਿੱਚ ਜਾਣ ਦੇ ਪੱਖ ਵਿੱਚ ਹਨ। ਪੰਜਾਬ ਦੇ ਬਜਟ ਦਾ ਲਗਭਗ 17 ਫੀਸਦੀ ਰੁਪਇਆ ਹਰ ਸਾਲ ਮਾਪਿਆਂ ਵੱਲੋਂ ਬੱਚਿਆਂ ਦੀ ਪੜ੍ਹਾਈ ਲਈ ਦੂਜੇ ਦੇਸ਼ਾਂ ਵਿੱਚ ਭੇਜਿਆ ਜਾ ਰਿਹਾ ਹੈ। ਗੈਰ-ਕਾਨੂੰਨੀ ਢੰਗ ਨਾਲ ਟ੍ਰੈਵਲ ਏਜੰਟ ਨੌਜਵਾਨਾਂ ਤੋਂ 10 ਤੋਂ 20 ਲੱਖ ਲੈ ਕੇ ਬਾਹਰ ਭੇਜਦੇ ਹਨ, ਜਿਸ ਨਾਲ ਬਾਹਰ ਜਾਣ ਵਾਲੇ ਧਨ ਦੀ ਮਾਤਰਾ ਹੋਰ ਵਧ ਜਾਂਦੀ ਹੈ ਜੋ ਪੰਜਾਬ ਦੀ ਅਰਥ ਵਿਵਸਥਾ ਲਈ ਕਿਸੇ ਦਿਨ ਮੁਸ਼ਕਿਲ ਪੈਦਾ ਕਰ ਸਕਦੀ ਹੈ। ਬੱਚਿਆਂ ਵਲੋਂ ਵਿਦੇਸ਼ਾਂ ਵਿੱਚ ਕਮਾਇਆ ਧਨ ਹੁਣ ਵਾਪਸ ਪੰਜਾਬ ਨਹੀਂ ਆ ਰਿਹਾ। ਸਗੋਂ ਵਿਦੇਸ਼ ਪੜ੍ਹਦੇ ਬੱਚੇ ਉੱਥੇ ਹੀ ਰੀਅਲ ਅਸਟੇਟ, ਟਰਾਂਸਪੋਰਟ, ਕੋਠੀਆਂ ਜਾਂ ਕਾਰਾਂ ’ਤੇ ਹੀ ਖਰਚ ਕਰ ਰਹੇ ਹਨ।

# ਪੰਜਾਬ ’ਚ ਕੈਂਸਰ ਦਾ ਵਧਦਾ ਪ੍ਰਕੋਪ



## ਮਾਲਵੇ ਵਿੱਚ ਵੱਧ ਰਹੇ ਕੈਂਸਰ ਦੇ ਮਾਮਲੇ

## ਨਿਆਣੇ ਤੇ ਸਿਆਣੇ ਵੀ ਕੈਂਸਰ ਦੀ ਲਪੇਟ ਵਿੱਚ, ਕੈਂਸਰ ਦੇ ਮਾਮਲਿਆਂ ’ਚ ਵਾਧਾ ਕਿਉਂ ?

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿੱਚ ਕੈਂਸਰ ਇੱਕ ਖ਼ਬਰ ਬਣੀ ਹੋਈ ਹੈ। ਇਹ ਸੋਚਿਆ ਗਿਆ ਸੀ ਕਿ ਪੰਜਾਬ ਵਿੱਚ ਕੈਂਸਰ ਦੇ ਕੇਸ ਰਾਸ਼ਟਰੀ ਔਸਤ ਤੋਂ ਵੱਧ ਗਏ ਹਨ ਅਤੇ ਮਹਿਸੂਸ ਕੀਤਾ ਗਿਆ ਹੈ ਕਿ ‘ਦੇਸ਼ ਦਾ ਭੋਜਨ ਕਟੋਰਾ ਪੰਜਾਬ ਕੈਂਸਰ ਦੀ ਲਪੇਟ ਵਿੱਚ ਹੈ’। ਪੰਜਾਬ ਰਾਜ ਕੈਂਸਰ ਦੀ ਵਧਦੀ ਦਰ ਕਾਰਨ ਫੋਕਸ ਵਿੱਚ ਹੈ। ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੋਵਾਂ ਨੇ ਇਹ ਪ੍ਰਭਾਵ ਪੈਦਾ ਕੀਤਾ ਹੈ ਕਿ ਪੰਜਾਬ, ਖਾਸ ਤੌਰ ’ਤੇ ਮਾਲਵਾ ਖੇਤਰ ਦੀ ਕਪਾਹ ਪੱਟੀ, ਕੈਂਸਰ ਦਾ ਇੱਕ ਉੱਚ ਪੱਧਰੀ ਖੇਤਰ ਬਣ ਗਿਆ ਹੈ। ਅਸਲ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਵਧੀ ਹੋਈ ਸੰਖਿਆ ਘੱਟੋ-ਘੱਟ ਅੰਸ਼ਕ ਤੌਰ ’ਤੇ ਵਧਦੀ ਅਬਾਦੀ ਅਤੇ ਵਧਦੀ ਸਿਹਤ ਜਾਗਰੂਕਤਾ ਅਤੇ ਰਿਪੋਰਟਿੰਗ ਦੇ ਕਾਰਨ ਹੋ ਸਕਦੀ ਹੈ। ਇਸ ਅਧਿਐਨ ਦਾ ਉਦੇਸ਼ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਕੈਂਸਰ ਰਜਿਸਟਰੀ ਅਧੀਨ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ (ਐੱਮ.ਐੱਮ.ਪੀ.ਸੀ.ਆਰ.ਕੇ.ਐੱਸ.) ਵਿਚ ਰਜਿਸਟਰਡ ਮਰੀਜ਼ਾਂ ਵਿਚ ਕੈਂਸਰ ਦੇ ਪੈਟਰਨ ਦਾ ਪਤਾ ਲਗਾਉਣਾ ਹੈ।

ਇਸ ਅਧਿਐਨ ਵਿੱਚ ਕੈਂਸਰ ਦੇ ਮੁਫ਼ਤ ਇਲਾਜ ਲਈ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਐੱਮ.ਐੱਮ.ਪੀ.ਸੀ.ਆਰ.ਕੇ.ਐੱਸ.ਅਧੀਨ ਰਜਿਸਟਰਡ 500 ਕੈਂਸਰ ਮਰੀਜ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉਮਰ, ਲਿੰਗ, ਧਰਮ, ਨਿਦਾਨ ਦੀ ਵਿਧੀ ਅਤੇ ਪ੍ਰਭਾਵਿਤ ਸਾਈਟਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ। ਨਤੀਜਿਆਂ ਦਾ ਅੰਕੜਾਤਮਕ ਤੌਰ ’ਤੇ ਵਿਸ਼ਲੇਸ਼ਣ ਕੀਤਾ ਗਿਆ। 500 ਮਰੀਜ਼ਾਂ ਵਿੱਚੋਂ, 65% ਔਰਤਾਂ ਅਤੇ 35% ਮਰਦ ਹਨ। 50-54 ਅਤੇ 60-64 ਤੋਂ ਉਮਰ ਵਰਗ ਔਰਤਾਂ ਸਭ ਤੋਂ ਵੱਧ ਪ੍ਰਭਾਵਿਤ, ਜਦੋਂ ਕਿ 65-69 ਅਤੇ 60-64 ਸਾਲ ਦੀ ਉਮਰ ਦੇ ਮਰਦਾਂ ਨੂੰ ਸਭ ਤੋਂ ਵੱਧ ਖਤਰਾ ਹੈ। ਔਰਤਾਂ ਵਿੱਚ ਛਾਤੀ ਦੇ ਬਾਅਦ ਬੱਚੇਦਾਨੀ ਦਾ ਮੂੰਹ ਅਤੇ ਅੰਡਾਸ਼ਯ ਦੇ ਕੈਂਸਰ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ, ਜਿੱਥੇ ਮਰਦਾਂ ਵਿੱਚ ਉਹ ਕੋਲੋਨ ਤੋਂ ਬਾਅਦ ਨਾੜੀ ਅਤੇ ਜੀਭ ਦੇ ਕੈਂਸਰ ਦੇ ਮਾਮਲੇ ਹਨ। ਸਭ ਤੋਂ ਆਮ ਹਿਸਟੌਲੋਜੀਕਲ ਕਿਸਮ ਐਡੀਨੋਕਾਰਸੀਨੋਮਾ, ਜਿਸ ਤੋਂ ਬਾਅਦ ਸਕਵਾਮਸ ਸੈੱਲ ਕਾਰਸੀਨੋਮਾ ਹੈ। ਪੰਜਾਬ ਵਿੱਚ ਕੈਂਸਰ ਦਾ ਵੱਧ ਰਿਹਾ ਰੁਝਾਨ ਚਿੰਤਾਜਨਕ ਹੈ। ਕਿਉਂਕਿ ਇਹ ਅਧਿਐਨ ਇੱਕ ਮੁੱਢਲੀ ਜਾਂਚ ਹੈ, ਇਸ ਲਈ ਇਹ ਪੰਜਾਬ ਵਿੱਚ ਕੈਂਸਰ ਦੀ ਰੋਕਥਾਮ, ਇਲਾਜ ਅਤੇ ਭਵਿੱਖ ਦੀ ਯੋਜਨਾਬੰਦੀ ਵਿੱਚ ਮੋਹਰੀ ਭੂਮਿਕਾ ਪ੍ਰਦਾਨ ਕਰ ਸਕਦਾ ਹੈ।

**ਪੰਜਾਬ ਦੇ ਕਰੀਬ 1 ਦਰਜਨ ਪਿੰਡ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨਾਲ ਪੀੜਤ**

ਪੰਜਾਬ ਹਰਿਆਣਾ ਬਾਰਡਰ ’ਤੇ ਸਥਿਤ ਪੰਜਾਬ ਦੇ ਕਰੀਬ 1 ਦਰਜਨ ਪਿੰਡ ਅਜਿਹੇ ਹਨ, ਜਿੱਥੇ ਪੀਣ ਯੋਗ ਪਾਣੀ ਨਾ ਹੋਣ ਕਾਰਨ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ



ਤੇਜ਼ੀ ਨਾਲ ਫੈਲ ਰਹੀਆਂ ਹਨ। ਬਠਿੰਡਾ ਦੇ ਹਲਕਾ ਤਲਵੰਡੀ ਸਾਬੋ ਵਿਚਲੇ ਇਨ੍ਹਾਂ ਪਿੰਡਾਂ ਵਿਚਲੀ ਸਮੱਸਿਆ ਸਿਆਸੀ ਪਾਰਟੀਆਂ ਲਈ ਕੋਈ ਮੁੱਦਾ ਨਹੀਂ ਰਹੀ। ਪਿੰਡ ਦੀਆਂ ਗਲੀਆਂ ਨਾਲੀਆਂ ਨੂੰ ਵਿਕਾਸ ਦੱਸਣ ਵਾਲੀਆਂ ਸਿਆਸੀ ਪਾਰਟੀਆਂ ਵੱਲੋਂ ਕੈਂਸਰ ਪੀੜਤਾਂ ਦੀ ਸਾਰ ਨਹੀਂ ਲਈ ਗਈ। ਜਿਸ ਕਾਰਨ ਕੈਂਸਰ ਦੀ ਬਿਮਾਰੀ ਤੇਜ਼ੀ ਨਾਲ ਫੈਲ ਰਹੀ ਹੈ ਅਤੇ ਲੋਕ ਇਲਾਜ ਕਰਵਾਉਣ ਲਈ ਲੱਖਾਂ ਰੁਪਏ ਖਰਚ ਕਰਨ ਲਈ ਮਜਬੂਰ ਹਨ। ਕੈਂਸਰ ਪੀੜਤਾਂ ਨੇ ਪਿੰਡ ਦਾ ਨਾਂ ਨਾ ਛਾਪਣ ਦੀ ਸ਼ਰਤ ’ਤੇ ਗੱਲਬਾਤ ਕਰਦਿਆਂ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਉਨ੍ਹਾਂ ਨੂੰ ਸ਼ਾਇਦ ਵੋਟਰ ਨਹੀਂ ਸਮਝਿਆ ਜਾਂਦਾ।

**ਮਾਲਵੇ ਵਿੱਚ ਵੱਧ ਰਹੇ ਕੈਂਸਰ ਦੇ ਮਾਮਲੇ**

ਦੱਖਣੀ ਮਾਲਵਾ ਖੇਤਰ, ਜਿਸ ਨੂੰ ਸੂਬੇ ਦੀ ਕਪਾਹ ਪੱਟੀ ਵਜੋਂ ਵੀ ਜਾਣਿਆ ਜਾਂਦਾ ਹੈ, ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਅਤੇ ਇਸਦੀ ਗਿਣਤੀ ਹਰ ਸਾਲ ਵੱਧ ਰਹੀ ਹੈ। 82,000 ਤੋਂ ਵੱਧ ਮਰੀਜ਼ਾਂ, ਜਿਨ ਾਂ ਵਿੱਚੋਂ ਜ਼ਿਆਦਾਤਰ ਮਾਲਵਾ ਖੇਤਰ ਦੇ ਸਨ, ਨੇ ਪਿਛਲੇ ਸਾਲ ਬਠਿੰਡਾ ਦੇ ਐਡਵਾਂਸਡ ਕੈਂਸਰ ਇੰਸਟੀਚਿਊਟ ਤੋਂ ਇਲਾਜ ਕਰਵਾਇਆ, ਜੋ ਛੇ ਸਾਲ ਪਹਿਲਾਂ ਸਥਾਪਿਤ ਕੀਤਾ ਗਿਆ ਸੀ। ਸੰਸਥਾ ਨੇ 2016 ਵਿੱਚ 11,000, 2017 ਵਿੱਚ 27,000, 2018 ਵਿੱਚ 39,400, 2019 ਵਿੱਚ 48,000 ਅਤੇ 2020 ਵਿੱਚ 60,000 ਮਰੀਜ਼ ਕੈਂਸਰ ਪੀੜਤ ਦੇਖੇ।

ਮਾਹਿਰਾਂ ਦਾ ਦਾਅਵਾ ਹੈ ਕਿ ਖੋਜ ਅਧਿਐਨਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਮਾਲਵਾ ਖੇਤਰ ਵਿੱਚ ਇਹ ਬਿਮਾਰੀ ਮੁੱਖ ਤੌਰ ’ਤੇ ਖੇਤੀਬਾੜੀ ਵਿੱਚ ਕੀਟਨਾਸ਼ਕਾਂ ਅਤੇ ਹੋਰ ਰਸਾਇਣਾਂ ਦੀ ਲਗਾਤਾਰ ਵਰਤੋਂ ਕਾਰਨ ਫੈਲੀ ਹੈ।

ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਦੁਆਰਾ ਸ਼ੁਰੂ ਕੀਤੇ ਗਏ 2018 ਦੇ ਅਧਿਐਨ ਵਿੱਚ ਪਾਇਆ ਗਿਆ ਸੀ ਕਿ ਕੈਲਸ਼ੀਅਮ, ਮੈਗਨੀਸ਼ੀਅਮ, ਸੋਡੀਅਮ, ਨਾਈਟ੍ਰੇਟ ਅਤੇ ਫਲੋਰਾਈਡ ਦਾ ਗਾੜ੍ਹਾਪਣ ਪ੍ਰਵਾਨਿਤ ਸੀਮਾ ਤੋਂ ਵੱਧ ਹੈ, ਜਿਸ ਨਾਲ ਮਾਲਵਾ ਖੇਤਰ ਵਿੱਚ 80.3 ਪ੍ਰਤੀਸ਼ਤ ਧਰਤੀ ਹੇਠਲਾ ਪਾਣੀ ਪੀਣ ਲਈ ਅਣਉਚਿਤ ਹੈ।

ਐਡਵਾਂਸਡ ਕੈਂਸਰ ਇੰਸਟੀਚਿਊਟ ਦੇ ਡਾਇਰੈਕਟਰ, ਡਾ. ਦੀਪਕ ਅਰੋੜਾ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਬਿਮਾਰੀ ਦਾ ਜਲਦੀ ਪਤਾ ਲਗਾਉਣ ਤੇ ਜਾਂਚ ਨਾਲ ਸਫਲ ਇਲਾਜ ਦੀਆਂ ਸੰਭਾਵਨਾਵਾਂ ਵਿੱਚ ਵਧੇਰੇ ਸੁਧਾਰ ਕੀਤਾ ਗਿਆ ਹੈ। ਡਾ. ਅਰੋੜਾ ਨੇ ਕਿਹਾ, ਅਸੀਂ ਇਸ ਬਿਮਾਰੀ ਬਾਰੇ ਜਾਗਰੂਕਤਾ ਪੈਦਾ ਕਰ ਰਹੇ ਹਾਂ ਅਤੇ ਇਹੀ ਕਾਰਨ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਸਾਡੇ ਸੰਸਥਾਨ ਵਿੱਚ ਆ ਰਹੇ ਹਨ। ਪਹਿਲਾਂ, ਉਹ ਕੈਂਸਰ ਦੇ ਇਲਾਜ ਲਈ ਬੀਕਾਨੇਰ ਵਰਗੀਆਂ ਦੂਰ-ਦੁਰਾਡੇ ਥਾਵਾਂ ’ਤੇ ਜਾ ਰਹੇ ਸਨ।

ਕੈਂਸਰ ਇੰਸਟੀਚਿਊਟ ਦੇ ਐਸੋਸੀਏਟ ਪ੍ਰੋਫੈਸਰ ਡਾ. ਕਰੁਣਾ ਸਿੰਘ ਨੇ ਕਿਹਾ ਕਿ ਔਰਤਾਂ ਦੇ ਮਰੀਜ਼ਾਂ ਵਿੱਚ ਛਾਤੀ ਅਤੇ ਬੱਚੇਦਾਨੀ ਦੇ ਮੂੰਹ ਦਾ ਕੈਂਸਰ ਆਮ ਹੈ, ਜਦੋਂ ਕਿ ਨੌਜਵਾਨਾਂ ਵਿੱਚ ਸਿਰ ਅਤੇ ਗਰਦਨ ਦਾ ਕੈਂਸਰ ਪ੍ਰਮੁੱਖ ਹੈ। ਪ੍ਰਭਾਵਿਤ ਲੋਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ, ਰਾਜ ਸਰਕਾਰ ਨੇ 2013 ਵਿੱਚ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਯੋਜਨਾ ਸ਼ੁਰੂ ਕੀਤੀ ਸੀ। ਇਸ ਯੋਜਨਾ ਤਹਿਤ ਹਰੇਕ ਕੈਂਸਰ ਦੇ ਮਰੀਜ਼ ਦੇ ਇਲਾਜ ਲਈ 1.5 ਲੱਖ ਰੁਪਏ ਤੱਕ ਦੀ ਰਾਸ਼ੀ ਉਪਲਬਧ ਕਰਵਾਈ ਜਾਂਦੀ ਹੈ।

**ਪੰਜਾਬ ’ਚ ਨਿਆਣੇ ਤੇ ਸਿਆਣੇ ਵੀ ਕੈਂਸਰ ਦੀ ਮਾਰ ਤੋਂ ਨਹੀਂ ਬਚ ਸਕੇ**

ਜਿਨ੍ਹਾਂ ਬੱਚਿਆਂ ਨੇ ਬਸਤੇ ਚੁੱਕ ਸਕੂਲਾਂ ’ਚ ਜਾਣਾ ਸੀ, ਉਨ ਾਂ ਨੂੰ ਇਲਾਜ ਲਈ ਹਸਪਤਾਲਾਂ ’ਚ ਜਾਣਾ ਪੈ ਰਿਹਾ ਹੈ। ਤ੍ਰਾਸਦੀ ਇਹ ਹੈ ਕਿ ਬੱਚਿਆਂ ਦੇ ਇਲਾਜ ’ਚ ਲੱਗੇ ਮਾਪੇ ਉਸ ਤੋਂ ਵੀ ਵੱਡਾ ਦੁੱਖ ਭੋਗ ਰਹੇ ਹਨ। ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਵੱਲੋਂ ਪ੍ਰਾਪਤ ਆਰਟੀਆਈ ਸੂਚਨਾ ਅਨੁਸਾਰ ਫ਼ਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ 2009 ਤੋਂ ਦਸੰਬਰ 2021 ਤੱਕ ਕੈਂਸਰ ਪੀੜਤ 375 ਬੱਚੇ ਇਲਾਜ ਲਈ ਆਏ ਸਨ। ਇੱਕ ਕਾਲਜ ਅਧਿਆਪਕ ਵਿਸ਼ਾਲ ਮੌੜ ਨੇ ਦੱਸਿਆ ਕਿ ਉਸ ਦੀ ਇੱਕ ਸਾਲ ਦੀ ਭਤੀਜੀ ਕੈਂਸਰ ਤੋਂ ਪੀੜਤ ਹੈ ਜਿਸ ਦਾ ਇਲਾਜ ਪੀਜੀਆਈ ਵਿਚ ਚੱਲ ਰਿਹਾ ਹੈ। ਲੁਧਿਆਣਾ ਦੇ ਸੀਐੱਮਸੀ ਹਸਪਤਾਲ ’ਚ ਡੇਢ ਸਾਲ ਵਿੱਚ 11 ਬੱਚੇ ਇਲਾਜ ਲਈ ਆ ਚੁੱਕੇ ਹਨ। ਬਠਿੰਡਾ ’ਚ ਐਡਵਾਂਸਡ ਕੈਂਸਰ ਇੰਸਟੀਚਿਊਟ ਹੈ ਜਿੱਥੇ ਛੇ ਸਾਲਾਂ ਅੰਦਰ ਤਕਰੀਬਨ 2.60 ਲੱਖ ਮਰੀਜ਼ ਇਲਾਜ ਕਰਾ ਚੁੱਕੇ ਹਨ। ਡਾ. ਦੀਪਕ ਅਰੋੜਾ ਨੇ ਦੱਸਿਆ ਕਿ ਕੈਂਸਰ ਦੀ ਮਾਰ ਤੋਂ ਛੋਟੇ ਬੱਚੇ ਵੀ ਨਹੀਂ ਬਚੇ ਹਨ। ਪਹਿਲਾਂ ਜਿਨ ਾਂ ਮਰੀਜ਼ਾਂ ਨੂੰ ਇਲਾਜ ਲਈ ਬੀਕਾਨੇਰ ਜਾਣਾ ਪੈਂਦਾ ਸੀ, ਉਨ ਾਂ ਲਈ ਐਡਵਾਂਸਡ ਕੈਂਸਰ ਇੰਸਟੀਚਿਊਟ ਵੱਡਾ ਸਹਾਰਾ ਬਣ ਰਿਹਾ ਹੈ। ਇਸ ਤੋਂ ਇਲਾਵਾ ਗੰਭੀਰ ਬਿਮਾਰੀਆਂ ਦੀ ਚਪੇਟ ’ਚ ਆਉਣ ਕਰਕੇ ਬਠਿੰਡਾ ਹੁਣ ਮੈਡੀਕਲ ਹੱਬ ਵਜੋਂ ਵੀ ਉੱਭਰ ਰਿਹਾ ਹੈ।

**ਕੈਂਸਰ ਦੇ ਮਾਮਲੇ ਕਿਉਂ ਵੱਧ ਰਹੇ ਹਨ**

ਡਾ. ਹਰੀਸ਼ ਪੀ, ਸਲਾਹਕਾਰ - ਮੈਡੀਕਲ ਓਨਕੋਲੋਜੀ ਦਾ ਮੰਨਣਾ ਹੈ , ਕੀ ਤੁਸੀਂ ਕਦੇ-ਕਦੇ ਇਹ ਵੀ ਸੋਚਦੇ ਹੋ ਕਿ ਵਿਗਿਆਨ ਨੇ ਕੈਂਸਰ ਖੋਜ, ਰੋਕਥਾਮ ਅਤੇ ਇਲਾਜ ਦੇ ਖੇਤਰ ਵਿੱਚ ਕਾਫ਼ੀ ਤਰੱਕੀ ਕੀਤੀ ਹੈ, ਭਾਵੇਂ ਕਿ ਇੰਨੇ ਸਾਰੇ ਲੋਕਾਂ

(ਬਾਕੀ ਸਫ਼ਾ 31 ’ਤੇ)

### ਸਮੇਂ ਦੀਆਂ ਸਰਕਾਰਾਂ ਨੇ ਕੀ ਕਦਮ ਚੁੱਕੇ ?

ਸਰਕਾਰੀ ਅੰਕੜੇ ਦੱਸਦੇ ਨੇ ਕਿ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਯੋਜਨਾ ਸਕੀਮ ਦੇ ਤਹਿਤ ਸਾਲ 2019 ਦੇ ਵਿੱਚ ਲਗਪਗ 6122 ਮਰੀਜ਼ਾ ਦੇ ਕੈਂਸਰ ਦੇ ਇਲਾਜ ਲਈ 85 ਕਰੋੜ ਰੁਪਏ ਦੀ ਰਾਸ਼ੀ ਖਰਚੀ ਗਈ, ਕੈਂਸਰ ਦੇ ਇਲਾਜ ਲਈ ਸਮੇਂ ਦੀਆਂ ਸਰਕਾਰਾਂ ਵੱਲੋਂ ਚਲਾਈਆਂ ਗਈਆਂ ਸਕੀਮਾਂ ਤਹਿਤ 1.5 ਲੱਖ ਰੁਪਏ ਤੱਕ ਦੀ ਵਿੱਤੀ ਮਦਦ ਤਜਵੀਜ਼ ਰੱਖੀ ਗਈ ਹੈ। ਸਾਲ ਦਰ ਸਾਲ ਜਾਰੀ ਮੁੱਖ ਮੰਤਰੀ ਕੈਂਸਰ ਰਾਹਤ ਯੋਜਨਾ ਸਕੀਮ ਤਹਿਤ ਫੰਡ 2011 ਤੋਂ ਲੈ ਕੇ ਹੁਣ ਤੱਕ ਰਿਪੋਰਟ :-

2011-12, ਮਰੀਜ਼ਾਂ ਦੀ ਗਿਣਤੀ 6027, ਜਾਰੀ ਕੀਤੀ ਰਕਮ 64,93,85,163/-
2012-13, ਮਰੀਜ਼ਾਂ ਦੀ ਗਿਣਤੀ 5565, ਜਾਰੀ ਕੀਤੀ ਰਕਮ 61,32,51,364/-
2013-14 ਮਰੀਜ਼ਾਂ ਦੀ ਗਿਣਤੀ 8121, ਜਾਰੀ ਕੀਤੀ ਰਕਮ 109,48,20,009/-
2014-15 ਮਰੀਜ਼ਾਂ ਦੀ ਗਿਣਤੀ 8173, ਜਾਰੀ ਕੀਤੀ ਰਕਮ 109,55,89,112/-
2015-16 ਮਰੀਜ਼ਾਂ ਦੀ ਗਿਣਤੀ 8925, ਜਾਰੀ ਕੀਤੀ ਰਕਮ 116,46,46,004/-
2016-17 ਮਰੀਜ਼ਾਂ ਦੀ ਗਿਣਤੀ 8799, ਜਾਰੀ ਕੀਤੀ ਰਕਮ 118,62,77,751/-
2017-18 ਮਰੀਜ਼ਾਂ ਦੀ ਗਿਣਤੀ 7425, ਜਾਰੀ ਕੀਤੀ ਰਕਮ 104,04,58,675/-
2018-19 ਮਰੀਜ਼ਾਂ ਦੀ ਗਿਣਤੀ 7378, ਜਾਰੀ ਕੀਤੀ ਰਕਮ 108,88,49,903/-
2019-20 ਮਰੀਜ਼ਾਂ ਦੀ ਗਿਣਤੀ 3285, ਜਾਰੀ ਕੀਤੀ ਰਕਮ 42,87,29,483/-

### ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ’ਚ ਹੋਮੀ ਭਾਭਾ ਕੈਂਸਰ ਹਸਪਤਾਲ ਦਾ ਉਦਘਾਟਨ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੇ ਮੋਹਾਲੀ ਜ਼ਿਲੇ ਦੇ ਮੁੱਲਾਂਪੁਰ ਵਿਖੇ ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ ਦਾ ਉਦਘਾਟਨ ਕੀਤਾ ਗਿਆ ਸੀ। ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ ਇੱਕ 300 ਬਿਸਤਰਿਆਂ ਦੀ ਸਹੂਲਤ ਵਾਲਾ ਹੈ। ਇੱਥੇ ਸਰਜਰੀ, ਕੀਮੋਥੈਰੇਪੀ, ਇਮਯੂਨੋਥੈਰੇਪੀ ਵਰਗੀਆਂ ਹਰ ਉਪਲਬਧ ਇਲਾਜ ਵਿਧੀਆਂ ਦੀ ਵਰਤੋਂ ਕਰਕੇ ਹਰ ਕਿਸਮ ਦੇ ਕੈਂਸਰ ਦਾ ਇਲਾਜ ਕਰਨ ਲਈ ਐਮਆਰਆਈ, ਮੈਮੋਗ੍ਰਾਫੀ, ਡਿਜੀਟਲ ਰੇਡੀਓਗ੍ਰਾਫੀ ਅਤੇ ਬ੍ਰੈਕੀਥੈਰੇਪੀ ਵਰਗੀਆਂ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹੈ ਅਤੇ ਨਾਲ ਹੀ ਬੋਨ ਮੈਰੋ ਟ੍ਰਾਂਸਪਲਾਂਟ ਵੀ ਹੈ। ਇਹ ਹਸਪਤਾਲ ਟਾਟਾ ਮੈਮੋਰੀਅਲ ਸੈਂਟਰ ਦੁਆਰਾ 660 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ। ਇਹ ਹਸਪਤਾਲ ਨਾ ਸਿਰਫ਼ ਪੰਜਾਬ ਦੇ ਸਗੋਂ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਹਰਿਆਣਾ, ਉੱਤਰਾਖੰਡ ਅਤੇ ਰਾਜਸਥਾਨ ਦੇ ਮਰੀਜ਼ਾਂ ਲਈ ਤੀਜੇ ਦਰਜੇ ਦੀ ਦੇਖਭਾਲ ਕੇਂਦਰ ਵਜੋਂ ਕੰਮ ਕਰੇਗਾ।

# ਇਕ ਤਿਹਾਈ ਦੁਨੀਆ ਨੂੰ ਇਸ ਸਾਲ ਮੰਦੀ ਦਾ ਕਰਨਾ ਪਵੇਗਾ ਸਾਹਮਣਾ

## ➢ 2023 ਦੀ ਸ਼ੁਰੂਆਤ ਚੀਨ ਲਈ ਸੰਕਟ ਭਰਪੂਰ ➢ ਕੌਮਾਂਤਰੀ ਮੁਦਰਾ ਭੰਡਾਰ ਨੇ ਦਿੱਤੀ ਚਿਤਾਵਨੀ

## ਸੰਸਾਰ ਕਰਜ਼ੇ, ਮਹਿੰਗਾਈ ਅਤੇ ਮੰਦੀ ਦੀ ਘੁੰਮਣਘੇਰੀ ਵੱਲ ਵਧ ਰਿਹੈ : ਅਰਥ-ਸ਼ਾਸਤਰੀ ਨੂਰੀਅਲ ਰੂਬੀਨੀ

ਵਾਸ਼ਿੰਗਟਨ/ਏ.ਟੀ.ਨਿਊਜ਼ :- ਕੌਮਾਂਤਰੀ ਮੁਦਰਾ ਭੰਡਾਰ ਭਾਵ ਆਈਐੱਮਐੱਫ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਸਾਲ ਇਕ ਤਿਹਾਈ ਦੁਨੀਆ ਮੰਦੀ ਦੀ ਲਪੇਟ ਆ ਜਾਵੇਗੀ ਤੇ 2023, 2022 ਦੇ ਮੁਕਾਬਲੇ ਦਿੱਕਤਾਂ ਭਰਿਆ ਹੋਵੇਗਾ। ਇਸ ਦਾ ਇਕ ਵੱਡਾ ਕਾਰਨ ਅਮਰੀਕਾ, ਯੂਰਪੀਨ ਸੰਘ ਤੇ ਚੀਨ ਦੇ ਅਰਥਚਾਰੇ ਦਾ ਹੌਲੀ ਪੈਣਾ ਹੈ।

ਸੀਬੀਐੱਸ ਨਿਊਜ਼ ਦੇ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਆਈਐੱਮਐੱਫ ਮੁਖੀ ਕ੍ਰਿਸਟਲੀਨਾ ਜਾਰਜੀਵਾ ਨੇ ਕਿਹਾ, 'ਸਾਲ 2023 'ਚ ਜਿਹੜੇ ਦੇਸ਼ ਮੰਦੀ ਦੀ ਲਪੇਟ 'ਚ ਨਹੀਂ ਆਉਣਗੇ, ਉਨ੍ਹਾਂ ਨੂੰ ਵੀ ਆਪਣੇ ਕਰੋੜਾਂ ਲੋਕਾਂ ਲਈ ਮੰਦੀ ਵਰਗੀ ਹਾਲਤ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਇਹ ਵੀ ਚਿਤਾਵਨੀ ਦਿੱਤੀ ਕਿ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥ ਵਿਵਸਥਾ ਚੀਨ ਨੂੰ 2023 ਦੀ ਸ਼ੁਰੂਆਤ 'ਚ ਔਕੜਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।' ਜ਼ੀਰੋ ਕੋਰੋਨਾ ਪਾਲਿਸੀ ਦੇ ਚਲਦੇ ਚੀਨ ਦੀ ਵਿਕਾਸ ਦਰ ਆਲਮੀ ਵਿਕਾਸ ਦਰ ਦੇ ਬਰਾਬਰ ਜਾਂ ਉਸ ਤੋਂ ਘੱਟ ਰਹਿ ਸਕਦੀ ਹੈ, ਅਜਿਹਾ ਪਹਿਲਾਂ ਕਦੀ ਨਹੀਂ ਹੋਇਆ ਹੈ। ਅਗਲੇ ਕੁਝ ਮਹੀਨੇ ਚੀਨ ਲਈ ਔਖੇ ਸਾਬਿਤ ਹੋਣ ਵਾਲੇ ਹਨ ਤੇ ਚੀਨ ਤੇ ਆਲਮੀ ਵਿਕਾਸ ਦਰ 'ਤੇ




ਨਕਾਰਾਤਮਕ ਪ੍ਰਭਾਵ ਪਵੇਗਾ। ਆਈਐੱਮਐੱਫ ਵੱਲੋਂ ਇਹ ਚਿਤਾਵਨੀ ਅਜਿਹੇ ਸਮੇਂ ਜਾਰੀ ਕੀਤੀ ਗਈ ਹੈ ਜਦੋਂ ਰੂਸ-ਯੂਕਰੇਨ ਜੰਗ, ਉੱਚੀ ਵਿਆਜ ਦਰ ਤੇ ਚੀਨ 'ਚ ਕੋਰੋਨਾ ਮਹਾਂਮਾਰੀ ਦੀ ਨਵੀਂ ਲਹਿਰ ਦਾ ਆਲਮੀ ਅਰਥਚਾਰੇ 'ਤੇ ਅਸਰ ਪਿਆ ਹੈ। ਇਥੇ ਜਿਕਰਯੋਗ ਹੈ ਕਿ ਚੀਨ ਦੇ ਅਰਥਚਾਰੇ 'ਤੇ ਮੰਦੀ ਦੇ ਨਾਲ-ਨਾਲ ਕੋਵਿਡ ਦੀ ਲਹਿਰ ਨੇ ਹੱਲਾ ਬੋਲ ਦਿੱਤਾ ਹੈ। ਜੇਕਰ ਚੀਨ ਨੂੰ ਫਿਰ ਪਾਬੰਦੀਆਂ ਲਗਾਉਣ ਲਈ ਮਜਬੂਰ ਹੋਣਾ ਪੈਂਦਾ ਹੈ ਤਾਂ ਚੀਨ ਤੋਂ ਆਉਣ ਵਾਲੇ ਮਾਲ ਦੀ ਸਪਲਾਈ ਫਿਰ ਤੋਂ ਬੰਦ ਹੋ ਸਕਦੀ ਹੈ। ਚੀਨ ਤੇ ਭਾਰਤ ਸੰਸਾਰ ਦੇ ਅਰਥਚਾਰੇ ਦੇ ਸਪਲਾਈ ਇੰਜਨ ਹਨ ਅਤੇ ਅਮਰੀਕਾ ਤੇ ਯੂਰਪ ਮੰਗ ਦੇ ਇੰਜਨ। ਯੂਰਪ ਵਿਚ ਮੰਦੀ ਆ ਚੁੱਕੀ ਹੈ ਅਤੇ ਅਮਰੀਕਾ ਵਿਚ ਆਉਣ ਦੇ ਆਸਾਰ ਹਨ ਅਤੇ ਜੇਕਰ ਚੀਨ ਵੀ ਕੋਵਿਡ ਕਾਰਨ ਠੱਪ ਹੋ ਗਿਆ ਤਾਂ ਭਾਰਤ ਕਦੋਂ ਤੱਕ ਬਚ ਸਕੇਗਾ ? ਇਨ੍ਹਾਂ ਸਾਰੇ ਸੰਕਟਾਂ ਦੌਰਾਨ ਤੇਲ ਉਤਪਾਦਕ ਦੇਸ਼ਾਂ ਨੇ ਰੂਸ ਨਾਲ ਮਿਲ ਕੇ ਸੰਕਟ ਦਾ ਫ਼ਾਇਦਾ ਚੁੱਕਣ ਲਈ ਕਾਰਟੇਲ ਜਾਂ ਮੁਨਾਫ਼ਾਖੋਰ ਸੰਘ ਦੀ ਤਰ੍ਹਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਅਮਰੀਕਾ ਨੇ ਇਨ੍ਹਾਂ ਨੂੰ ਕਾਰਟੇਲ ਬਣਾ ਕੇ ਸੰਕਟ ਦਾ ਫ਼ਾਇਦਾ ਚੁੱਕਣ ਤੋਂ ਰੋਕੀ ਰੱਖਿਆ ਸੀ ਪਰ ਅਮਰੀਕਾ ਦੇ ਊਰਜਾ ਆਤਮ-ਨਿਰਭਰ ਬਣਨ ਤੋਂ ਬਾਅਦ ਤੋਂ ਇਨ੍ਹਾਂ ਦੇਸ਼ਾਂ ਦਾ ਝੁਕਾਅ ਸਭ ਤੋਂ ਵੱਡੇ ਤੇਲ ਉਪਭੋਗਤਾ ਚੀਨ ਤੇ ਤੇਲ ਉਤਪਾਦਕ ਰੂਸ ਦੇ ਖੇਮੇ ਵੱਲ ਹੋ ਰਿਹਾ ਹੈ। ਊਰਜਾ ਸੰਕਟ ਤੋਂ ਦੁਨੀਆ ਨੂੰ ਰਾਹਤ ਪਹੁੰਚਾਉਣ ਲਈ ਤੇਲ ਉਤਪਾਦਨ ਵਧਾਉਣ ਦੀ ਅਮਰੀਕਾ ਦੀ ਬੇਨਤੀ ਨੂੰ ਠੁਕਰਾ ਕੇ ਇਨ੍ਹਾਂ ਨੇ ਉਤਪਾਦਨ ਘਟਾ ਦਿੱਤਾ ਹੈ ਤਾਂ ਕਿ ਕੀਮਤਾਂ ਨਾ ਟੁੱਟਣ। ਇਨ੍ਹਾਂ ਦੀ ਊਰਜਾ 'ਤੇ ਨਿਰਭਰ ਭਾਰਤ ਵਰਗੇ ਦੇਸ਼ਾਂ ਨੂੰ ਇਸ ਤੋਂ ਸਬਕ ਲੈ ਕੇ ਕੋਈ ਬਦਲਵੀਂ ਰਣਨੀਤੀ ਬਣਾਉਣੀ ਹੋਵੇਗੀ।

(ਬਾਕੀ ਸਫ਼ਾ 30 'ਤੇ)

## ਭਾਰਤ 'ਚ ਬੀਤੇ ਸਾਲ ਬੇਰੁਜ਼ਗਾਰੀ 'ਚ ਹੋਇਆ ਵਾਧਾ

### ਦਸੰਬਰ ਵਿਚ ਬੇਰੁਜ਼ਗਾਰੀ ਦਰ 8.3 ਫ਼ੀਸਦੀ ਦੇ ਉੱਚ ਪੱਧਰ 'ਤੇ ਪਹੁੰਚੀ, ਹਰਿਆਣਾ ਰਿਹਾ ਅੱਵਲ : ਸੀਐੱਮਆਈਈ

ਮੁੰਬਈ : ਭਾਰਤ ਵਿਚ ਬੇਰੁਜ਼ਗਾਰੀ ਦੀ ਦਰ ਦਸੰਬਰ 2022 ਵਿਚ ਵੱਧ ਕੇ 8.3 ਫੀਸਦੀ ਦੇ ਉੱਚ ਪੱਧਰ 'ਤੇ ਪਹੁੰਚ ਗਈ ਹੈ। ਸਾਲ 2022 ਵਿਚ ਬੇਰੁਜ਼ਗਾਰੀ ਦਰ ਦਾ ਇਹ ਸਭ ਤੋਂ ਉੱਚਾ ਅੰਕੜਾ ਹੈ। ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕੋਨੌਮੀ (ਸੀਐੱਮਆਈਈ) ਅਨੁਸਾਰ, ਨਵੰਬਰ ਵਿਚ ਬੇਰੁਜ਼ਗਾਰੀ ਦੀ ਦਰ ਅੱਠ ਫੀਸਦੀ ਰਹੀ ਸੀ, ਜਦਕਿ ਸਤੰਬਰ ਵਿਚ ਇਹ ਸਭ ਤੋਂ ਘੱਟ 6.43 ਫੀਸਦੀ ਸੀ, ਜਦਕਿ ਅਗਸਤ 'ਚ ਇਹ 8.28 ਫੀਸਦੀ 'ਤੇ ਰਹੀ, ਜੋ ਇਸ ਸਾਲ ਦਾ ਦੂਜਾ ਸਭ ਤੋਂ ਉੱਚਾ ਅੰਕੜਾ ਹੈ।

ਦਸੰਬਰ ਵਿੱਚ ਸ਼ਹਿਰੀ ਬੇਰੁਜ਼ਗਾਰੀ ਦੀ ਦਰ 10 ਫੀਸਦੀ ਰਹੀ ਜਦੋਂ ਕਿ ਪੇਂਡੂ ਬੇਰੁਜ਼ਗਾਰੀ ਦਰ 7.5 ਫੀਸਦੀ ਰਹੀ। ਸੂਬਿਆਂ ਦੀ ਗੱਲ ਕਰੀਏ ਤਾਂ ਦਸੰਬਰ ਵਿੱਚ ਹਰਿਆਣਾ ਵਿੱਚ ਸਭ ਤੋਂ ਵੱਧ 37.4 ਫੀਸਦੀ ਬੇਰੁਜ਼ਗਾਰੀ ਦਰ ਸੀ। ਇਸ ਤੋਂ ਬਾਅਦ ਰਾਜਸਥਾਨ (28.5 ਫੀਸਦੀ), ਦਿੱਲੀ (20.8 ਫੀਸਦੀ), ਬਿਹਾਰ (19.1 ਫੀਸਦੀ) ਅਤੇ ਝਾਰਖੰਡ (18 ਫੀਸਦੀ) ਦਾ ਨੰਬਰ ਆਉਂਦਾ ਹੈ। ਟੀਮਲੀਜ਼ ਸਰਵਿਸਿਜ਼ ਦੇ ਸਹਿ-ਸੰਸਥਾਪਕ ਅਤੇ ਕਾਰਜਕਾਰੀ ਉਪ ਪ੍ਰਧਾਨ ਰਿਤੁਪਰਨਾ ਚੱਕਰਵਰਤੀ ਨੇ ਕਿਹਾ ਕਿ ਕਿਰਤ ਸ਼ਕਤੀ ਵਿੱਚ ਸਾਡੀ ਵਿਕਾਸ ਦਰ ਹੌਲੀ ਹੋ ਸਕਦੀ ਹੈ। ਅਜਿਹਾ ਹੀ ਕੁਝ ਚੀਨ ਜਾਂ ਯੂਰਪ ਅਤੇ ਹੋਰ ਵਿਕਸਤ ਅਰਥਚਾਰਿਆਂ ਵਿੱਚ ਹੋਇਆ ਹੈ। ਚੱਕਰਵਰਤੀ ਨੇ ਕਿਹਾ ਕਿ ਜਨਸੰਖਿਆ ਲਾਭਅੰਸ਼ ਸੰਭਵ ਤੌਰ 'ਤੇ ਆਉਣ ਵਾਲੇ ਸਮੇਂ ਵਿਚ ਆਪਣੇ ਸਿਖਰ 'ਤੇ ਪਹੁੰਚ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਅੰਕੜੇ ਇਹ ਵੀ ਦਰਸਾਉਂਦੇ ਹਨ ਕਿ ਸੰਗਠਿਤ ਖੇਤਰ ਵਿੱਚ ਨੌਕਰੀਆਂ ਪੈਦਾ ਕਰਨਾ ਕਿੰਨਾ ਜ਼ਰੂਰੀ ਹੈ, ਤਾਂ ਹੀ ਅਸੀਂ ਨੌਕਰੀ ਦੀ ਮੰਡੀ ਵਿੱਚ ਸ਼ਮੂਲੀਅਤ ਨੂੰ ਯਕੀਨੀ ਬਣਾ ਸਕਦੇ ਹਾਂ।

### ਮਸਲਾ ਮੈਕਸੀਕੋ 'ਚ ਗਰਭਪਾਤ ਲਈ ਜੇਲ੍ਹ ਵਿੱਚ ਬੰਦ ਕਰ ਦਿੱਤੀਆਂ ਔਰਤਾਂ ਦੀ ਅਜ਼ਾਦੀ ਦਾ

## ਪੁਰਾਣੇ ਗਰਭਪਾਤ ਵਿਰੋਧੀ ਕਾਨੂੰਨਾਂ ਤਹਿਤ 200 ਔਰਤਾਂ ਅਜੇ ਵੀ ਮੈਕਸੀਕੋ ਜੇਲ੍ਹ ਵਿੱਚ ਬੰਦ

### ਜੇਲ੍ਹ ਤੋਂ ਬਾਹਰ ਕੱਢਣਾ ਮਨੁੱਖੀ ਅਧਿਕਾਰ ਸੰਗਠਨਾਂ ਤੇ ਵਕੀਲਾਂ ਲਈ ਵੱਡੀ ਚੁਣੌਤੀ ਬਣਿਆ

ਮੈਕਸੀਕੋ/ਏ.ਟੀ.ਨਿਊਜ਼- ਇੱਥੇ ਗਰਭਪਾਤ ਹੁਣ ਅਪਰਾਧ ਨਹੀਂ ਹੈ, ਪਰ ਲਗਭਗ 200 ਔਰਤਾਂ ਅਜੇ ਵੀ ਪੁਰਾਣੇ ਗਰਭਪਾਤ ਵਿਰੋਧੀ ਕਾਨੂੰਨਾਂ ਤਹਿਤ ਜੇਲ੍ਹ ਵਿੱਚ ਹਨ। ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਕੱਢਣਾ ਮਨੁੱਖੀ ਅਧਿਕਾਰ ਸੰਗਠਨਾਂ ਤੇ ਵਕੀਲਾਂ ਲਈ ਵੱਡੀ ਚੁਣੌਤੀ ਬਣ ਗਿਆ ਹੈ। ਮੈਕਸੀਕੋ ਡੇਲੀ ਪੋਸਟ ਡਾਟ ਕਾਮ ਅਨੁਸਾਰ ਮੈਕਸੀਕੋ ਵਿਚ ਗਰਭਪਾਤ ਨੂੰ ਅਪਰਾਧ ਮੰਨਿਆ ਜਾਂਦਾ ਸੀ ਪਰ ਸੁਪਰੀਮ ਕੋਰਟ ਨੇ ਪਿਛਲੇ ਸਾਲ ਹੀ ਇਸ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਹਟਾ ਦਿੱਤਾ ਸੀ। ਇਸ ਦੇ ਬਾਵਜੂਦ ਵੱਡੀ ਗਿਣਤੀ ਔਰਤਾਂ ਅਜੇ ਵੀ ਪੁਰਾਣੇ ਗਰਭਪਾਤ ਵਿਰੋਧੀ ਕਾਨੂੰਨਾਂ ਤਹਿਤ ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਵਕੀਲਾਂ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਔਰਤਾਂ ਦਾ ਗਰਭਪਾਤ ਹੋਇਆ ਸੀ ਅਤੇ ਉਨ੍ਹਾਂ ਨੇ ਕਦੇ ਗਰਭਪਾਤ ਨਹੀਂ ਕਰਵਾਇਆ ਸੀ। ਪਰ ਫਿਰ ਵੀ ਉਨ੍ਹਾਂ ਨੂੰ ਕਈ ਰਾਜ ਪੱਧਰੀ ਕਾਨੂੰਨਾਂ ਤਹਿਤ ਸਜ਼ਾ ਦਿੱਤੀ ਗਈ ਸੀ।



ਇਨ੍ਹਾਂ ਔਰਤਾਂ ਨੂੰ ਰਿਹਾਅ ਕਰਾਉਣ ਦੀ ਹੌਲੀ ਚੱਲ ਰਹੀ ਕਾਨੂੰਨੀ ਪ੍ਰਕਿਰਿਆ ਨੇ ਬੀਤੇ ਸਾਲ ਦਸੰਬਰ 2022 ਦੌਰਾਨ ਕੁਝ ਤਰੱਕੀ ਕੀਤੀ ਜਦੋਂ 23 ਸਾਲਾ ਮੂਲਵਾਸੀ ਔਰਤ ਔਰੇਲੀਆ ਗਾਰਸੀਆ ਕਰੂਸੇਨੋ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਗਿਆ। ਯਾਦ ਰਹੇ ਕਿ ਉਸ ਦਾ ਆਪਣੇ ਆਪ ਗਰਭਪਾਤ ਹੋ ਗਿਆ ਸੀ।ਇਸ ਤੋਂ ਬਾਅਦ ਉਸ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਸੀ, ਜਿੱਥੇ ਉਸ ਨੂੰ ਤਿੰਨ ਸਾਲ ਗੁਜ਼ਾਰਨੇ ਪਏ।

ਗਾਰਸੀਆ ਕ੍ਰੂਸੇਨੋ ਗਵੇਰੇਰੋ ਰਾਜ ਦੇ ਸਭ ਤੋਂ ਗ਼ਰੀਬ ਪਹਾੜੀ ਖੇਤਰਾਂ ਵਿੱਚੋਂ ਇੱਕ ਵਿੱਚ ਇੱਕ ਨਹੂਆ ਮੂਲ ਭਾਈਚਾਰੇ ਵਿੱਚੋਂ ਸੀ। 2019 ਵਿੱਚ, ਪਿੰਡ ਦੇ ਇੱਕ ਸਥਾਨਕ ਅਧਿਕਾਰੀ ਨੇ ਉਸ ਨਾਲ ਬਲਾਤਕਾਰ ਕੀਤਾ ਸੀ ਅਤੇ ਉਹ ਗਰਭਵਤੀ ਹੋ ਗਈ। ਇਸ ਤੋਂ ਬਾਅਦ ਉਹ ਗੁਆਰੇਰੋ ਦੇ ਇਗੁਆਲਾ ਸ਼ਹਿਰ ਵਿਚ ਆਪਣੇ ਕੁਝ ਰਿਸ਼ਤੇਦਾਰਾਂ ਕੋਲ ਰਹਿਣ ਚਲੀ ਗਈ। ਉੱਥੇ ਖ਼ੂਨ ਵਹਿਣ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ। ਹਸਪਤਾਲ ਵਿਚ ਉਸ ਨੂੰ ਖ਼ੂਨ ਚੜ੍ਹਾਇਆ ਗਿਆ, ਜਿਸ ਤੋਂ ਬਾਅਦ ਉਸ ਦਾ ਗਰਭਪਾਤ ਹੋ ਗਿਆ। ਇਸ ਤੋਂ ਬਾਅਦ ਉਸ ਨੂੰ ਹਸਪਤਾਲ ਦੇ ਬੈੱਡ ਉਪਰ ਹੱਥਕੜੀਆਂ ਨਾਲ ਬੰਨ੍ਹ ਦਿੱਤਾ ਗਿਆ।

ਇੱਕ ਪੁਲਿਸ ਅਧਿਕਾਰੀ ਨੇ ਉਸ ਨੂੰ ਦੱਸਿਆ ਕਿ ਉਸ ਉੱਤੇ ਗਰਭ ਵਿਚ ਅਣਜੰਮੇ ਬੱਚੇ ਦੇ ਮਾਰਨ ਦਾ ਦੋਸ਼ ਲਗਾਇਆ ਗਿਆ ਹੈ। ਗਾਰਸੀਆ ਕਰੂਸੇਨੋ ਦੀ ਮੂਲ ਭਾਸ਼ਾ ਨਾਹਾਤਲ ਸੀ, ਫਿਰ ਵੀ ਉਸਨੂੰ ਸਪੈਨਿਸ਼ ਵਿੱਚ ਛਾਪੇ ਗਏ ਕਾਨੂੰਨੀ ਦਸਤਾਵੇਜ਼ਾਂ 'ਤੇ ਦਸਤਖ਼ਤ ਕਰਨ ਲਈ ਮਜਬੂਰ ਕੀਤਾ ਗਿਆ ਸੀ। ਉਹ ਬਹੁਤ ਦੁਖੀ ਸੀ।

ਜੇਲ੍ਹ ਵਿੱਚ, ਉਸਨੇ ਕੁਝ ਹੋਰ ਕੈਦੀਆਂ ਦੀ ਮਦਦ ਨਾਲ ਸਪੇਨਿਸ਼ ਸਿੱਖੀ। ਗਾਰਸੀਆ ਕਰੂਸੇਨੋ ਨੇ ਦੱਸਿਆ ਕਿ ਉਨ੍ਹਾਂ ਕੈਦੀਆਂ ਨੇ ਵੀ ਉਸ ਨੂੰ ਸੰਕਟ ਨਾਲ ਜੂਝਣ ਲਈ ਉਤਸ਼ਾਹਿਤ ਕੀਤਾ। ਗਾਰਸੀਆ ਕਰੂਸੇਨੋ ਦੇ ਮਾਮਲੇ ਵਿੱਚ, ਤਿੰਨ ਸਾਲ ਦੀ ਕੈਦ ਤੋਂ ਬਾਅਦ, 20 ਦਸੰਬਰ 2022 ਨੂੰ, ਉਸਦਾ ਮਾਮਲਾ ਰਾਸ਼ਟਰਪਤੀ ਐਂਡਰੇਸ ਮੈਨੁਅਲ ਲੋਪੇਜ਼ ਓਬਰਾਡੋਰ ਦੀ ਰੋਜ਼ਾਨਾ ਪ੍ਰੈਸ ਕਾਨਫਰੰਸ ਵਿੱਚ ਉੱਠਿਆ ਸੀ। ਰਾਸ਼ਟਰਪਤੀ ਨੇ ਮਾਮਲੇ ਦੀ ਜਾਂਚ ਕਰਨ ਦਾ ਭਰੋਸਾ ਦਿੱਤਾ ਸੀ। ਉਸੇ ਰਾਤ, ਇੱਕ ਜੱਜ ਨੇ

(ਬਾਕੀ ਸਫ਼ਾ 30 'ਤੇ)

# ਨਿਊਯਾਰਕ ਵਿੱਚ ਕਾਰ ਮਾਲਕ ਕਾਨੂੰਨ ਦੀਆਂ ਉਡਾ ਰਹੇ ਨੇ ਧੱਜੀਆਂ

ਵਿਸ਼ੇਸ਼ ਰਿਪੋਰਟ

ਕੋਰੀ ਕਿਲਗਨਨ

➢ ਟੋਲ ਤੋਂ ਬਚਣ ਲਈ ਆਪਣੇ ਵਾਹਨਾਂ ਦੀਆਂ ਨੰਬਰ ਪਲੇਟਾਂ ਨੂੰ ਢੱਕਦੇ ਹਨ ਕੈਮਰਾ-ਪਰੂਫ ਸਕ੍ਰੀਨਾਂ ਨਾਲ
➢ ਜੁਰਮਾਨੇ ਤੋਂ ਬਚਣ ਲਈ ਖਰਾਬ ਕਾਰਾਂ ਦੀਆਂ ਨੰਬਰ ਪਲੇਟਾਂ ਨੂੰ ਸੁਧਾਰਨ ਦੀ ਮੁਹਿੰਮ ਛਿੜੀ
➢ ਅਜਿਹੇ ਵਾਹਨਾਂ ਕਾਰਨ ਸ਼ਹਿਰ ਅਤੇ ਟਰਾਂਸਪੋਰਟ ਵਿਭਾਗ ਨੂੰ ਹਰ ਸਾਲ 800 ਕਰੋੜ ਰੁਪਏ ਤੋਂ ਵੱਧ ਦਾ ਹੁੰਦਾ ਹੈ ਨੁਕਸਾਨ

ਗੇਰਸ਼ ਕੁੰਟਜ਼ਮੈਨ ਗਲੀ ਦੇ ਕਿਨਾਰੇ ਖੜ੍ਹੀਆਂ ਕਾਰਾਂ ਦੀ ਇੱਕ ਕਤਾਰ ਨੂੰ ਦੇਖਦਾ ਹੈ ਜਦੋਂ ਉਹ ਨਿਊਯਾਰਕ ਦੀ ਇੱਕ ਗਲੀ 'ਤੇ ਆਪਣਾ ਸਾਈਕਲ ਇੱਕ ਚਿੱਟੇ ਰੰਗ ਦੀ ਠੱਗ ਕਾਰ ਦੇ ਅੱਗੇ ਰੋਕਦਾ ਹੈ। ਇਸ ਦੀ ਕੱਟੀ ਹੋਈ ਨੰਬਰ ਪਲੇਟ ਨੂੰ ਪੜ੍ਹਿਆ ਨਹੀਂ ਜਾ ਸਕਦਾ ਸੀ।ਉਹ ਆਖਦਾ ਹੈ ਕਿ ਮੈਨੂੰ ਇਸ ਤਰ੍ਹਾਂ ਨੰਬਰ ਪਲੇਟਾਂ ਠੀਕ ਕਰਨੀਆਂ ਚੰਗੀਆਂ ਲਗਦੀਆਂ ਹਨ। ਕੁੰਟਜ਼ਮੈਨ ਕਹਿੰਦਾ ਹੈ ਕਿ ਜੇ ਕਾਰ ਮਾਲਕ ਆਸ-ਪਾਸ ਨਜ਼ਰ ਨਾ ਆਵੇ ਤਾਂ ਉਹ ਆਪ ਹੀ ਨੰਬਰ ਪਲੇਟ ਸਿੱਧੀ ਕਰ ਦਿੰਦਾ ਹੈ। ਫਿਰ ਉਹ ਆਪਣੇ ਅਗਲੇ ਨਿਸ਼ਾਨੇ ਵੱਲ ਵਧਦਾ ਹੈ। ਇਥੇ ਅਜਿਹੀਆਂ ਕਾਰਾਂ ਦੀ ਗਿਣਤੀ ਘੱਟ ਨਹੀਂ ਹੈ। ਨਿਊਯਾਰਕ ਵਿੱਚ, ਬਹੁਤ ਸਾਰੇ ਡਰਾਈਵਰ ਤੇਜ਼ ਰਫ਼ਤਾਰ, ਰੈੱਡਲਾਈਟ ਕੈਮਰੇ ਅਤੇ ਪੁਲਾਂ ਅਤੇ ਸੜਕਾਂ 'ਤੇ ਟੋਲ ਤੋਂ ਬਚਣ ਲਈ ਆਪਣੇ ਵਾਹਨਾਂ ਦੀਆਂ ਨੰਬਰ ਪਲੇਟਾਂ ਨੂੰ ਕੈਮਰਾ-ਪਰੂਫ ਸਕ੍ਰੀਨਾਂ ਨਾਲ ਢੱਕਦੇ ਹਨ। ਉਨ੍ਹਾਂ 'ਤੇ ਰੰਗ ਪਾ ਦਿੰਦੇ ਹਨ। ਸਟਿੱਕਰ, ਟੇਪ ਜਾਂ ਕੋਈ ਹੋਰ ਵਸਤੂ ਚਿਪਕਾ ਦਿੰਦੇ ਹਨ। ਉਹ ਪਲੇਟ 'ਤੇ ਅੱਖਰਾਂ ਨੂੰ ਰਗੜ ਦਿੰਦੇ ਹਨ। ਅਸਥਾਈ ਕਾਗਜ਼ ਦੇ ਟੈਗ ਲਗਾਉਂਦੇ ਹਨ।

ਪਰ, ਜਿਵੇਂ-ਜਿਵੇਂ ਇਹ ਰੁਝਾਨ ਵਧਦਾ ਜਾ ਰਿਹਾ ਹੈ, ਕੁੰਟਜ਼ਮੈਨ ਵਰਗੇ ਜਾਗਰੂਕ ਲੋਕਾਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਇਹ ਲੋਕ ਖਰਾਬ ਹੋਈਆਂ ਨੰਬਰ ਪਲੇਟਾਂ ਲੱਭ ਕੇ ਠੀਕ ਕਰਵਾਉਂਦੇ ਹਨ। ਉਨ੍ਹਾਂ ਨੇ ਸੜਕੀ ਨਿਯਮਾਂ ਨੂੰ ਤੋੜਨ ਦੇ ਇਸ ਤਰੀਕੇ ਵਿਰੁੱਧ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਹੈ। ਸ਼ਹਿਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜਿਹੇ ਵਾਹਨਾਂ ਕਾਰਨ ਸ਼ਹਿਰ ਅਤੇ ਟਰਾਂਸਪੋਰਟ ਵਿਭਾਗ ਨੂੰ ਹਰ ਸਾਲ 800 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੁੰਦਾ ਹੈ। ਕੁੰਟਜ਼ਮੈਨ ਵਰਗੇ ਨਾਗਰਿਕਾਂ ਦੀ ਦਲੀਲ ਹੈ ਕਿ ਗੈਰ-ਕਾਨੂੰਨੀ ਨੰਬਰ ਪਲੇਟ ਸ਼ਹਿਰ ਵਿੱਚ ਖਤਰਨਾਕ ਡਰਾਈਵਿੰਗ ਨੂੰ ਵੀ ਉਤਸ਼ਾਹਿਤ ਕਰਦੇ ਹਨ। ਇਸ ਸਾਲ ਸੜਕ ਹਾਦਸਿਆਂ ਵਿੱਚ 125 ਪੈਦਲ ਅਤੇ ਸਾਈਕਲ ਸਵਾਰਾਂ ਦੀ ਮੌਤ ਹੋ ਚੁੱਕੀ ਹੈ।

ਨਿਊਯਾਰਕ ਵਿੱਚ ਵਾਹਨਾਂ ਦੀ ਨੰਬਰ ਪਲੇਟ ਦੀ ਫੋਟੋ ਖਿੱਚਣਾ ਜਾਂ ਸੋਧਣਾ ਕੋਈ ਆਸਾਨ ਕੰਮ ਨਹੀਂ ਹੈ। ਇਸ ਕਾਰਨ ਕਈ ਇੰਸਪੈਕਟਰਾਂ 'ਤੇ ਹਮਲੇ ਹੋਏ ਹਨ। ਕੁੰਟਜ਼ਮੈਨ 'ਤੇ ਹਮਲਾ ਨਹੀਂ ਕੀਤਾ ਗਿਆ ਪਰ ਧਮਕੀਆਂ ਮਿਲਦੀਆਂ ਹਨ। ਉਹ ਆਪਣੇ ਨਾਲ ਨੰਬਰ ਪਲੇਟ ਦੇ ਢੱਕਣ ਜਾਂ ਜਾਅਲੀ ਪਲੇਟ ਨੂੰ ਹਟਾਉਣ ਲਈ ਇੱਕ ਸਕ੍ਰਿਊ ਡਰਾਈਵਰ ਸੈਟ ਲੈ ਕੇ ਜਾਂਦੇ ਹਨ।



ਵਕੀਲ ਗ੍ਰਿਫਤਾਰ ਤੇ ਰਿਹਾਅ

ਪਿਛਲੇ ਮਹੀਨੇ, ਐਡਮ ਵ੍ਹਾਈਟ, ਇੱਕ ਵਕੀਲ ਜੋ ਸੁਰੱਖਿਅਤ ਸੜਕਾਂ ਲਈ ਮੁਹਿੰਮ ਚਲਾ ਰਿਹਾ ਹੈ, ਨੇ ਬਰੁਕਲਿਨ ਵਿੱਚ ਇੱਕ ਐਸ ਯੂ ਵੀ ਦੀ ਨੰਬਰ ਪਲੇਟ ਨੂੰ ਲੁਕਾਉਣ ਵਾਲੇ ਕਵਰ ਨੂੰ ਹਟਾ ਦਿੱਤਾ। ਉਸ ਨੂੰ ਅਪਰਾਧਿਕ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਬਾਅਦ ਵਿੱਚ ਦੋਸ਼ ਰੱਦ ਕਰ ਦਿੱਤੇ ਗਏ। ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਜਿਸ ਕਾਰਨ ਸ਼ਹਿਰ ਵਿੱਚ ਅਜਿਹੀ ਮੁਹਿੰਮ ਨੂੰ ਹੋਰ ਸਮਰਥਨ ਮਿਲਿਆ ਹੈ।

## ਦਰਪਣ ਝੂਠ ਨਹੀਂ ਬੋਲਦਾ

# ਸ਼ਹੀਦੀ ਸਭਾ ਵਿਚ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਖਾਲਸਾ ਪੰਥ ਨੂੰ ਪੰਜਾਬ ਦਾ ਪਾਣੀ ਅਤੇ ਦਿਮਾਗ 'ਡਰੇਨ' ਹੋਣ ਤੋਂ ਰੋਕਣ ਲਈ ਹੰਭਲਾ ਮਾਰਨ ਦਾ ਸੱਦਾ

## ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਗੁਰੂਆਂ ਨੂੰ ਮਾਨਵੀ ਰੂਪ ਵਿਚ ਪੇਸ਼ ਕਰਨ 'ਤੇ ਪਾਬੰਦੀ

ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਇਤਿਹਾਸਕ ਅਤੇ ਪਵਿੱਤਰ ਅਸਥਾਨ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਂ ਸੰਦੇਸ਼ ਦਿੰਦਿਆਂ ਸਿੱਖ ਕੌਮ ਨੂੰ ਬੇਇਤਫ਼ਾਕੀ ਛੱਡ ਕੇ ਫੁੱਟਪਾਊ ਤਾਕਤਾਂ ਤੋਂ ਸੁਚੇਤ ਰਹਿਣ ਸਮੇਤ ਪੰਜਾਬ ਦਾ ਪਾਣੀ ਅਤੇ ਦਿਮਾਗ 'ਡਰੇਨ' ਹੋਣ ਤੋਂ ਰੋਕਣ ਲਈ ਹੰਭਲਾ ਮਾਰਨ ਦਾ ਸੱਦਾ ਦਿੱਤਾ। ਜਥੇਦਾਰ ਅਕਾਲ ਤਖਤ ਨੇ ਕਿਹਾ ਕਿ ਸਾਡਾ ਬ੍ਰੇਨ ਅਤੇ ਪਾਣੀ ਦੋਵੇਂ ਹੀ ਡ੍ਰੇਨ ਹੋ ਰਹੇ ਹਨ। ਸਾਡਾ ਪਾਣੀ ਡ੍ਰੇਨ ਹੋ ਕੇ ਨਾਲਿਆਂ ਵਿੱਚ ਜਾ ਰਿਹਾ ਹੈ ਅਤੇ ਬ੍ਰੇਨ ਡ੍ਰੇਨ ਹੋ ਕੇ ਵਿਦੇਸ਼ਾਂ ਵੱਲ ਜਾ ਰਿਹਾ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸਾਡੇ ਨੌਜਵਾਨ ਵਿਦੇਸ਼ ਵਿੱਚ ਪੜ੍ਹਨ ਜਾਂਦੇ ਹਨ ਅਤੇ ਉੱਥੇ ਲੇਬਰ ਦਾ ਕੰਮ ਵੀ ਕਰਦੇ ਹਨ ਜਦਕਿ ਫ਼ਤਹਿਗੜ੍ਹ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਵਰਲਡ ਕਲਾਸ ਯੂਨੀਵਰਸਿਟੀ ਮੌਜੂਦ ਹੈ। ਉਹਨਾਂ ਕਿਹਾ ਕਿ ਪੰਜਾਬੀ ਵਿਦੇਸ਼ ਭੱਜ ਰਹੇ ਹਨ ਅਤੇ ਯੂ.ਪੀ., ਬਿਹਾਰ ਦੇ ਲੋਕ ਪੰਜਾਬ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰ ਰਹੇ ਹਨ। ਜਿਹੜੇ ਲੋਕ ਵਿਦੇਸ਼ ਜਾਣ ਦੇ ਪਿੱਛੇ ਇਹ ਤਰਕ ਦਿੰਦੇ ਹਨ ਕਿ ਕੰਮ-ਧੰਦਾ ਨਾ ਹੋਣ ਦੀ ਵਜ੍ਹਾ ਕਰਕੇ ਉਹ ਵਿਦੇਸ਼ ਜਾਂਦੇ ਹਨ ਉਨ੍ਹਾਂ ਨੂੰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਦੋਂ ਯੂ.ਪੀ. ਅਤੇ ਬਿਹਾਰ ਦੇ ਲੋਕ ਪੰਜਾਬ ਵਿੱਚ ਆ ਕੇ ਕੰਮ ਕਰ ਸਕਦੇ ਹਨ ਤਾਂ ਪੰਜਾਬੀ ਕਿਉਂ ਨਹੀਂ



ਕਰ ਸਕਦੇ। ਗੁਰੂ ਸਾਹਿਬ ਨੇ ਪੰਜਾਬ ਦੇ ਲੋਕਾਂ ਨੂੰ ਜ਼ਮੀਨਾਂ ਦੇ ਨਾਲ ਦੁਕਾਨਾਂ ਦਿੱਤੀਆਂ ਹਨ, ਉਹ ਪੰਜਾਬ ਵਿੱਚ ਰਹਿ ਕੇ ਵੀ ਵਪਾਰ ਸਕਦੇ ਹਨ। ਜਥੇਦਾਰ ਸਾਹਿਬ ਨੇ ਕਿਹਾ ਕਿ ਜਦੋਂ ਭਾਰਤ ਪਾਕਿਸਤਾਨ ਦੀ ਵੰਡ ਹੋਈ ਤਾਂ ਸਾਡੇ ਬਜ਼ੁਰਗਾਂ ਨੇ ਪੰਜਾਬ ਆ ਕੇ ਆਪਣੀ ਮਿਹਨਤ ਨਾਲ ਮੁੜ ਤੋਂ ਆਪਣੇ ਅੰਪਾਇਰ ਖੜੇ ਕੀਤੇ। ਉਨ੍ਹਾਂ ਨੇ ਸੰਗਤਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਕੀ ਸ਼ਹੀਦੀ ਜੋੜ ਮੇਲ ਯੂ.ਪੀ ਅਤੇ ਬਿਹਾਰ ਦੇ ਲੋਕ ਮਨਾਉਣਗੇ? ਉਹ ਦਿਨ ਦੂਰ ਨਹੀਂ ਜਦੋਂ ਸਾਡੀਆਂ ਧਾਰਮਿਕ ਸੰਸਥਾਵਾਂ 'ਤੇ ਬਾਹਰੀ ਲੋਕ ਕਬਜ਼ਾ ਕਰ ਲੈਣਗੇ। ਜਥੇਦਾਰ ਸ੍ਰੀ ਅਕਾਲ ਤਖ਼ਤ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅਜਿਹਾ ਕਾਨੂੰਨ ਲਿਆਵੇ ਜਿਸ ਤੋਂ ਬਾਅਦ ਪੰਜਾਬ ਵਿੱਚ ਬਾਹਰੀ ਲੋਕਾਂ ਦੇ ਜ਼ਮੀਨ ਖਰੀਦਣ 'ਤੇ ਪੂਰੀ ਤਰ੍ਹਾਂ ਨਾਲ ਰੋਕ ਲੱਗ ਸਕੇ।

ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਬਾਹਰੀਆਂ ਦੇ ਜ਼ਮੀਨ ਖਰੀਦਣ ਤੇ ਪੂਰੀ ਤਰ੍ਹਾਂ ਨਾਲ ਰੋਕ ਲੱਗੀ ਹੋਈ ਹੈ। ਉਹ ਸਿਰਫ਼ ਲੀਜ਼ ਤੇ ਹੀ ਜ਼ਮੀਨ ਲੈ ਸਕਦੇ ਹਨ। ਪੰਥਕ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਜਥੇਦਾਰ ਅਕਾਲ ਤਖਤ ਸਾਹਿਬ ਦਾ ਵਿਚਾਰ ਉਸਾਰੂ ਹੈ। ਪਰ ਇਹ ਤਦ ਹੀ ਅਮਲੀ ਰੂਪ ਵਿਚ ਆ ਸਕਦਾ ਹੈ ਕਿ ਜੇਕਰ ਬੇਰੁਜ਼ਗਾਰਾਂ ਨੂੰ ਵਸਾਉਣ ਲਈ ਪੰਜਾਬ ਦੇ ਹਿਤ ਵਿਚ ਕੁਦਰਤੀ ਖੇਤੀ, ਖੇਤੀ ਸਨਅਤ, ਮੰਡੀਕਰਨ, ਡੇਅਰੀ ਉਦਯੋਗ ਤੇ ਆਈ ਟੀ ਹੱਬ ਦੀ ਉਸਾਰੀ ਦੀ ਕਾਰ ਸੇਵਾ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੋਮਣੀ ਕਮੇਟੀ ਕਰੇ। ਸ਼ਹੀਦੀ ਸਭਾ ਦੌਰਾਨ ਸ਼੍ਰੋਮਣੀ ਕਮੇਟੀ ਨੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਪ੍ਰਬੰਧਕਾਂ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਸਖ਼ਤੀ ਨਾਲ ਆਖਿਆ ਹੈ ਕਿ ਸਿੱਖ ਗੁਰੂਆਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਸਾਹਿਬਜ਼ਾਦਿਆਂ ਨੂੰ ਕਿਸੇ ਵੀ ਤਰ੍ਹਾਂ ਦੇ ਮਾਨਵੀ ਰੂਪ ਵਿੱਚ ਪੇਸ਼ ਨਾ ਕੀਤਾ ਜਾਵੇ।

ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਜਨਤਕ ਨੋਟਿਸ ਜਾਰੀ ਕਰ ਕੇ ਆਖਿਆ ਗਿਆ ਹੈ ਕਿ ਸਾਰੇ ਸਕੂਲ, ਕਾਲਜ, ਯੂਨੀਵਰਸਿਟੀਆਂ ਦੇ ਪ੍ਰਬੰਧਕਾਂ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਿੱਖ ਗੁਰੂਆਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਸਾਹਿਬਜ਼ਾਦਿਆਂ ਦੇ ਕਿਸੇ ਵੀ ਤਰ੍ਹਾਂ ਦੇ ਮਾਨਵੀਕਰਨ ਜਿਸ ਵਿੱਚ ਫ਼ਿਲਮਾਂ ਤੇ ਨਾਟਕ ਵੀ ਸ਼ਾਮਲ ਹਨ, ਉੱਤੇ ਸਖ਼ਤ ਪਾਬੰਦੀ ਹੈ ਤੇ ਇਹ ਸਿੱਖ ਪਰੰਪਰਾਵਾਂ ਦੇ ਵਿਰੁੱਧ ਹੈ। ਪੰਥਕ ਹਲਕਿਆਂ ਵਿਚ ਦੋਹਾਂ ਫੈਸਲਿਆਂ ਦੀ ਪ੍ਰਸ਼ੰਸਾ ਹੋ ਰਹੀ ਹੈ।

# ਪ੍ਰਵਾਸੀ ਪੰਜਾਬੀਆਂ ਨੇ ਪਿੰਡ ਬੂਲੇਵਾਲ ਨੂੰ ਆਧੁਨਿਕ ਸਹੂਲਤਾਂ ਨਾਲ ਕੀਤਾ ਲੈਸ

## ਪ੍ਰਵਾਸੀ ਸਿੱਖ, ਗੁਰਜੀਤ ਸਿੰਘ ਦਾ ਖਾਸ ਯੋਗਦਾਨ,70 ਲੱਖ ਰੁਪਏ ਖਰਚਣ ਦਾ ਦਾਅਵਾ







ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਬੂਲੇਵਾਲ ਵਿੱਚ ਹਰਿਆਲੀ ਅਤੇ ਸਟਰੀਟ ਲਾਈਟਾਂ ਵਰਗੀਆਂ ਆਧੁਨਿਕ ਸਹੂਲਤਾਂ ਪੰਜਾਬ ਦੇ ਪਿੰਡਾਂ ਵਿੱਚ ਆਮ ਨਹੀਂ ਹਨ। ਇਸ ਪਿੰਡ ਦੀ ਨੁਹਾਰ ਬਦਲਣ ਵਿੱਚ ਇੱਥੋਂ ਦੇ ਇੱਕ ਐੱਨਆਰਆਈ, ਗੁਰਜੀਤ ਸਿੰਘ ਦਾ ਖਾਸ ਯੋਗਦਾਨ ਹੈ, ਜਿਨ੍ਹਾਂ ਨੇ ਪਿੰਡ ਨੂੰ ਸੋਹਣਾ ਬਣਾਉਣ ਲਈ ਹੁਣ ਤੱਕ ਕਰੀਬ 70 ਲੱਖ ਰੁਪਏ ਖਰਚਣ ਦਾ ਦਾਅਵਾ ਕੀਤਾ ਹੈ। ਪਿੰਡ ਦੀਆਂ ਪੱਕੀਆਂ ਗਲੀਆਂ ਦੇ ਆਲੇ-ਦੁਆਲੇ ਲੱਗੇ ਦਰਖ਼ਤ ਸ਼ਹਿਰਾਂ ਦਾ ਭੁਲੇਖਾ ਪਾਉਂਦੇ ਹਨ। ਗਲੀਆਂ ਅਤੇ ਘਰਾਂ ਦੇ ਨੰਬਰ ਲਿਖੇ ਜਾਣ ਵਾਲੀਆਂ ਪਲੇਟਾਂ ਲਗਾਈਆਂ ਹੋਈਆਂ ਹਨ, ਜੋ ਹਰੇਕ ਪਿੰਡ ਵਿੱਚ ਆਮ ਤੌਰ 'ਤੇ ਦੇਖਣ ਨੂੰ ਨਹੀਂ ਮਿਲਦਾ।

ਪਿੰਡ ਦਾ ਛੱਪੜ ਸਿਰਫ਼ ਸਾਫ਼ ਹੀ ਨਹੀਂ, ਬਲਕਿ ਇਸ ਦੇ ਆਲੇ-ਦੁਆਲੇ 'ਪਾਮ' ਦੇ ਲੱਗੇ ਦਰਖ਼ਤ ਇਸ ਨੂੰ ਹੋਰ ਵੀ ਖ਼ੂਬਸੂਰਤ ਬਣਾਉਂਦੇ ਹਨ।ਪਿੰਡ ਦੀਆਂ ਗਲੀਆਂ ਵਿੱਚ ਲੱਗੀਆਂ ਲਾਈਟਾਂ, ਪਿੰਡ ਨੂੰ ਆਧੁਨਿਕ ਪਿੰਡ ਵਜੋਂ ਪੇਸ਼ ਕਰਦੀਆਂ ਹਨ।

ਗੁਰਜੀਤ ਸਿੰਘ ਅਠਾਰਾਂ ਸਾਲ ਪਹਿਲਾਂ ਇੱਥੋਂ ਨੌਰਵੇ ਗਏ ਸੀ। ਹੁਣ ਕਰੀਬ 7-8 ਸਾਲ ਤੋਂ ਪਿੰਡ ਦੇ ਕੰਮ ਕਰਵਾ ਰਹੇ ਹਨ। ਗੁਰਜੀਤ ਸਿੰਘ ਨੌਰਵੇ ਦੀ ਖ਼ੂਬਸੂਰਤੀ ਵੇਖ ਕੇ ਪ੍ਰੇਰਿਤ ਹੋਏ ਅਤੇ ਆਪਣੇ ਪਿੰਡ ਨੂੰ ਖ਼ੂਬਸੂਰਤ ਬਣਾਉਣ ਦੀ ਕੋਸ਼ਿਸ਼ ਵਿੱਚ ਲੱਗ ਗਏ ਅਤੇ ਅੱਗੇ ਵੀ ਇਹ ਕੰਮ ਜਾਰੀ ਰੱਖਣ ਦੀ ਇੱਛਾ ਹੈ। ਉਨ੍ਹਾਂ ਦੱਸਿਆ ਕਿ ਮੈਂ 22-23 ਸਾਲ ਦੀ ਉਮਰ ਵਿੱਚ ਨੌਰਵੇ ਪਹੁੰਚ ਗਿਆ ਸੀ। ਮੈਂ ਇੱਥੋਂ ਦੀ ਖ਼ੂਬਸੂਰਤੀ ਅਤੇ ਗਰੀਨਰੀ ਦੇਖੀ ਤਾਂ ਸੋਚਿਆ ਕਿ ਮੈਂ ਆਪਣੇ ਪਿੰਡ ਨੂੰ ਕਿਉਂ ਨਹੀਂ ਸੋਹਣਾ ਬਣਾ ਸਕਦਾ।

ਪਿੰਡ ਵਿੱਚ ਰਹਿੰਦੇ ਗੁਰਜੀਤ ਦੇ ਮਾਤਾ ਮਨਜੀਤ ਕੌਰ ਨੇ ਮਾਣ ਮਹਿਸੂਸ ਕਰਦਿਆਂ ਦੱਸਿਆ ਕਿ ਉਸ ਨੇ ਵਿਦੇਸ਼ ਤੋਂ ਘਰ ਲਈ ਘੱਟ ਅਤੇ ਪਿੰਡ ਲਈ ਵੱਧ ਪੈਸਾ ਭੇਜਿਆ ਹੈ।

ਗੁਰਜੀਤ ਸਿੰਘ ਦੇ ਪੁੱਤਰ ਗੁਰਸਾਜਨ ਸਿੰਘ ਵੀ ਪਿੰਡ ਵਿੱਚ ਹੀ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਨੌਰਵੇ ਰਹਿੰਦਿਆਂ ਵੀ ਪਿਤਾ ਦਾ ਬਾਰੀਕੀ ਨਾਲ ਧਿਆਨ ਪਿੰਡ 'ਤੇ ਹੀ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਦੋ ਹਜ਼ਾਰ ਦੇ ਕਰੀਬ ਪੌਦੇ ਪਿੰਡ ਵਿੱਚ ਲਗਾਏ ਗਏ ਹਨ। ਕਰੀਬ ਛੇ ਸੌ ਪੌਦੇ ਫਲਾਂ ਦੇ ਅਤੇ ਬਾਕੀ ਸਜਾਵਟੀ ਪੌਦੇ ਹਨ।

ਪਿੰਡ ਵਾਸੀ ਰਛਪਾਲ ਸਿੰਘ, ਬਲਵਿੰਦਰ ਸਿੰਘ ਤੇ ਹਰਜੀਤ ਕੌਰ ਨੇ ਦੱਸਿਆ ਕਿ ਪਿੰਡ ਤੋਂ ਬਾਹਰਲਾ (ਬਾਕੀ ਸਫ਼ਾ 31 'ਤੇ)

### ਐਫ਼ਬੀਆਈ ਦੀ ਰਿਪੋਰਟ ਅਨੁਸਾਰ

# ਧੋਖੇਬਾਜ਼ ਭਾਰਤੀ ਗਿਰੋਹਾਂ ਨੇ 2022 ਦੌਰਾਨ ਅਮਰੀਕੀਆਂ ਨਾਲ 8 ਖਰਬ ਦੀ ਮਾਰੀ ਠੱਗੀ




ਭਾਰਤ ਦੇ ਠੱਗਾਂ ਨੇ ਇਸ ਸਾਲ ਹੁਣ ਤੱਕ ਅਮਰੀਕੀ ਲੋਕਾਂ ਤੋਂ 10 ਬਿਲੀਅਨ ਡਾਲਰ ਤੋਂ ਵੱਧ ਦੀ ਠੱਗੀ ਮਾਰੀ ਹੈ। ਨਿਊਯਾਰਕ ਟਾਈਮਜ਼ ਅਨੁਸਾਰ ਅਮਰੀਕੀ ਸੰਘੀ ਜਾਂਚ ਏਜੰਸੀ ਐਫ਼ਬੀਆਈ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਲ 2022 ਵਿੱਚ ਭਾਰਤ ਤੋਂ ਕੰਮ ਕਰ ਰਹੇ ਧੋਖੇਬਾਜ਼ ਗਿਰੋਹ ਨੇ ਅਮਰੀਕਾ ਦੇ ਲੋਕਾਂ ਨੂੰ ਦਸ ਅਰਬ ਡਾਲਰ ਦੀ ਠੱਗੀ ਮਾਰੀ ਹੈ। ਇਸ ਰਿਪੋਰਟ ਮੁਤਾਬਕ ਸਭ ਤੋਂ ਵੱਧ ਨਿਸ਼ਾਨਾ ਅਮਰੀਕਾ ਵਿੱਚ ਰਹਿਣ ਵਾਲੇ ਬਜ਼ੁਰਗ ਸਨ, ਜਿਨ੍ਹਾਂ ਨਾਲ ਤਕਨੀਕੀ ਸਹਾਇਤਾ ਦੇ ਨਾਮ ਉਪਰ ਪਿਛਲੇ ਦੋ ਸਾਲਾਂ ਵਿੱਚ ਤਿੰਨ ਅਰਬ ਡਾਲਰ ਤੋਂ ਵੱਧ ਦੀ ਠੱਗੀ ਮਾਰੀ ਗਈ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਲ ਦੇ 11 ਮਹੀਨਿਆਂ ਵਿੱਚ ਹੀ ਅਮਰੀਕੀ ਨਾਗਰਿਕਾਂ ਤੋਂ 10.2 ਬਿਲੀਅਨ ਡਾਲਰ ਦੀ ਠੱਗੀ ਮਾਰੀ ਗਈ ਹੈ। ਇਹ ਅੰਕੜਾ ਸੰਨ 2021 ਨਾਲੋਂ 47 ਫੀਸਦੀ ਵੱਧ ਹੈ। 2021 ਵਿੱਚ ਕੁੱਲ ਧੋਖਾਧੜੀ 6.9 ਬਿਲੀਅਨ ਡਾਲਰ ਦੀ ਸੀ।

ਅਮਰੀਕਾ ਨੇ ਆਪਣੇ ਇੱਕ ਅਧਿਕਾਰੀ ਨੂੰ ਦਿੱਲੀ ਵਿੱਚ ਪੱਕੇ ਤੌਰ 'ਤੇ ਤਾਇਨਾਤ ਕਰ ਦਿੱਤਾ ਹੈ। ਇਹ ਅਧਿਕਾਰੀ ਸੀਬੀਆਈ, ਇੰਟਰਪੋਲ ਅਤੇ ਦਿੱਲੀ ਪੁਲਿਸ ਨਾਲ ਮਿਲ ਕੇ ਕੰਮ ਕਰਦਾ ਹੈ ਅਤੇ ਇਸ ਦਾ ਮਕਸਦ ਧੋਖੇਬਾਜ਼ਾਂ ਦੇ ਗਿਰੋਹ ਦਾ ਪਰਦਾਫਾਸ਼ ਕਰਨਾ ਅਤੇ ਅਮਰੀਕਾ ਤੋਂ ਭੇਜੇ ਜਾ ਰਹੇ ਪੈਸੇ ਨੂੰ ਅੱਧ ਵਿਚਾਲੇ ਰੋਕਣਾ ਹੈ। ਵਰਤਮਾਨ ਵਿੱਚ, ਸੁਹੇਲ ਦਾਊਦ, ਜੋ ਕਿ ਐਫਬੀਆਈ ਦੇ ਦੱਖਣੀ ਏਸ਼ੀਆ ਮੁਖੀ ਹਨ, ਨਵੀਂ ਦਿੱਲੀ ਵਿੱਚ ਅਮਰੀਕੀ ਦੂਤਾਵਾਸ ਵਿੱਚ ਇਹ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਦੱਸਿਆ ਕਿ ਐਫ਼ਬੀਆਈ ਦੀ ਵੈੱਬਸਾਈਟ 'ਤੇ ਦਰਜ ਧੋਖਾਧੜੀ ਦੇ ਮਾਮਲਿਆਂ ਵਿੱਚ ਇਸ ਸਾਲ ਦੇ ਸਿਰਫ਼ 11 ਮਹੀਨਿਆਂ ਵਿੱਚ ਹੀ ਪ੍ਰੇਮ ਸੰਬੰਧਾਂ ਦੇ ਬਹਾਨੇ ਕੀਤੀ ਗਈ ਧੋਖਾਧੜੀ ਕਾਰਨ ਅੱਠ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਟੈਕ ਸਪੋਰਟ ਕ੍ਰਾਈਮ ਦੇ ਨਾਂ 'ਤੇ ਦੋ ਸਾਲਾਂ ਵਿਚ ਤਿੰਨ ਅਰਬ ਡਾਲਰ ਦੀ ਧੋਖਾਧੜੀ ਕੀਤੀ ਗਈ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਪੀੜਤਾਂ ਦੀ ਉਮਰ 60 ਸਾਲ ਤੋਂ ਉਪਰ ਹੈ। ਆਨ ਲਾਈਨ ਅਪਰਾਧ ਵਿੱਚ ਇਸ ਸਾਲ 128 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਪਿਛਲੇ ਦੋ ਸਾਲਾਂ ਵਿੱਚ ਹੀ ਅਮਰੀਕੀਆਂ ਨੂੰ 9,200 ਕਰੋੜ ਦਾ ਨੁਕਸਾਨ ਹੋਇਆ ਸੀ। 2021 ਵਿਚ ਲਗਭਗ 2,800 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਗਈ ਸੀ ਜਦਕਿ ਇਸ ਸਾਲ ਹੁਣ ਤੱਕ 6,400 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਜਾ ਚੁੱਕੀ ਹੈ।

ਟਾਈਮਜ਼ ਆਫ਼ ਇੰਡੀਆ ਅਨੁਸਾਰ ਅਕਤੂਬਰ ਨਵੰਬਰ ਸੰਨ 2022 ਦੇ ਦੌਰਾਨ ਭਾਰਤ ਵਿਚ ਅਜਿਹੇ ਕਈ ਫਰਜ਼ੀ ਕਾਲ ਸੈਂਟਰ ਫੜੇ ਗਏ ਹਨ ਜਿੱਥੋਂ ਵਿਦੇਸ਼ੀਆਂ ਨੂੰ ਠੱਗਿਆ ਜਾ ਰਿਹਾ ਸੀ। ਨਵੰਬਰ ਮਹੀਨੇ, ਦਿੱਲੀ ਪੁਲਿਸ ਨੇ ਇੱਕ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ ਜਿਸਨੂੰ ਤਿੰਨ ਲੋਕ ਚਲਾ ਰਹੇ ਸਨ। ਪੁਲਿਸ ਮੁਤਾਬਕ ਇਹ ਲੋਕ ਤਕਨੀਕੀ ਸਹਾਇਤਾ ਦੇਣ ਦੇ ਨਾਂ 'ਤੇ ਅਮਰੀਕੀ ਲੋਕਾਂ ਦਾ ਸ਼ਿਕਾਰ ਕਰ ਰਹੇ ਸਨ। ਇਸ ਗਿਰੋਹ ਦਾ ਇੱਕ ਮੈਂਬਰ ਕੈਨੇਡਾ ਵਿੱਚ ਵੀ ਕਾਬੂ ਕੀਤਾ ਗਿਆ ਸੀ, ਜਿਸ ਨੂੰ ਕੈਨੇਡੀਅਨ ਪੁਲਿਸ ਨੇ ਟੋਰਾਂਟੋ ਵਿੱਚ ਫੜਿਆ ਸੀ। ਇਸ ਤੋਂ ਇਲਾਵਾ ਅਮਰੀਕਾ ਦੇ ਨਿਊਜਰਸੀ ਵਿਚ ਵੀ ਐਫ਼ਬੀਆਈ ਨੇ ਗਿਰੋਹ ਦੇ ਇੱਕ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦਿੱਲੀ ਪੁਲਿਸ ਨੇ ਦੱਸਿਆ ਸੀ ਕਿ 2012 ਤੋਂ 2020 ਦੇ ਦਰਮਿਆਨ ਅਮਰੀਕੀ ਅਧਿਕਾਰੀਆਂ ਤੋਂ ਉਸ ਨੂੰ 20,000 ਤੋਂ ਵੱਧ ਲੋਕਾਂ ਨਾਲ ਧੋਖਾਧੜੀ ਦੀ ਸੂਚਨਾ ਮਿਲੀ ਸੀ।

ਹਾਲ ਹੀ ਵਿੱਚ, ਭਾਰਤੀ ਗ੍ਰਹਿ ਮੰਤਰਾਲੇ ਦੁਆਰਾ ਜਾਰੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਦੇਸ਼ ਵਿੱਚ ਸਾਈਬਰ ਅਪਰਾਧਾਂ ਵਿੱਚ ਭਾਰੀ ਉਛਾਲ ਆਇਆ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੇਸ਼ ਵਿਚ ਰੋਜ਼ਾਨਾ ਸਾਈਬਰ ਅਪਰਾਧਾਂ ਦੀਆਂ 1500 ਸ਼ਿਕਾਇਤਾਂ ਆਉਂਦੀਆਂ ਹਨ, ਜਿਨ੍ਹਾਂ ਵਿਚੋਂ ਕਰੀਬ 30 ਐੱਫ.ਆਈ.ਆਰ ਦਰਜ ਹੋਈਆਂ ਹਨ। ਮੰਤਰਾਲੇ ਵੱਲੋਂ ਲੋਕ ਸਭਾ ਵਿੱਚ ਦਿੱਤੇ ਗਏ ਅੰਕੜਿਆਂ ਵਿੱਚ ਦੱਸਿਆ ਗਿਆ ਕਿ 30 ਅਗਸਤ 2019 ਨੂੰ ਸਰਕਾਰ ਨੇ ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ ਸ਼ੁਰੂ ਕੀਤਾ ਸੀ ਜਿੱਥੇ ਸਾਈਬਰ ਕ੍ਰਾਈਮ ਦੀਆਂ ਸ਼ਿਕਾਇਤਾਂ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿੱਚੋਂ 32 ਹਜ਼ਾਰ ਤੋਂ ਵੱਧ ਮਾਮਲਿਆਂ ਵਿੱਚ ਐੱਫ.ਆਈ.ਆਰ ਦਰਜ ਕੀਤੀਆਂ ਗਈਆਂ ਸਨ। ਅਧਿਕਾਰਤ ਅੰਕੜੇ ਦੱਸਦੇ ਹਨ ਕਿ 1 ਜਨਵਰੀ, 2020 ਤੋਂ 7 ਦਸੰਬਰ, 2022 ਤੱਕ ਦੇਸ਼ ਵਿੱਚ 16 ਲੱਖ ਤੋਂ ਵੱਧ ਸਾਈਬਰ ਅਪਰਾਧਾਂ ਦੀ ਰਿਪੋਰਟ ਕੀਤੀ ਗਈ ਸੀ।

# 6 ਸਾਲਾਂ ਬਾਅਦ ਸੁਪਰੀਮ ਕੋਰਟ ਨੇ ਨੋਟਬੰਦੀ ਦੇ ਫ਼ੈਸਲੇ ਨੂੰ ਠਹਿਰਾਇਆ ਸਹੀ

## ਨੋਟਬੰਦੀ ਦੇ ਪ੍ਰਭਾਵ 'ਤੇ ਧਾਰੀ ਚੁੱਪ , ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ 4-1 ਦੇ ਬਹੁਮਤ ਨਾਲ ਸੁਣਾਇਆ ਫ਼ੈਸਲਾ

### ਫ਼ੈਸਲੇ ਤੋਂ ਬਾਅਦ ਆਹਮੋ-ਸਾਹਮਣੇ ਹੋਈਆਂ ਭਾਜਪਾ ਅਤੇ ਕਾਂਗਰਸ





**ਇਸ ਵਿਚ ਕੋਈ ਸ਼ੱਕ ਨਹੀਂ ਕਿ ਨੋਟ ਬੰਦੀ ਦੇ ਫ਼ੈਸਲੇ ਦਾ ਅਰਥਚਾਰੇ 'ਤੇ ਮਾੜਾ ਅਸਰ ਪਿਆ ਅਤੇ ਕੁੱਲ ਘਰੇਲੂ ਪੈਦਾਵਾਰ ਘਟੀ ਹੈ। ਕਈ ਕਾਰੋਬਾਰ ਤਬਾਹ ਹੋਏ ਅਤੇ ਲੱਖਾਂ ਨੌਕਰੀਆਂ ਜਾਂਦੀਆਂ ਰਹੀਆਂ। ਇਸ ਦੀ ਜ਼ਿਆਦਾ ਮਾਰ ਗ਼ਰੀਬ ਅਤੇ ਘੱਟ ਸਾਧਨਾਂ ਵਾਲੇ ਲੋਕਾਂ ਨੂੰ ਝੱਲਣੀ ਪਈ। ਬੈਂਕਾਂ ਸਾਹਮਣੇ ਲਾਈਨਾਂ ਵਿਚ ਖੜੇ ਕਈ ਵਿਅਕਤੀਆਂ ਦੀਆਂ ਜਾਨਾਂ ਵੀ ਗਈਆਂ ਪਰ ਸਰਕਾਰ ਨੇ ਕੋਈ ਨੈਤਿਕ ਜ਼ਿੰਮੇਵਾਰੀ ਨਾ ਲਈ। ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਕੇਂਦਰ ਸਰਕਾਰ ਇਸ ਪੱਖ ਤੋਂ ਤਾਂ ਸੁਰਖ਼ਰੂ ਹੋ ਗਈ ਹੈ ਕਿ ਹੁਣ ਨੋਟ ਬੰਦੀ ਨੂੰ ਕਾਨੂੰਨੀ ਪੱਖ ਤੋਂ ਹੋਰ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਪਰ ਲੋਕਾਂ ਦੇ ਮਨਾਂ ਵਿਚ ਇਹ ਫ਼ੈਸਲਾ ਹੋਣਾ ਬਾਕੀ ਹੈ ਕਿ ਨੋਟ ਬੰਦੀ ਨੇ ਉਨ੍ਹਾਂ ਮੰਤਵਾਂ ਜਿਨ੍ਹਾਂ ਦਾ ਜ਼ਿਕਰ ਪ੍ਰਧਾਨ ਮੰਤਰੀ ਦੇ ਬਿਆਨ ਵਿਚ ਕੀਤਾ ਗਿਆ ਸੀ, ਨੂੰ ਪੂਰਾ ਕੀਤਾ ਜਾਂ ਨਹੀਂ।**

ਨਵੀਂ ਦਿੱਲੀ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਦੇ 5 ਜੱਜਾਂ ਦੇ ਸੰਵਿਧਾਨਕ ਬੈਂਚ ਨੇ 2016 'ਚ ਕੇਂਦਰ ਵੱਲੋਂ ਲਏ ਨੋਟਬੰਦੀ ਦੇ ਫ਼ੈਸਲੇ ਨੂੰ 4-1 ਦੇ ਬਹੁਮਤ ਨਾਲ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ 500 ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦੇ ਅਮਲ ਵਿਚ ਕੋਈ ਗੜਬੜ ਨਹੀਂ ਹੋਈ ਹੈ। ਜਸਟਿਸ ਐੱਸ.ਏ. ਨਜ਼ੀਰ ਦੀ ਪ੍ਰਧਾਨਗੀ ਵਾਲੇ 5 ਮੈਂਬਰੀ ਬੈਂਚ, ਜਿਸ 'ਚ ਜਸਟਿਸ ਵੀ ਰਾਮਸੁਬਰਾਮਨਿਅਮ, ਜਸਟਿਸ ਬੀ.ਆਰ. ਗਵਈ, ਜਸਟਿਸ ਏ.ਐੱਸ. ਬੋਪੰਨਾ ਅਤੇ ਜਸਟਿਸ ਬੀ.ਵੀ. ਨਾਗਰਤਨਾ ਸ਼ਾਮਿਲ ਸਨ, ਨੇ ਬਹੁਮਤ ਦੇ ਆਧਾਰ 'ਤੇ ਲਏ ਫ਼ੈਸਲੇ ਵਿਚ ਨੋਟਬੰਦੀ ਨੂੰ ਸਹੀ ਠਹਿਰਾਉਂਦੇਹੋਏ ਕਿਹਾ ਕਿ ਫ਼ੈਸਲਾ ਲੈਣ ਦੇ ਅਮਲ 'ਤੇ ਸਵਾਲ ਨਹੀਂ ਉਠਾਏ ਜਾ ਸਕਦੇ, ਕਿਉਂਕਿ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ ਨੇ ਆਪਸੀ ਗੱਲਬਾਤ ਤੋਂ ਬਾਅਦ ਇਹ ਫ਼ੈਸਲਾ ਲਿਆ ਹੈ। ਇਸ ਤੋਂ ਇਹ ਮੰਨਿਆ ਜਾ ਸਕਦਾ ਹੈ ਕਿ ਨੋਟਬੰਦੀ ਸਰਕਾਰ ਦਾ ਮਨਮਾਨਾ ਫ਼ੈਸਲਾ ਨਹੀਂ ਸੀ। ਬੈਂਚ ਨੇ ਇਹ ਵੀ ਕਿਹਾ ਕਿ ਆਰਥਿਕ ਫ਼ੈਸਲੇ ਨੂੰ ਪਲਟਿਆ ਨਹੀਂ ਜਾ ਸਕਦਾ । ਬੈਂਚ ਨੇ ਕਿਹਾ ਕਿ ਸਰਕਾਰ ਨੇ 6 ਮਹੀਨਿਆਂ ਤੱਕ ਆਰ.ਬੀ.ਆਈ. ਨਾਲ ਚਰਚਾ ਕੀਤੀ, ਨਾਲ ਹੀ ਕਿਹਾ ਕਿ ਨੋਟਬੰਦੀ ਦਾ ਮਕਸਦ ਹਾਸਲ ਕੀਤਾ ਜਾ ਸਕਿਆ ਕਿ ਨਹੀਂ ਇਸ ਦਾ ਨੋਟਬੰਦੀ ਦੇ ਅਮਲ ਨਾਲ ਕੋਈ ਸੰਬੰਧ ਨਹੀਂ ਹੈ। ਹਾਲਾਂਕਿ ਸਰਕਾਰ ਨੂੰ ਰਾਹਤ ਦੇਣ ਵਾਲੇ ਇਸ ਫ਼ੈਸਲੇ 'ਚ ਸੰਵਿਧਾਨਕ ਬੈਂਚ ਦੇ ਇਕ ਜੱਜ ਜਸਟਿਸ ਬੀ.ਵੀ. ਨਾਗਰਤਨਾ ਨੇ ਨੋਟਬੰਦੀ ਦੇ ਫ਼ੈਸਲੇ ਨੂੰ ਗ਼ੈਰ-ਕਾਨੂੰਨੀ ਦੱਸਦਿਆਂ ਕਿਹਾ ਕਿ ਰਿਜ਼ਰਵ ਬੈਂਕ ਨੇ ਨੋਟਬੰਦੀ ਦੀ ਸਿਫ਼ਾਰਸ਼ ਕਰਨ ਵਿਚ ਸੁਤੰਤਰ ਰੂਪ ਨਾਲ ਸਮਝ ਦਾ ਇਸਤੇਮਾਲ ਨਹੀਂ ਕੀਤਾ। ਉਨ੍ਹਾਂ 24 ਘੰਟੇ 'ਚ ਮੁਕੰਮਲ ਹੋਏ ਪੂਰੇ ਅਮਲ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ 500 ਅਤੇ 1000 ਰੁਪਏ ਦੇ ਸਾਰੇ ਚਲਨ ਵਿਚ ਆਏ ਨੋਟਾਂ ਨੂੰ ਰੱਦ ਕਰਨ ਦਾ ਫ਼ੈਸਲਾ ਨੋਟੀਫ਼ਿਕੇਸ਼ਨ ਰਾਹੀਂ ਕੀਤਾ ਜਾਣਾ ਸਹੀ ਨਹੀਂ ਸੀ । ਇਸ ਲਈ ਸੰਸਦ ਵਿਚ ਕਾਨੂੰਨ ਪਾਸ ਕੀਤਾ ਜਾਣਾ ਚਾਹੀਦਾ ਸੀ । ਦੇਸ਼ ਨਾਲ ਜੁੜੇ ਏਨੇ ਅਹਿਮ ਫ਼ੈਸਲੇ ਦੇ ਮਸਲੇ ਵਿਚ ਸੰਸਦ ਨੂੰ ਅਲੱਗ-ਥਲੱਗ ਨਹੀਂ ਰੱਖਿਆ ਜਾ ਸਕਦਾ ਹੈ । ਜਸਟਿਸ ਨਾਗਰਤਨਾ ਨੇ ਇਹ ਵੀ ਕਿਹਾ ਕਿ ਇਸ ਮਸਲੇ 'ਚ ਰਿਜ਼ਰਵ ਬੈਂਕ ਦੀ ਸਿਰਫ਼ ਰਾਇ ਮੰਗੀ ਗਈ ਸੀ, ਜਿਸ ਨੂੰ ਸਿਫ਼ਾਰਸ਼ ਨਹੀਂ ਕਿਹਾ ਜਾ ਸਕਦਾ। ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਭਾਜਪਾ ਅਤੇ ਕਾਂਗਰਸ ਨੇ ਆਹਮੋ-ਸਾਹਮਣੇ ਹੁੰਦਿਆਂ ਪ੍ਰਤੀਕਰਮ ਦਿੱਤੇ, ਜਿੱਥੇ ਫ਼ੈਸਲੇ ਤੋਂ ਬਾਗ਼ੋ-ਬਾਗ਼ ਹੋਈ ਭਾਜਪਾ ਨੇ ਨੋਟ ਬੰਦੀ ਦੇ ਫ਼ਾਇਦੇ ਗਿਣਾਉਂਦੇ ਹੋਏ ਕਿਹਾ ਕਿ ਅਦਾਲਤ ਨੇ ਵੀ ਮੰਨਿਆ ਕਿ ਸਰਕਾਰ ਦੀ ਨੀਅਤ ਠੀਕ ਸੀ ਜਦਕਿ ਕਾਂਗਰਸ ਨੇ ਪ੍ਰਤੀਕਰਮ ਕਰਦਿਆਂ ਕਿਹਾ ਕਿ ਫ਼ੈਸਲੇ ਵਿਚ ਨੋਟ ਬੰਦੀ ਦੇ ਅਸਰ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ। ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਦੋਹਾਂ ਧਿਰਾਂ ਨੇ ਪ੍ਰੈੱਸ ਕਾਨਫ਼ਰੰਸ ਕਰਦੇ ਹੋਏ ਆਪਣੇ ਪ੍ਰਤੀਕਰਮ ਦਿੱਤੇ। ਭਾਜਪਾ ਆਗੂ ਰਵੀਸ਼ੰਕਰ ਪ੍ਰਸਾਦ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਨੋਟ ਬੰਦੀ ਦੀ ਵਿਧਾਨਿਕਤਾ ਨੂੰ ਚੁਣੌਤੀ ਦੇਣ ਵਾਲੀਆਂ 58 ਪਟੀਸ਼ਨਾਂ ਨੂੰ ਅਸਵੀਕਾਰ ਕਰ ਦਿੱਤਾ ਹੈ। ਉਨ੍ਹਾਂ ਇਕ ਤੋਂ ਬਾਅਦ ਇਕ ਨੋਟ ਬੰਦੀ ਦੇ ਫ਼ਾਇਦੇ ਦੱਸਦਿਆਂ ਕਿਹਾ ਕਿ ਨੋਟ ਬੰਦੀ ਦੇ ਅਗਲੇ ਸਾਲ ਹੀ ਟੈਕਸ ਦੀ ਉਗਰਾਹੀ ਵਿਚ 18 ਫ਼ੀਸਦੀ ਦਾ ਵਾਧਾ ਹੋਇਆ ਸੀ ਅਤੇ 2.38 ਲੱਖ ਫ਼ਰਜ਼ੀ ਕੰਪਨੀਆਂ ਵੀ ਫੜੀਆਂ ਗਈਆਂ ਸਨ ਰਵੀਸ਼ੰਕਰ ਪ੍ਰਸਾਦ ਨੇ ਕਿਹਾ ਕਿ ਅਦਾਲਤ ਨੇ ਮੰਨਿਆ ਕਿ ਸਰਕਾਰ ਦੀ ਨੀਅਤ ਠੀਕ ਸੀ। ਉਨ੍ਹਾਂ ਕਿਹਾ ਕਿ ਨੋਟ ਬੰਦੀ, ਅੱਤਵਾਦ ਅਤੇ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਸਭ ਤੋਂ ਵੱਡਾ ਹਮਲਾ ਸੀ। ਦੂਜੇ ਪਾਸੇ ਕਾਂਗਰਸ ਵੱਲੋਂ ਜੈਰਾਮ ਰਮੇਸ਼ ਨੇ ਕਿਹਾ ਫ਼ੈਸਲੇ ਵਿਚ ਇਸ ਸੰਬੰਧ 'ਚ ਕੁਝ ਨਹੀਂ ਕਿਹਾ ਗਿਆ ਕਿ ਕੀ ਨੋਟ ਬੰਦੀ ਆਪਣੇ ਐਲਾਨੇ ਗਏ ਮਕਸਦਾਂ ਨੂੰ ਹਾਸਲ ਕਰਨ 'ਚ ਸਫਲ ਰਹੀ ਜਾਂ ਨਹੀਂ। ਕਾਂਗਰਸੀ ਆਗੂ ਨੇ ਕਿਹਾ ਕਿ ਚਲਨ 'ਚ ਕਰੰਸੀ ਨੂੰ ਘੱਟ ਕਰਨਾ, ਨਕਲੀ ਕਰੰਸੀ 'ਤੇ ਕਾਬੂ ਪਾਉਣਾ, ਕਾਲੇ ਧਨ ਦਾ ਪਰਦਾਫਾਸ਼ ਕਰਨਾ ਅਤੇ ਅੱਤਵਾਦ ਨੂੰ ਖ਼ਤਮ ਕਰਨ ਜਿਹੇ ਐਲਾਨੇ ਗਏ ਟੀਚੇ ਵਿਚੋਂ ਕਿਸੇ ਵੀ ਟੀਚੇ ਨੂੰ ਦਰਸਾਉਣਯੋਗ ਪੱਧਰ 'ਤੇ ਹਾਸਲ ਨਹੀਂ ਕੀਤਾ ਜਾ ਸਕਿਆ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦਾ ਫ਼ੈਸਲਾ ਸਿਰਫ਼ ਫ਼ੈਸਲਾ ਲੈਣ ਦੇ ਅਮਲ ਦੇ ਮੁੱਦੇ ਤੱਕ ਸੀਮਤ ਹੈ ਅਤੇ ਨੋਟ ਬੰਦੀ ਦੇ ਨਤੀਜਿਆਂ ਨਾਲ ਇਸ ਦਾ ਕੋਈ ਸੰਬੰਧ ਨਹੀਂ ਹੈ। ਇਸ ਲਈ ਇਹ ਕਹਿਣਾ ਕਿ ਸੁਪਰੀਮ ਕੋਰਟ ਨੇ ਨੋਟ ਬੰਦੀ ਦੇ ਫ਼ੈਸਲੇ ਨੂੰ ਸਹੀ ਠਹਿਰਾਇਆ, ਪੂਰੀ ਤਰ੍ਹਾਂ ਭਰਮ ਫੈਲਾਉਣ ਵਾਲਾ ਅਤੇ ਗ਼ਲਤ ਹੈ।

**ਕਰੰਸੀ ਦਾ ਪ੍ਰਵਾਹ 83 ਫ਼ੀਸਦੀ ਵਧਿਆ**

ਨੋਟ ਬੰਦੀ ਦੇ 6 ਸਾਲ ਬਾਅਦ ਅਧਿਕਾਰਤ ਅੰਕੜਿਆਂ ਅਨੁਸਾਰ ਨਕਦੀ ਦੀ ਅਜੇ ਵੀ ਬਾਦਸ਼ਾਹਤ ਹੈ। ਅੱਜ ਚਲਨ ਵਿਚ ਕਰੰਸੀ ਕਰੀਬ 83 ਫ਼ੀਸਦੀ ਵਧ ਗਈ ਹੈ। ਰਿਜ਼ਰਵ ਬੈਂਕ ਦੇ ਅੰਕੜਿਆਂ ਅਨੁਸਾਰ 23 ਦਸੰਬਰ, 2022 ਤੱਕ 32.42 ਲੱਖ ਕਰੋੜ ਰੁਪਏ ਦੀ ਨਕਦੀ ਚਲਨ ਵਿਚ ਸੀ, ਜਦੋਂ ਕਿ 4 ਨਵੰਬਰ, 2016 ਦੇ ਅੰਕੜਿਆਂ ਮੁਤਾਬਿਕ ਉਸ ਵੇਲੇ 17.74 ਲੱਖ ਕਰੋੜ ਰੁਪਏ ਦੀ ਨਕਦੀ ਚਲਨ ਵਿਚ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 8 ਨਵੰਬਰ 2016 ਨੂੰ 1,000 ਅਤੇ 500 ਰੁਪਏ ਦੇ ਕਰੰਸੀ ਨੋਟ ਬੰਦ ਕਰਨ ਦੇ ਫ਼ੈਸਲੇ ਨੇ ਦੇਸ਼ ਭਰ ਵਿਚ ਕਾਰੋਬਾਰਾਂ ਅਤੇ ਰੋਜ਼ੀ ਰੋਟੀ ਨੂੰ ਨੁਕਸਾਨ ਪਹੁੰਚਾਇਆ ਹਾਲਾਂਕਿ ਜਨਤਾ ਦਾ ਗੁੱਸਾ ਭਾਰਤੀ ਜਨਤਾ ਪਾਰਟੀ ਲਈ ਚੋਣਾਂ ਵਿਚ ਝਟਕਿਆਂ ਦੇ ਰੂਪ ਵਿਚ ਪ੍ਰਗਟ ਨਹੀਂ ਹੋਇਆ। ਇਉਂ ਲੱਗਦਾ ਸੀ ਕਿ ਲੋਕਾਂ ਨੇ ਨੋਟ ਬੰਦੀ ਕਰਨ ਦੀ ਪ੍ਰਕਿਰਿਆ 'ਤੇ ਤਾਂ ਕਿੰਤੂ ਕੀਤਾ ਸੀ ਪਰ ਪ੍ਰਧਾਨ ਮੰਤਰੀ ਦੇ ਫ਼ੈਸਲੇ ਦੇ ਮੰਤਵਾਂ ਬਾਰੇ ਨਹੀਂ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਵਿਸ਼ਵ ਵਿਚ ਜਮਹੂਰੀਅਤ ਹੋਈ ਕਮਜ਼ੋਰ



ਪ੍ਰੋ. ਬਲਵਿੰਦਰ ਪਾਲ ਸਿੰਘ
9815700916

## ਦੁਨੀਆ ਵਿੱਚ ਦੁੱਗਣੀ ਤੇਜ਼ੀ ਨਾਲ ਹੋ ਰਿਹਾ ਏ ਧਰੁਵੀਕਰਨ

- ਲੋਕਤੰਤਰੀ ਦੇਸ਼ਾਂ ਵਿੱਚ ਰਹਿਣ ਵਾਲੇ ਅੱਧੇ ਲੋਕਾਂ ਨੂੰ ਤਾਕਤਵਰ ਨੇਤਾਵਾਂ ਦੀ ਲੋੜ ਹੈ
- ਈਰਾਨ ਤੇ ਅਫ਼ਗਾਨਿਸਤਾਨ ਵਿਚ ਬੀਬੀਆਂ ਨੇ ਆਪਣੇ ਅਧਿਕਾਰਾਂ ਲਈ ਖੜੇ ਕੀਤੇ ਅੰਦੋਲਨ
- ਯੂਕਰੇਨ ਰੂਸ ਜੰਗ ਨੇ ਵਿਸ਼ਵ ਨੂੰ ਮੰਦੀ ਤੇ ਭੁੱਖਮਰੀ ਵੱਲ ਧਕੇਲਿਆ
- ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਨਸਕੀ ਨੇ ਦੁਨੀਆ ਨੂੰ ਦਿੱਤੀ ਚੇਤਾਵਨੀ ਕਿ ਜੇ ਰੂਸ ਸਾਨੂੰ ਤਬਾਹ ਕਰਦਾ ਹੈ ਤਾਂ ਤੁਹਾਡੇ ਅਸਮਾਨ ਦਾ ਚਮਕਦਾ ਲੋਕਤੰਤਰ ਵੀ ਫਿੱਕਾ ਪੈ ਜਾਵੇਗਾ

ਈਰਾਨ ਵਿਚ ਹਿਜਾਬ ਦੇ ਖ਼ਿਲਾਫ਼ ਹੋ ਰਹੇ ਵਿਰੋਧ ਨੂੰ ਦਬਾਉਣ ਦੀ ਕੋਸ਼ਿਸ਼, ਚੀਨ ਵਿਚ ਤਾਲਾਬੰਦੀ ਖ਼ਿਲਾਫ਼ ਸੜਕਾਂ ’ਤੇ ਉੱਤਰੇ ਲੋਕਾਂ ਦਾ ਦਮਨ, ਚੀਨ ਤੇ ਭਾਰਤ ਦਾ ਸਰਹੱਦੀ ਤਕਰਾਰ, ਰੂਸ ਤੇ ਯੂਕਰੇਨ ਦਰਮਿਆਨ ਜੰਗ, ਹੰਗਰੀ ਅਤੇ ਬ੍ਰਾਜ਼ੀਲ ਦੀਆਂ ਚੋਣਾਂ ਵਿਚ ਆਪਣੇ ਅਹੁਦੇ ਨਾ ਛੱਡਣ ਦੀ ਸ਼ਾਸਕਾਂ ਦੀ ਜ਼ਿੱਦ ਵਿਸ਼ਵ ਦੀਆਂ ਅਹਿਮ ਘਟਨਾਵਾਂ ਹਨ, ਜਿਸਨੇ ਜਮਹੂਰੀਅਤ ਨੂੰ ਖ਼ਤਰੇ ਵਿਚ ਪਾਇਆ ਹੋਇਆ ਹੈ। ਇਸ ਸਾਲ ਅੱਧੀ ਦੁਨੀਆ ਵਿਚ ਲੋਕਤੰਤਰ ਖ਼ਤਰੇ ਵਿਚ ਨਜ਼ਰ ਆ ਰਿਹਾ ਸੀ ਪਰ ਯੂਕਰੇਨ ਇਸ ਦੀ ਸਭ ਤੋਂ ਵੱਡੀ ਮਿਸਾਲ ਬਣ ਗਿਆ ਜੋ ਰੂਸ ਦੇ ਹਮਲੇ ਨਾਲ ਤਬਾਹ ਹੋ ਗਿਆ। 24 ਫਰਵਰੀ 2022 ਨੂੰ ਰੂਸ ਨੇ ਯੂਕਰੇਨ ‘ਤੇ ਹਮਲਾ ਕੀਤਾ ਸੀ। ਰੂਸ ਦੇ ਹਮਲਿਆਂ ਵਿੱਚ ਯੂਕਰੇਨ ਦੇ ਕਈ ਸ਼ਹਿਰ ਬੁਰੀ ਤਰ੍ਹਾਂ ਤਬਾਹ ਹੋ ਗਏ ਸਨ। ਰੂਸ-ਯੂਕਰੇਨ ਜੰਗ ਵਿੱਚ ਭਾਰਤ ਦਾ ਰੁਖ ਰੂਸ ਪੱਖੀ ਰਿਹਾ ਹੈ। ਜਦੋਂ ਵੀ ਸੰਯੁਕਤ ਰਾਸ਼ਟਰ ਵਿੱਚ ਰੂਸ ਦੀ ਆਲੋਚਨਾ ਦਾ ਮਤਾ ਆਇਆ ਤਾਂ ਭਾਰਤ ਇਸ ਤੋਂ ਬਚਦਾ ਰਿਹਾ ਹੈ। ਇੰਨਾ ਹੀ ਨਹੀਂ ਭਾਰਤ ਸਰਕਾਰ ਨੇ ਇਕ ਵਾਰ ਵੀ ਰੂਸ ਦਾ ਜ਼ਿਕਰ ਨਹੀਂ ਕੀਤਾ, ਨਾਲ ਹੀ ਭਾਰਤ ਰੂਸ ’ਤੇ ਲਾਈਆਂ ਆਰਥਿਕ ਪਾਬੰਦੀਆਂ ਨੂੰ ਲੈ ਕੇ ਵੀ ਟਾਲ-ਮਟੋਲ ਕਰਦਾ ਰਿਹਾ।

ਕੁਝ ਦਿਨਾਂ ਤੋਂ ਰੂਸ ਨੇ ਯੂਕਰੇਨ ਦੇ ਕੁਝ ਸ਼ਹਿਰਾਂ ਜਿਨ੍ਹਾਂ ਵਿਚ ਰਾਜਧਾਨੀ ਕੀਵ ਵੀ ਸ਼ਾਮਿਲ ਹੈ, ’ਤੇ ਮਿਜ਼ਾਈਲਾਂ ਨਾਲ ਹਮਲੇ ਤੇਜ਼ ਕੀਤੇ ਸਨ। ਰੂਸ ਨੇ ਯੂਕਰੇਨ ਦੇ ਵੱਖ-ਵੱਖ ਸ਼ਹਿਰਾਂ ’ਤੇ 100 ਤੋਂ ਜ਼ਿਆਦਾ ਮਿਜ਼ਾਈਲ ਸੁੱਟੇ ਸਨ। ਯੂਕਰੇਨ ਸਰਕਾਰ ਅਨੁਸਾਰ ਰੂਸੀ ਫ਼ੌਜ ਜਨਤਕ ਥਾਵਾਂ, ਹਸਪਤਾਲਾਂ, ਘਰਾਂ ਆਦਿ ਨੂੰ ਨਿਸ਼ਾਨਾ ਬਣਾਉਣ ਤੋਂ ਗੁਰੇਜ਼ ਨਹੀਂ ਕਰ ਰਹੀ ਜੋ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

ਯੂਕਰੇਨ ਨੇ ਦਸ ਨੁਕਾਤੀ ਅਮਨ ਯੋਜਨਾ ਪੇਸ਼ ਕੀਤੀ ਸੀ। ਇਨ੍ਹਾਂ ਵਿਚੋਂ ਮੁੱਖ ਨੁਕਤਾ ਇਹ ਸੀ ਕਿ ਰੂਸ ਯੂਕਰੇਨ ਦੀਆਂ ਹੱਦਾਂ ਨੂੰ ਮਾਨਤਾ ਦੇਵੇ ਅਤੇ ਕਬਜ਼ੇ ਵਿਚ ਲਏ ਯੂਕਰੇਨੀ ਇਲਾਕਿਆਂ ਵਿਚੋਂ ਆਪਣੀਆਂ ਫ਼ੌਜਾਂ ਵਾਪਸ ਕਰੇ। ਇਸ ਨੁਕਤੇ ਨੂੰ ਯੋਜਨਾ ਵਿਚ ਪੰਜਵੇਂ ਨੰਬਰ ’ਤੇ ਪੇਸ਼ ਕੀਤਾ ਗਿਆ। ਇਸ ਤੋਂ ਪਹਿਲਾਂ ਦੇ ਚਾਰ ਨੁਕਤੇ ਇਹ ਸਨ: ਪਰਮਾਣੂ ਊਰਜਾ ਪਲਾਂਟਾਂ ਦੀ ਸੁਰੱਖਿਆ ਨਿਸ਼ਚਿਤ ਕਰਨਾ, ਯੂਕਰੇਨ ਤੋਂ ਅਨਾਜ ਦੀ ਬਰਾਮਦ ਯਕੀਨੀ ਬਣਾਉਣਾ, ਯੂਕਰੇਨ ਦੇ ਊਰਜਾ ਖੇਤਰ ਨੂੰ ਸੁਰੱਖਿਅਤ ਕਰਨਾ (ਯੂਕਰੇਨ ਅਨੁਸਾਰ ਉਸ ਦੇ ਊਰਜਾ ਖੇਤਰ ਦਾ ਅੱਧਾ ਹਿੱਸਾ ਰੂਸ ਦੁਆਰਾ ਤਬਾਹ ਕੀਤਾ ਜਾ ਚੁੱਕਾ ਹੈ) ਅਤੇ ਸਾਰੇ ਕੈਦੀਆਂ ਨੂੰ ਰਿਹਾਅ ਕਰਨਾ।



ਕੂਟਨੀਤਕ ਮਾਹਿਰਾਂ ਦਾ ਖ਼ਿਆਲ ਸੀ ਕਿ ਜੇ ਪਹਿਲੇ ਚਾਰ ਮੁੱਦਿਆਂ ’ਤੇ ਗੱਲਬਾਤ ਸ਼ੁਰੂ ਹੋ ਜਾਂਦੀ ਤਾਂ ਉਸ ਨੂੰ ਅੱਗੇ ਵਧਾਇਆ ਜਾ ਸਕਦਾ ਸੀ ਪਰ ਰੂਸ ਨੇ ਯੂਕਰੇਨ ਦੀ ਇਸ ਯੋਜਨਾ ਨੂੰ ਰੱਦ ਕਰ ਦਿੱਤਾ।

ਪਿਛਲੇ ਕੁਝ ਦਿਨਾਂ ਵਿਚ ਇਹ ਗੱਲ ਵੀ ਉੱਭਰੀ ਸੀ ਕਿ ਭਾਰਤ ਇਸ ਜੰਗ ਨੂੰ ਖ਼ਤਮ ਕਰਵਾਉਣ ਵਿਚ ਭੂਮਿਕਾ ਅਦਾ ਕਰ ਸਕਦਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਯੂਕਰੇਨ ਦੇ ਰਾਸ਼ਟਰਪਤੀ ਜ਼ੈਲਿੰਸਕੀ ਨਾਲ ਟੈਲੀਫ਼ੋਨ ਰਾਹੀਂ ਗੱਲਬਾਤ ਵੀ ਹੋਈ ਸੀ। ਇਸ ਸਭ ਕੁਝ ਵਿਚ ਸਭ ਤੋਂ ਚਿੰਤਾਜਨਕ ਪੱਖ ਇਹ ਹੈ ਕਿ ਅਮਰੀਕਾ ਨੇ ਯੂਕਰੇਨ ਦੀ ਵੱਡੀ ਪੱਧਰ ’ਤੇ ਫ਼ੌਜੀ ਮਦਦ ਕਰਨ ਦਾ ਵਾਅਦਾ ਕੀਤਾ ਹੈ ਜਿਸ ਕਾਰਨ ਉਲਝਣਾਂ ਹੋਰ ਵਧ ਗਈਆਂ ਹਨ। ਪਰ ਇਸ ਜੰਗ ਨੇ ਇਹ ਜ਼ਰੂਰ ਸਿੱਧ ਕੀਤਾ ਹੈ ਕਿ ਵਿਸ਼ਵ ਸ਼ਕਤੀ ਹੋਣ ਦੇ ਬਾਵਜੂਦ ਅਮਰੀਕਾ ਆਪਣੀ ਮਰਜ਼ੀ ਰੂਸ ਤੇ ਚੀਨ ਉਪਰ ਥੋਪਣ ਤੋਂ ਅਸਮਰਥ ਰਿਹਾ ਹੈ। ਵਿਸ਼ਵ ਭਾਈਚਾਰੇ ਨੂੰ ਚਾਹੀਦਾ ਹੈ ਕਿ ਜ਼ਮੀਨੀ ਹਕੀਕਤਾਂ ਦੇ ਮੱਦੇਨਜ਼ਰ ਸਭ ਤੋਂ ਪਹਿਲਾਂ ਨਿਸ਼ਾਨਾ ਜੰਗਬੰਦੀ ਕਰਵਾਉਣਾ ਹੋਣਾ ਚਾਹੀਦਾ ਹੈ ਤਾਂ ਕਿ ਯੂਕਰੇਨ ਵਿਚ ਹੋਣ ਵਾਲੀ ਤਬਾਹੀ ਨੂੰ ਰੋਕਿਆ ਜਾ ਸਕੇ ਅਤੇ ਵਿਸ਼ਵ ਮੰਦੀ ਤੇ ਭੁੱਖ ਮਰੀ ਦੀ ਸੰਭਾਵਨਾ ਤੋਂ ਵਿਸ਼ਵ ਨੂੰ ਬਚਾਇਆ ਜਾ ਸਕੇ। ਦੁਨੀਆ ਇਸ ਰੂਸੀ ਹਮਲੇ ਨੂੰ ਲੋਕਤੰਤਰ ਬਨਾਮ ਤਾਨਾਸ਼ਾਹੀ ਦੇ ਰੂਪ ਵਿੱਚ ਦੇਖ ਰਹੀ ਹੈ।ਅਮਰੀਕਨ ਮੈਗਜ਼ੀਨ ਟਾਈਮ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ, ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਨੇ ਦੁਨੀਆ ਨੂੰ ਚੇਤਾਵਨੀ ਦਿੱਤੀ ਕਿ ਜੇ ਰੂਸ ਸਾਨੂੰ ਤਬਾਹ ਕਰਦਾ ਹੈ, ਤਾਂ ਤੁਹਾਡੇ ਅਸਮਾਨ ਦਾ ਚਮਕਦਾ ਲੋਕਤੰਤਰ ਵੀ ਫਿੱਕਾ ਪੈ ਜਾਵੇਗਾ।’

**ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦਾ ਰਾਜ**

ਅਫ਼ਗਾਨਿਸਤਾਨ ਵਿਚ ਤਾਲਿਬਾਨ ਦੇ ਸ਼ਾਸਨ ਤੋਂ ਬਾਅਦ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ। ਅਮਰੀਕੀ ਫ਼ੌਜਾਂ ਦੀ ਵਾਪਸੀ ਤੋਂ ਬਾਅਦ ਤਾਲਿਬਾਨ ਨੇ ਅਫ਼ਗਾਨਿਸਤਾਨ ’ਤੇ ਕਬਜ਼ਾ ਕਰ ਲਿਆ ਸੀ। ਉਸ ਤੋਂ ਬਾਅਦ ਅਫ਼ਗਾਨਿਸਤਾਨ ਵਿੱਚ ਸ਼ੁਰੂ ਹੋਇਆ ਸਿੱਖਾਂ ਦੇ ਉਜਾੜੇ ਦਾ ਦੌਰ ਅੱਜ ਵੀ ਜਾਰੀ ਹੈ। ਸਾਲ 2022 ਵਿਚ ਪੂਰੀ ਦੁਨੀਆ ਦੇ ਲੋਕਾਂ ਦੀਆਂ ਨਜ਼ਰਾਂ ਅਫ਼ਗਾਨਿਸਤਾਨ ਵਿਚ ਤਾਲਿਬਾਨ ਦੇ ਸ਼ਾਸਨ ’ਤੇ ਟਿਕੀਆਂ ਹੋਈਆਂ ਸਨ। ਜਦੋਂ ਤੋਂ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਸੱਤਾ ਵਿੱਚ ਆਇਆ ਹੈ, ਅਫ਼ਗਾਨਾਂ ਦੀ ਹਾਲਤ ਤਰਸਯੋਗ ਹੈ। ਆਰਥਿਕ ਸਥਿਤੀ ਗੰਭੀਰ ਹੈ, ਕੁਪੋਸ਼ਣ ਦੀਆਂ ਦਰਾਂ ਵੱਧ ਰਹੀਆਂ ਹਨ, ਔਰਤਾਂ ਦੇ ਅਧਿਕਾਰਾਂ ਵਿੱਚ ਕਟੌਤੀ ਹੋ ਰਹੀ ਹੈ, ਪਰਵਾਸ ਅਤੇ ਅੰਦਰੂਨੀ ਵਿਸਥਾਪਨ ਜਾਰੀ ਹੈ। ਸਿਹਤ ਸੇਵਾਵਾਂ ਠੱਪ ਹੋ ਰਹੀਆਂ ਹਨ। ਅਫ਼ਗਾਨਿਸਤਾਨ ਵਿੱਚ ਸੱਤਾਧਾਰੀ ਧਿਰ ਤਾਲਿਬਾਨ ਵੱਲੋਂ ਇੱਥੋਂ ਦੀਆਂ ਬੀਬੀਆਂ ਨੂੰ ਗ਼ੈਰ-ਸਰਕਾਰੀ ਸਮੂਹਾਂ (ਐੱਨਜੀਓ) ਵਿੱਚ ਕੰਮ ਕਰਨ ਤੋਂ ਰੋਕਣ ਤੋਂ ਪਹਿਲਾਂ ਵੀ ਤਾਲਿਬਾਨੀ ਫੋਰਸ ਨੇ ਰਾਜਧਾਨੀ ਕਾਬੁਲ ਸਥਿਤ ਇੱਕ ਸਥਾਨਕ ਸੰਗਠਨ ਦੇ ਦਫ਼ਤਰ ਦਾ ਕਈ ਵਾਰ ਦੌਰਾ ਕੀਤਾ ਤਾਂ ਕਿ ਜਾਂਚ ਕੀਤੀ ਜਾ ਸਕੇ ਕਿ ਔਰਤ ਕਰਮੀਂ ਕੱਪੜਿਆਂ ਬਾਰੇ ਅਤੇ ਪੁਰਸ਼ਾਂ ਤੋਂ ਦੂਰੀ ਬਣਾ ਕੇ ਕੰਮ ਕਰਨ ਸਮੇਤ ਹੋਰ ਨਿਯਮਾਂ ਦਾ ਪਾਲਣ ਕਰ ਰਹੀਆਂ ਹਨ ਜਾਂ ਨਹੀਂ। ਤਾਲਿਬਾਨ ਨੇ ਪਿਛਲੇ ਹਫ਼ਤੇ ਔਰਤਾਂ ਦੇ ਯੂਨੀਵਰਸਿਟੀਆਂ ਵਿੱਚ ਪੜ੍ਹਨ ਅਤੇ ਗ਼ੈਰ-ਸਰਕਾਰੀ ਸੰਸਥਾਵਾਂ (ਐੱਨਜੀਓਜ਼) ਵਿੱਚ ਕੰਮ ਕਰਨ ’ਤੇ ਪਾਬੰਦੀ ਲਾ ਦਿੱਤੀ ਸੀ। ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਨੇ ਤਾਲਿਬਾਨ ਵੱਲੋਂ ਔਰਤਾਂ ’ਤੇ ਪਾਬੰਦੀਆਂ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ ਹੈ।

‘ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ’ (ਯੂਐੱਨਐੱਸਸੀ), ਜਿਸ ਪ੍ਰਧਾਨਗੀ ਮੌਜੂਦਾ ਸਮੇਂ ਭਾਰਤ ਕੋਲ ਹੈ, ਨੇ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਵੱਲੋਂ ਔਰਤਾਂ ਅਤੇ ਲੜਕੀਆਂ ਦੇ ਕੰਮ ਅਤੇ ਪੜ੍ਹਾਈ ’ਤੇ ਪਾਬੰਦੀਆਂ ਖ਼ਿਲਾਫ਼ ਚਿੰਤਾ ਜਤਾਈ ਸੀ ਅਤੇ ਤਾਲਿਬਾਨ ਸ਼ਾਸਕਾਂ ਨੂੰ ਇਹ ਨੀਤੀਆਂ ਵਾਪਸ ਲੈਣ ਦੀ ਅਪੀਲ ਕੀਤੀ ਸੀ।

ਦੂਜੇ ਪਾਸੇ ਮਨੁੱਖੀ ਅਧਿਕਾਰਾਂ ਲਈ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ ਵੋਲਕਰ ਤੁਰਕ ਨੇ ਕਿਹਾ ਸੀ ਕਿ ਅਫ਼ਗਾਨਿਸਤਾਨ ਵੱਲੋਂ ਔਰਤਾਂ ਨੂੰ ਗ਼ੈਰਸਰਕਾਰੀ ਜਥੇਬੰਦੀਆਂ ਲਈ ਕੰਮ ਕਰਨ ਤੋਂ ਰੋਕਣ ਦੇ ‘ਭਿਆਨਕ ਨਤੀਜੇ’ ਨਿਕਲ ਸਕਦੇ ਹਨ। ਤੁਰਕ ਨੇ ਜਨੇਵਾ ਤੋਂ ਕਿਹਾ ਸੀ ਕਿ ਕੋਈ ਵੀ ਦੇਸ਼ ਔਰਤਾਂ ਤੋਂ ਬਿਨਾਂ ਸਮਾਜਿਕ ਅਤੇ ਆਰਥਿਕ ਤੌਰ ’ਤੇ ਵਿਕਾਸ ਨਹੀਂ ਕਰ ਸਕਦਾ। ਬੀਬੀਆਂ ਅਤੇ ਲੜਕੀਆਂ ’ਤੇ ਲਾਈਆਂ ਗਈਆਂ ਇਨ੍ਹਾਂ ਪਾਬੰਦੀਆਂ ਨਾਲ ਨਾ ਸਿਰਫ਼ ਅਫ਼ਗਾਨਿਸਤਾਨ ਦੇ ਲੋਕਾਂ ਲਈ ਮੁਸੀਬਤ ਵਧੇਗੀ, ਸਗੋਂ ਮੈਨੂੰ ਡਰ ਹੈ ਕਿ ਅਫ਼ਗਾਨਿਸਤਾਨ ਤੋਂ ਬਾਹਰ ਵੀ ਖ਼ਤਰਾ ਪੈਦਾ ਹੋ ਸਕਦਾ ਹੈ।

**ਸ੍ਰੀਲੰਕਾ ਵਿੱਚ ਆਰਥਿਕ ਸੰਕਟ**

ਸਾਲ 2022 ਵਿੱਚ ਸੱਤਾਧਾਰੀਆਂ ਦੀ ਲੁੱਟਮਾਰ ਤੇ ਲੋਕ ਵਿਰੋਧੀ ਨੀਤੀਆਂ ਕਾਰਣ ਸ੍ਰੀਲੰਕਾ ਆਰਥਿਕ ਸੰਕਟ ਦੇ ਗੰਭੀਰ ਦੌਰ ਵਿੱਚੋਂ ਲੰਘਿਆ ਹੈ। ਜੂਨ 2022 ਵਿੱਚ, ਤਤਕਾਲੀ ਪ੍ਰਧਾਨ ਮੰਤਰੀ ਰਾਨਿਲ ਵਿਕਰਮਸਿੰਘੇ ਨੇ ਸੰਸਦ ਨੂੰ ਦੱਸਿਆ ਸੀ ਕਿ ਆਰਥਿਕਤਾ ਢਹਿ ਗਈ ਹੈ, ਜਿਸ ਨਾਲ ਦੇਸ਼ ਜ਼ਰੂਰੀ ਵਸਤਾਂ ਲਈ ਭੁਗਤਾਨ ਕਰਨ ਵਿੱਚ ਅਸਮਰੱਥ ਹੈ। ਇਸ ਤੋਂ ਬਾਅਦ ਸ੍ਰੀਲੰਕਾ ਵਿਚ ਵੱਡੇ ਪੱਧਰ ’ਤੇ ਵਿਰੋਧ ਪ੍ਰਦਰਸ਼ਨ ਹੋਏ ਸਨ। ਆਮ ਨਾਗਰਿਕ ਸੜਕਾਂ ‘ਤੇ ਉਤਰ ਆਏ। ਹਿੰਸਾ ਦੇ ਨਾਲ-ਨਾਲ ਅਗਜ਼ਨੀ ਅਤੇ ਲੁੱਟ-ਖੋਹ ਦੀਆਂ ਘਟਨਾਵਾਂ ਵੀ ਹੋਈਆਂ। ਇਸ ਨਾਲ ਦੇਸ ਦੀ ਜਮਹੂਰੀਅਤ ਉਪਰ ਅਜੇ ਵੀ ਖ਼ਤਰਾ ਮੰਡਰਾਇਆ ਹੋਇਆ ਹੈ।

**ਈਰਾਨ ਵਿੱਚ ਹਿਜਾਬ ਵਿਰੋਧੀ ਪ੍ਰਦਰਸ਼ਨ**

ਈਰਾਨ ਵਿੱਚ ਹਿਜਾਬ ਦੇ ਖ਼ਿਲਾਫ਼ ਪ੍ਰਦਰਸ਼ਨ ਮਹਿਸਾ ਅਮੀਨੀ ਦੀ ਮੌਤ ਤੋਂ ਬਾਅਦ ਸ਼ੁਰੂ ਹੋਇਆ ਸੀ। 22 ਸਾਲਾ ਅਮੀਨੀ ਨੂੰ 13 ਸਤੰਬਰ ਨੂੰ ਨੈਤਿਕਤਾ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਉਸ ’ਤੇ ਹਿਜਾਬ ਦੇ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਸੀ। ਅਮੀਨੀ ਦੀ ਮੌਤ ਤੋਂ ਬਾਅਦ, ਪ੍ਰਦਰਸ਼ਨ 140 ਸ਼ਹਿਰਾਂ ਅਤੇ ਕਸਬਿਆਂ ਵਿੱਚ ਫੈਲ ਗਏ। ਹਿਜਾਬ ਵਿਰੋਧੀ ਮੁਜ਼ਾਹਰੇ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਸ਼ਾਮਲ ਹੋਈਆਂ ਅਤੇ ਇਹ ਸੰਕਟ ਇਸਲਾਮਿਕ ਗਣਰਾਜ ਲਈ ਚੁਣੌਤੀ ਬਣ ਗਿਆ ਸੀ। ਹਜ਼ਾਰਾਂ ਔਰਤਾਂ ਨੇ ਹਿਜਾਬ ਦੇ ਵਿਰੋਧ ਵਿੱਚ ਆਪਣੇ ਵਾਲ ਕੱਟੇ। ਪ੍ਰਦਰਸ਼ਨ ਕਿੰਨਾ ਵਿਆਪਕ ਸੀ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਕਾਰਵਾਈ ਵਿੱਚ ਕਈ ਬੱਚੇ, ਔਰਤਾਂ ਅਤੇ ਪ੍ਰਦਰਸ਼ਨਕਾਰੀ ਮਾਰੇ ਗਏ ਸਨ। ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਵੀ ਲਿਆ ਗਿਆ ਸੀ।

**ਇੰਟਰਨੈਸ਼ਨਲ ਇੰਸਟੀਚਿਊਟ ਆਫ ਡੈਮੋਕਰੇਸੀ ਐਂਡ ਇਲੈਕਟੋਰਲ ਅਸਿਸਟੈਂਸ ਦੀ ਸਾਲਾਨਾ ਰਿਪੋਰਟ**

ਸਟਾਕਹੋਮ ਸਥਿਤ ਇੰਟਰਨੈਸ਼ਨਲ ਇੰਸਟੀਚਿਊਟ ਆਫ ਡੈਮੋਕਰੇਸੀ ਐਂਡ ਇਲੈਕਟੋਰਲ ਅਸਿਸਟੈਂਸ ਦੀ ਸਾਲਾਨਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਸਾਲ ਭਾਰਤ, ਅਮਰੀਕਾ, ਬ੍ਰਾਜ਼ੀਲ ਵਰਗੇ ਦੁਨੀਆ ਦੇ ਵੱਡੇ ਅਤੇ ਪ੍ਰਭਾਵਸ਼ਾਲੀ ਲੋਕਤੰਤਰ ‘ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨ੍ਹਾਂ ਦੀ ਲੋਕਤੰਤਰ ‘ਵਿਚ ਗੁੰਜਾਇਸ਼ ਨਹੀਂ ਹੈ। ਕੋਸਟਾ ਰੀਕਾ ਦੇ ਸਾਬਕਾ ਰਾਜਨੇਤਾ ਅਤੇ ਅੰਤਰਰਾਸ਼ਟਰੀ

(ਬਾਕੀ ਸਫ਼ਾ 30 ’ਤੇ)

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

4 ਜਨਵਰੀ ਤੋਂ 10 ਜਨਵਰੀ, 2023

## ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਯਾਦ ਕਰਦਿਆਂ ...

4 ਜਨਵਰੀ 1993 ਦੀ ਸਵੇਰ ਜਦੋਂ ਅਖ਼ਬਾਰਾਂ ਲੋਕਾਂ ਦੇ ਹੱਥਾਂ ’ਚ ਪਹੁੰਚੀਆਂ ਤਾਂ ਸਮੁੱਚੇ ਸਿੱਖ ਠਠੰਬਰ ਗਏ, ਅਖ਼ਬਾਰਾਂ ਦੀਆਂ ਸੁਰਖ਼ੀਆਂ ਹਰ ਪੰਥ ਦਰਦੀ ਦੇ ਮੱਥੇ ’ਤੇ ਜ਼ਹਿਰੀਲਾ ਡੰਗ ਮਾਰਦੀਆਂ ਸਨ। ਅਖ਼ਬਾਰਾਂ ਦੀਆਂ ਮੋਟੀਆਂ ਸੁਰਖ਼ੀਆਂ ਵਿਚ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਪੁਲਿਸ ਹਿਰਾਸਤ ਵਿਚੋਂ ਫ਼ਰਾਰੀ ਦੀ ਖ਼ਬਰ ਸੀ। ਲੋਕ ਸੂਰਜ ਦੇ ਪੂਰਬ ਦੀ ਥਾਂ ਪੱਛਮ ਵਿਚੋਂ ਚੜ੍ਹਨ ਦੀ ਖ਼ਬਰ ’ਤੇ ਤਾਂ ਭਾਵੇਂ ਭਰੋਸਾ ਕਰਨ ਲਈ ਤਿਆਰ ਹੋ ਜਾਂਦੇ, ਪ੍ਰੰਤੂ ਪੁਲਿਸ ਅਤੇ ਜ਼ਾਬਰ ਹਕੂਮਤ ਦੀ ਇਸ ਝੂਠੀ ਕਹਾਣੀ ’ਤੇ ਵਿਸ਼ਵਾਸ ਕਰਨ ਲਈ ਕੋਈ ਤਿਆਰ ਨਹੀਂ ਸੀ। ਜਥੇਦਾਰ ਕਾਉਂਕੇ ’ਤੇ ਅੰਨ੍ਹੇ ਤਸ਼ੱਦਦ ਦੀ ਕਹਾਣੀ ਜੱਗ ਜ਼ਾਹਰ ਹੈ ਅਤੇ ਨੀਮ ਬੇਹੋਸ਼ੀ ਦੀ ਹਾਲਤ ਵਿਚ ਪੁੱਜਾ ਵਿਅਕਤੀ ਜਿਹੜਾ ਆਪਣੀਆਂ ਲੱਤਾਂ ’ਤੇ ਖੜ੍ਹਨ ਤੋਂ ਅਸਮਰੱਥ ਹੋਵੇ, ਉਹ ਅਗਲੇ ਦਿਨ ਪੁਲਿਸ ਦੀ ਹਿਰਾਸਤ ਵਿਚੋਂ ਭੱਜਣ ਵਿਚ ਸਫਲ ਹੋ ਜਾਂਦਾ ਹੈ। ਐਨੇ ਸਾਲ ਬੀਤਣ ’ਤੇ ਵੀ ਉਸਦਾ ਖੁਰਾ ਖੋਜ ਨਹੀਂ ਲੱਭਦਾ, ਇਹ ਭਾਰਤੀ ਲੋਕਤੰਤਰ ਅਤੇ ਅਮਨ ਕਾਨੂੰਨ ਦੀ ਰਖਵਾਲੀ ਪੰਜਾਬ ਪੁਲਿਸ ਦੀ ਘੜੀ ਕਹਾਣੀ ਵਿਚ ਹੀ ਵਾਪਰ ਸਕਦਾ ਹੈ।

26 ਜਨਵਰੀ 1986 ਨੂੰ ਅਕਾਲ ਤਖ਼ਤ ਸਾਹਿਬ ’ਤੇ ਹੋਏ ਸਰਬੱਤ ਖ਼ਾਲਸਾ ਨੇ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ, ਪ੍ਰੰਤੂ ਉਨ੍ਹਾਂ ਦੀ ਤਿਹਾੜ ਜੇਲ੍ਹ ਵਿਚ ਨਜ਼ਰਬੰਦੀ ਕਾਰਨ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ। ਭਾਈ ਸਾਹਿਬ ਨੇ ਖ਼ਾਲਸਾ ਪੰਥ ਦੀ ਇਸ ਸਰਬਉੱਚ ਪਦਵੀ ਨੂੰ ਇਸਦੀ ਆਨ ਤੇ ਸ਼ਾਨ ਅਨੁਸਾਰ ਬਾਖ਼ੂਬੀ ਨਿਭਾਇਆ। ਬਰਨਾਲਾ ਸਰਕਾਰ ਸਮੇਂ 30 ਅਪ੍ਰੈਲ 1986 ਨੂੰ ਹੋਏ ‘ਅਪ੍ਰੇਸ਼ਨ ਬਲੈਕ ਥੰਡਰ’ ਦੌਰਾਨ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਲਗਭਗ 2 ਸਾਲ ਪੰਜਾਬ ਦੀਆਂ ਵੱਖ ਵੱਖ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਰੱਖਿਆ ਗਿਆ। 1989 ਦੇ ਆਰ.ਐਸ.ਐਸ. ਦੀ ਸ਼ਾਖਾ ’ਤੇ ਹੋਏ ਗੋਲੀ ਕਾਂਡ ਤੋਂ ਬਾਅਦ ਲੁਧਿਆਣਾ ਦੇ ਐਸ.ਐਸ.ਪੀ. ਸੁਮੇਧ ਸੈਣੀ ਨੇ ਇਨ੍ਹਾਂ ’ਤੇ ਅੰਨ੍ਹਾ ਤਸ਼ੱਦਦ ਕੀਤਾ ਤੇ ਕਈ ਘੰਟੇ ਪੁੱਠੇ ਲਟਕਾਈ ਰੱਖਿਆ। 1989 ਵਿਚ ਹੀ ਬਿਦਰ ਕਾਂਡ ਵਿਚ ਫਿਰ ਇਨ੍ਹਾਂ ਨੂੰ ਚੁੱਕ ਲਿਆ ਗਿਆ ਤੇ ਇਕ ਸਾਲ ਜੇਲ੍ਹ ’ਚ ਰੱਖਿਆ ਗਿਆ। 19 ਮਈ 1991 ਵਿਚ ਭਾਈ ਸਾਹਿਬ ਫਿਰ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਏ ਅਤੇ ਡੇਢ ਸਾਲ ਦੇ ਲਗਭਗ ਫਿਰ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਰਹਿਣਾ ਪਿਆ। 1992 ਦੇ ਆਖ਼ਰੀ 2 ਮਹੀਨਿਆਂ ਵਿਚ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਆਪਣੇ ਜੱਦੀ ਘਰ ਵਿਚ ਲਗਾਤਾਰ ਟਿਕ ਕੇ ਰਹਿਣ ਦਾ ਮੌਕਾ ਨਸੀਬ ਹੋਇਆ। ਇਸ ਸਮੇਂ ਦੌਰਾਨ ਉਹ ਰੋਜ਼ਾਨਾ ਪਿੰਡ ਦੇ ਗੁਰਦੁਆਰਾ ਸਾਹਿਬ (ਬਾਦਾਪੱਤੀ) ਵਿਖੇ ਅੰਮ੍ਰਿਤ ਵੇਲੇ ਇਕ ਘੰਟਾ ਗੁਰਬਾਣੀ ਸ਼ਬਦ ਦੀ ਕਥਾ ਕਰਿਆ ਕਰਦੇ ਸਨ। ਇਸ ਥੋੜ੍ਹੇ ਜਿਹੇ ਸਮੇਂ ਵਿਚ ਇਨ੍ਹਾਂ ਨੇ ਸਮਾਜ ਸੇਵਾ ਦੇ ਖੇਤਰ ਵਿਚ ਵੀ ਅਹਿਮ ਯੋਗਦਾਨ ਪਾਇਆ। ਹਜ਼ਾਰਾਂ ਉਜੜੇ ਪਰਿਵਾਰਾਂ ਨੂੰ ਮੁੜ ਵਸਾਇਆ, ਪਰਿਵਾਰਾਂ ਦੇ ਥਾਣੇ, ਕਚਹਿਰੀਆਂ ਦੇ ਚੱਕਰਾਂ ਤੋਂ ਰਾਜ਼ੀਨਾਮੇ ਕਰਵਾ ਕੇ ਖਲਾਸੀ ਕਰਵਾਈ ਅਤੇ ਅਨੇਕਾਂ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਨ ਦੇ ਰਸਤੇ ਤੋਰਿਆ। ਪੋਹ ਦੇ ਮਹੀਨੇ ਜ਼ੁਲਮ ਤੇ ਤਸ਼ੱਦਦ ਦੀ ਕਹਾਣੀ ਦਾ ਅੰਤਮ ਦੌਰ ਸ਼ੁਰੂ ਹੋਇਆ। 20 ਦਸੰਬਰ 1992 ਨੂੰ ਤੜਕੇ 4 ਵਜੇ ਜਗਰਾਓਂ ਪੁਲਿਸ ਨੇ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤਾ, ਜਦੋਂ ਬਾਲੜੇ ਦੋਹਤਰੇ ਦੀ ਲਾਸ਼ ਘਰ ਵਿਚ ਪਈ ਸੀ। ਉਸ ਦਿਨ ਤਾਂ ਭਾਵੇਂ ਇਨ੍ਹਾਂ ਨੂੰ ਜਲਦੀ ਹੀ ਛੱਡ ਦਿੱਤਾ ਗਿਆ, ਪ੍ਰੰਤੂ ਪੁਲਿਸ ਜਥੇਦਾਰ ਕਾਉਂਕੇ ਦੀ ਹੋਣੀ ਦਾ ਫ਼ੈਸਲਾ ਕਰ ਚੁੱਕੀ ਸੀ, ਇਸੇ ਕਰਕੇ 25 ਦਸੰਬਰ ਨੂੰ ਸੈਂਕੜੇ ਪਿੰਡ ਵਾਸੀਆਂ ਦੇ ਇਕੱਠ ਸਾਹਮਣੇ ਜਗਰਾਉਂ ਪੁਲਿਸ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਅੰਨ੍ਹੇ ਤਸ਼ੱਦਦ ਬਾਅਦ ਜਥੇਦਾਰ ਕਾਉਂਕੇ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਕਹਾਣੀ ਬਣਾ ਦਿੱਤੀ ਗਈ ਕਿ ਉਹ ਫ਼ਰਾਰ ਹੋ ਗਏ ਹਨ।

ਝੂਠੀ ਕਹਾਣੀ ਨੂੰ ਭਾਵੇਂ ਪਹਿਲਾਂ ਹੀ ਕਿਸੇ ਨੇ ਸਵੀਕਾਰ ਨਹੀਂ ਸੀ ਕੀਤਾ ਪਰ 14 ਮਈ 1998 ਨੂੰ ਇੰਟਰਨੈਸ਼ਨਲ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਵੱਲੋਂ ਅਮਰੀਕਾ ਦੀਆਂ ਜੇਲ੍ਹਾਂ ਵਿਚ ਉਸ ਸਮੇਂ ਨਜ਼ਰਬੰਦ ਭਾਈ ਕੁੱਕੀ ਤੇ ਭਾਈ ਸੁੱਖੀ ਬਾਰੇ ਲੁਧਿਆਣੇ ਵਿਚ ਕਰਵਾਏ ਗਏ ਸੈਮੀਨਾਰ ਵਿਚ ਇਕ ਸਾਬਕਾ ਸਿਪਾਹੀ ਦਰਸ਼ਨ ਸਿੰਘ ਨੇ ਆਪਣੇ ਆਪ ਨੂੰ ਜਥੇਦਾਰ ਕਾਉਂਕੇ ’ਤੇ ਹੋਏ ਅੰਨ੍ਹੇ ਜ਼ੁਲਮ ਤੇ ਤਸ਼ੱਦਦ ਦਾ ਚਸ਼ਮਦੀਦ ਗਵਾਹ ਦੱਸਿਆ ਅਤੇ ਭਾਈ ਕਾਉਂਕੇ ਨੂੰ ਸ਼ਹੀਦ ਕੀਤੇ ਜਾਣ ਦੀ ਤਸਦੀਕ ਕਰ ਦਿੱਤੀ, ਜਿਸ ਨਾਲ ਪੁਲਿਸ ਵੱਲੋਂ ਬਣਾਈ ਝੂਠੀ ਕਹਾਣੀ ’ਤੇ ਮੋਹਰ ਲੱਗ ਗਈ। ਇਸ ਤਰ੍ਹਾਂ ਦੇ ਇਕ ਹੋਰ ਚਸ਼ਮਦੀਦ ਗਵਾਹ ਅਮਰਜੀਤ ਸਿੰਘ ਨੇ ਤਾਂ ਇੱਥੋਂ ਤੱਕ ਦੱਸਿਆ ਹੈ ਕਿ ਉਸ ਸਮੇਂ ਦੇ ਜਗਰਾਓਂ ਪੁਲਿਸ ਮੁਖੀ ਸਵਰਨ ਸਿੰਘ (ਘੋਟਨਾ) ਨੇ ਖੁਦ ਆਪਣੇ ਹੱਥੀਂ ਭਾਈ ਕਾਉਂਕੇ ਦੀ ਛਾਤੀ ਵਿਚ ਗੋਲੀ ਮਾਰੀ ਸੀ। ਜੋ ਗੁਰੂ ਸਾਹਿਬ ਵੱਲੋਂ ਸਿੱਖ ਦੇ ਗੁਣ ਆਖੇ ਗਏ ਹਨ, ਉਹ ਗੁਣ ਭਾਈ ਸਾਹਿਬ ਵਿੱਚ ਪ੍ਰਤੱਖ ਸਨ। ਜਥੇਦਾਰ ਸਾਹਿਬ ਪੂਰਨ ਗੁਰਸਿੱਖ ਅਤੇ ਬਾਣੀ ਦੇ ਨਿੱਤਨੇਮੀ ਸਨ। ਘਰ ਆਏ ਸਿੰਘਾਂ ਦੀ ਸੇਵਾ ਲਈ ਸਦਾ ਤਤਪਰ ਰਹਿਣ ਵਾਲੇ ਸਨ। ਜਾਬਰ ਨੂੰ ਮੂੰਹ ਉੱਤੇ ਜ਼ਾਲਮ ਕਹਿਣ ਦਾ ਮਾਦਾ ਰੱਖਦੇ ਸਨ। ਉਨ੍ਹਾਂ ਦੀ ਅਗਵਾਈ ਨੇ ਸਪੱਸ਼ਟ ਕੀਤਾ ਕਿ ਜਥੇਦਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ।

ਪਰ ਉਸ ਸਮੇਂ ਅਤੇ ਅੱਜ ਦੀ ਸਥਿਤੀ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਆ ਚੁੱਕਾ ਹੈ। ਉਸ ਸਮੇਂ ਸਿੱਖ ਸੰਗਤ ਜ਼ਾਬਰ ਹਕੂਮਤ ਵੱਲੋਂ ਹੋ ਰਹੇ ਜ਼ਾਹਰਾ ਜ਼ੁਲਮ ਕਾਰਨ ਚੇਤੰਨ ਸੀ ਅਤੇ ਜ਼ੁਲਮ ਵਿਰੁੱਧ ਦ੍ਰਿੜ੍ਹਤਾ ਨਾਲ ਲੜਨ ਦਾ ਭਰੋਸਾ ਪੱਕਾ ਹੁੰਦਾ ਸੀ, ਪਰ ਅੱਜ ਪੰਥਕ ਨਿਸ਼ਾਨਿਆਂ ਤੋਂ ਨਵੀਂ ਪੀੜ੍ਹੀ ਥਿੜਕ ਗਈ ਲੱਗਦੀ ਹੈ। ਦਿੱਲੀ ਦਰਬਾਰ ਆਪਣੀਆਂ ਕੁਟਲ ਚਾਲਾਂ ਵਿੱਚ ਕਾਮਯਾਬ ਹੋ ਰਿਹਾ ਹੈ। ਇਸਦਾ ਮੁਕਾਬਲਾ ਕਰਨ ਲਈ ਪੰਥਕ ਬਾਨਣੂ ਬੰਨਣਾ ਹੀ ਪਏਗਾ। ਜਥੇਦਾਰ ਕਾਉਂਕੇ ਨੂੰ ਯਾਦ ਕਰਦਿਆਂ ਸਿੱਖ ਸੰਗਤਾਂ ਨੂੰ ਸਿਰ ਜੋੜ ਕੇ ਫ਼ੈਸਲਾ ਲੈਣਾ ਪਵੇਗਾ ਅਤੇ ਸੱਚ ਝੂਠ ਦਾ ਨਿਤਾਰਾ ਕਰਨ ਲਈ ਗੰਧਲੀ ਹੋ ਚੁੱਕੀ ਸਿੱਖ ਰਾਜਨੀਤੀ ਨੂੰ ਨਵੀਂਆਂ ਲੀਹਾਂ ’ਤੇ ਤੋਰਨ ਲਈ ਨਵੀਂ ਸੇਧ ਦੇਣੀ ਪਵੇਗੀ। ਆਓ ਆਪੋ ਆਪਣੀ ਜ਼ਮੀਰ ਨੂੰ ਜਗਾ ਕੇ ਆਪਣੀ ਬਣਦੀ ਪੰਥਕ ਜ਼ਿੰਮੇਵਾਰੀ ਨਿਭਾਈਏ। ਇਹੀ ਸਾਡੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਉਨ੍ਹਾਂ ਦੀ ਬਰਸੀ ਮੌਕੇ ਸੱਚੀ ਸ਼ਰਧਾਂਜਲੀ ਹੋਵੇਗੀ ਨਹੀਂ ਇਤਿਹਾਸ ਤੇ ਗੁਰੂ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ।

-ਸੰਪਾਦਕ

# ਸਿੱਖ ਹਿੰਦੂਤਵ ਦਾ ਹਥਿਆਰ ਬਣਨ ਤੋਂ ਇਨਕਾਰੀ, ਹਿੰਦੂ ਵੀ ਭਾਜਪਾ ਦੇ ਧੋਖੇ ਨੂੰ ਪਛਾਣਨ





ਪ੍ਰੋ. ਅਪੂਰਵਾਨੰਦ

ਮੁਗ਼ਲਾਂ ਅਤੇ ਸਿੱਖਾਂ ਵਿੱਚ ਆਪਸੀ ਟਕਰਾਅ ਸੀ, ਪਰ ਸਿੱਖ ਅੱਜ ਇਸ ਇਤਿਹਾਸਕ ਤੱਥ ਨੂੰ ਮੁਸਲਮਾਨਾਂ ਵਿਰੁੱਧ ਹਿੰਸਾ ਦੀ ਰਾਜਨੀਤੀ ਲਈ ਵਰਤਣ ਤੋਂ ਗੁਰੇਜ਼ ਕਰ ਰਹੇ ਹਨ। ਇਹ ਗੱਲ ਆਰਐਸਐਸ ਅਤੇ ਭਾਜਪਾ ਨੂੰ ਪ੍ਰੇਸ਼ਾਨ ਕਰਦੀ ਰਹੀ ਹੈ ਕਿ ਉਹ ਸਿੱਖਾਂ ਨੂੰ ਮੁਸਲਮਾਨਾਂ ਵਿਰੁੱਧ ਹਿੰਸਾ ਵਿੱਚ ਸ਼ਾਮਲ ਕਿਉਂ ਨਾ ਕਰ ਸਕੇ ? ਇਸੇ ਮੰਤਵ ਲਈ ਭਾਜਪਾ ਤੇ ਸੰਘ ਪਰਿਵਾਰ ਗੁਰੂ ਗੋਬਿੰਦ ਸਿੰਘ ਜੀ ਜਾਂ ਗੁਰੂ ਤੇਗ਼ ਬਹਾਦਰ ਜੀ ਨੂੰ ਯਾਦ ਕਰਦੀ ਹੈ। ਉਨ੍ਹਾਂ ਦਾ ਇਰਾਦਾ ਗੁਰੂਆਂ ਨੂੰ ਯਾਦ ਕਰਨ ਦਾ ਨਹੀਂ ਹੈ ਬਲਕਿ ਉਨ੍ਹਾਂ ਦਾ ਮਨੋਰਥ ਮੁਗ਼ਲਾਂ ਦੇ ‘ਜ਼ੁਲਮਾਂ ਨੂੰ ਆਧਾਰ ਬਣਾ ਕੇ ਸਿੱਖ ਮਾਨਸਿਕਤਾ ਵਿਚ ਮੁਸਲਮਾਨਾਂ ਪ੍ਰਤੀ ਨਫ਼ਰਤ ਫੈਲਾਉਣ ਦਾ ਹੈ।’ ਪਰ ਸਿੱਖ ਇਸ ਮਾਮਲੇ ਵਿਚ ਸੰਘ ਪਰਿਵਾਰ ਤੇ ਭਾਜਪਾ ਦਾ ਹਥਿਆਰ ਬਣਨ ਨੂੰ ਤਿਆਰ ਨਹੀਂ। ਉਹ ਭਾਜਪਾ ਤੇ ਸੰਘ ਦਾ ਵਿਰੋਧ ਕਰ ਰਹੇ ਹਨ। ਭਾਜਪਾ ਸਰਕਾਰ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਮੁਸਲਿਮ ਵਿਰੋਧੀ ਨਫ਼ਰਤ ਅਤੇ ਹਿੰਸਾ ਦੀ ਰਾਜਨੀਤੀ ਲਈ ਵਰਤਣ ਲਈ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ‘ਵੀਰ ਬਾਲ ਦਿਵਸ’ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਸਿੱਖ ਜਥੇਬੰਦੀਆਂ ਨੇ ਇਸ ਨਾਮਕਰਨ ਦਾ ਵਿਰੋਧ ਕੀਤਾ ਹੈ ਕਿ ਇਹ ਨਾਮਕਰਨ ਸਾਡੀ ਇਤਿਹਾਸਕ ਪਰੰਪਰਾ ਅਨੁਸਾਰੀ ਨਹੀਂ।

ਇਹ ਇਤਿਹਾਸਕ ਤੱਥ ਹੈ ਕਿ ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਨੂੰ ਸ਼ਹੀਦ ਕਰਵਾਇਆ ਸੀ। ਸਿੱਖ ਇਸ ਇਤਿਹਾਸਕ ਕਾਂਡ ਨੂੰ ਭੁੱਲੇ ਨਹੀਂ ਹਨ। ਮਿਸਾਲ ਵਜੋਂ ਉਹ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਵੀ ਨਹੀਂ ਭੁੱਲੇ। ਸਿੱਖ ਪਰੰਪਰਾ ਵਿਚ ਇਨ੍ਹਾਂ ਦੋਵਾਂ ਨੂੰ ‘ਬਾਲ’ ਨਹੀਂ, ‘ਬਾਬਾ’ ਦੇ ਸੰਬੋਧਨ ਨਾਲ ਯਾਦ ਕੀਤਾ ਜਾਂਦਾ ਹੈ। ਜਨਵਰੀ ਵਿੱਚ ਜਦੋਂ ਪ੍ਰਧਾਨ ਮੰਤਰੀ ਨੇ ‘ਵੀਰ ਬਾਲ ਦਿਵਸ’ ਦਾ ਐਲਾਨ ਕੀਤਾ ਸੀ ਅਤੇ ਉਸ ਤੋਂ ਬਾਅਦ ਹੀ ਸਿੱਖ ਜਥੇਬੰਦੀਆਂ ਨੇ ਕਿਹਾ ਸੀ ਕਿ ਇਸ ਨੂੰ ‘ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ’ ਦਾ ਨਾਮ ਦਿੱਤਾ ਜਾਵੇ, ਕਿਉਂਕਿ ਉਹ ਉਨ੍ਹਾਂ ਨੂੰ ਬਾਲਾਂ ਵਾਂਗ ਨਹੀਂ ਦੇਖਦੇ, ਪਰ ਸਰਕਾਰ ਨੇ ਉਨ੍ਹਾਂ ਦੀ ਅਪੀਲ ਨੂੰ ਅੱਖੋਂ ਪਰੋਖੇ ਕਰ ਦਿੱਤਾ। ਇਸ ਮੌਕੇ ਇਸ ਦਿਨ ਨੂੰ ਮੋਦੀ ਸਰਕਾਰ ਨੇ ‘ਵੀਰ ਬਾਲ ਦਿਵਸ’ ਵਜੋਂ ਮਨਾਉਣ ਦਾ ਫ਼ੈਸਲਾ ਕਰ ਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਨੇ ਭਾਜਪਾ ਸਰਕਾਰ ਦੇ ਇਸ ਨਰੇਟਿਵ ਦੀ ਨਿਖੇਧੀ ਕੀਤੀ । ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਅਤੇ ਸਰਕਾਰ ਸਿੱਖ ਇਤਿਹਾਸ ਅਤੇ ਮਰਿਆਦਾ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੀ ਹੈ। ਜੋ ਗਲ ਉਨ੍ਹਾਂ ਨੇ ਆਪਣੇ ਵਿਚਾਰ ਵਿਚ ਨਹੀਂ ਪ੍ਰਗਟਾਈ, ਪਰ ਉਸਨੂੰ ਸਮਝਣਾ ਔਖਾ ਨਹੀਂ ਹੈ, ਉਹ ਇਹ ਹੈ ਕਿ ਭਾਜਪਾ ਸਿੱਖ ਧਰਮ ਦੀ ਵਰਤੋਂ ਮੁਸਲਮਾਨਾਂ ਵਿਰੁੱਧ ਨਫ਼ਰਤ ਨੂੰ ਤੇਜ਼ ਕਰਨ ਲਈ ਕਰ ਰਹੀ ਹੈ।ਇਹ ਠੀਕ ਹੈ ਕਿ ਮੁਗ਼ਲਾਂ ਅਤੇ ਸਿੱਖਾਂ ਵਿਚਾਲੇ ਟਕਰਾਅ ਹੋਇਆ ਸੀ, ਪਰ ਸਿੱਖਾਂ ਨੇ ਅੱਜ ਇਸ ਇਤਿਹਾਸਕ ਤੱਥ ਨੂੰ ਮੁਸਲਮਾਨਾਂ ਵਿਰੁੱਧ ਹਿੰਸਾ ਦੀ ਰਾਜਨੀਤੀ ਲਈ ਵਰਤਣ ਤੋਂ ਗੁਰੇਜ਼ ਕੀਤਾ ਹੈ। ਸਿੱਖ ਜਥੇਬੰਦੀਆਂ ਕਸ਼ਮੀਰੀ ਮੁਸਲਮਾਨਾਂ ਦੀ ਸਹਿਯੋਗੀ ਬਣੀਆਂ ਰਹੀਆਂ। ਜਦੋਂ ਭਾਰਤ ਵਿਚ ਮੁਸਲਮਾਨਾਂ ’ਤੇ ਹਿੰਦੂਤਵੀ ਹਮਲੇ ਹੋ ਰਹੇ ਸਨ ਤਾਂ ਸਿੱਖ ਜਥੇਬੰਦੀਆਂ ਉਨ੍ਹਾਂ ਦੀ ਮਦਦ ਲਈ ਅੱਗੇ ਆਈਆਂ। ਮੁਸਲਮਾਨਾਂ ਨੇ ਨਾਗਰਿਕਤਾ ਕਾਨੂੰਨ ਵਿਰੁੱਧ ਅੰਦੋਲਨ ਸ਼ੁਰੂ ਕੀਤਾ ਤਾਂ ਸਿੱਖ ਉਹਨਾਂ ਦੀ ਹਮਾਇਤ ਉਪਰ ਡਟੇ ਰਹੇ। ਜਦੋਂ ਗੁੜਗਾਓਂ ਵਿੱਚ ਮੁਸਲਮਾਨਾਂ ਨੂੰ ਸ਼ੁੱਕਰਵਾਰ ਦੀ ਨਮਾਜ਼ ਅਦਾ ਕਰਨ ਤੋਂ ਰੋਕਿਆ ਗਿਆ ਤਾਂ ਸਿੱਖਾਂ ਨੇ ਉਨ੍ਹਾਂ ਲਈ ਆਪਣੇ ਗੁਰਦੁਆਰਿਆਂ ਦੇ ਦਰਵਾਜ਼ੇ ਖੋਲ੍ਹ ਦਿੱਤੇ। ਇਹ ਗਲ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਭਾਜਪਾ ਲਈ ਮੁਸੀਬਤ ਬਣ ਗਈ ਸੀ। ਭਾਜਪਾ ਤਾਂ ਸਿੱਖਾਂ ਨੂੰ ਮੁਸਲਮਾਨਾਂ ਵਿਰੁੱਧ ਹਿੰਸਾ ਵਿੱਚ ਸ਼ਾਮਲ ਕਰਨਾ ਚਾਹੁੰਦੀ ਹੈ। ਇਸੇ ਲਈ ਉਹ ਗੁਰੂ ਗੋਬਿੰਦ ਸਿੰਘ ਜਾਂ ਗੁਰੂ ਤੇਗ਼ ਬਹਾਦਰ ਜੀ ਨੂੰ ਯਾਦ ਕਰਦੇ ਹਨ। ਉਨ੍ਹਾਂ ਨੂੰ ਯਾਦ ਕਰਨ ਦਾ ਇਰਾਦਾ ਇੰਨਾ ਨਹੀਂ ਹੈ ਜਿੰਨਾ ਉਨ੍ਹਾਂ ਦੇ ਬਹਾਨੇ ਮੁਗ਼ਲਾਂ ਦੇ ‘ਜ਼ੁਲਮਾਂ’ ਦੀ ਯਾਦ ਨੂੰ ਜ਼ਿੰਦਾ ਰੱਖਣ ਦਾ ਹੈ।ਭਾਜਪਾ ਦਾ ਅਸਲ ਮਕਸਦ ਸਿੱਖਾਂ ਨੂੰ ਸੰਬੋਧਨ ਕਰਨਾ ਨਹੀਂ ਹੈ। ਜੇਕਰ ਭਾਜਪਾ ਨੂੰ ਸਿੱਖਾਂ ਦੀ ਨਰਾਜ਼ਗੀ ਦੀ ਪ੍ਰਵਾਹ ਹੁੰਦੀ ਤਾਂ ਉਹ ਸਾਹਿਬਜ਼ਾਦਾ ਸ਼ਹਾਦਤ ਦਿਵਸ ਨੂੰ ‘ਵੀਰ ਬਾਲ ਦਿਵਸ’ ਵਜੋਂ ਕਿਉਂ ਮਨਾਉਂਦੇ ? ਭਾਜਪਾ ਹਿੰਦੂਆਂ ਨੂੰ ਦੱਸਣਾ ਚਾਹੁੰਦੀ ਹੈ ਕਿ ਸਿੱਖ ਧਰਮ ਨਾਂ ਦੇ ਕਿਸੇ ਵੱਖਰੇ ਧਰਮ ਦੀ ਕੋਈ ਹੋਂਦ ਨਹੀਂ ਹੈ। ਸਿੱਖ ਧਰਮ ਹਿੰਦੂ ਧਰਮ ਦੀ ਇੱਕ ਸ਼ਾਖਾ ਹੈ। ਇਸ ਲਈ ਸਾਹਿਬਜ਼ਾਦੇ ਉਸ ਨਾਂ ਨਾਲ ਨਹੀਂ ਬੁਲਾਏ ਜਾਣਗੇ ਜਿਸ ਨਾਲ ਸਿੱਖ ਉਨ੍ਹਾਂ ਨੂੰ ਯਾਦ ਕਰਦੇ ਹਨ, ਪਰ ਉਨ੍ਹਾਂ ਨੂੰ ਵੀਰ ਬਾਲਕ ਕਹਿ ਕੇ ਉਨ੍ਹਾਂ ਦੀ ਵੱਖਰੀ ਪਛਾਣ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਆਰ.ਐਸ.ਐਸ. ਅਤੇ ਹੋਰ ਕਾਰਨਾਂ ਕਰਕੇ ਹਿੰਦੂਆਂ ਵਿੱਚ ਇਹ ਸਮਝ ਪੈਦਾ ਹੋ ਗਈ ਹੈ ਕਿ ਸਿੱਖ ਕੌਮ ਉਹਨਾਂ ਦੇ ਰਾਖੇ ਜਾਂ ਚੌਂਕੀਦਾਰ ਹਨ। ਸਿੱਖ ਧਰਮ ਦਾ ਜਨਮ ਹਿੰਦੂ ਧਰਮ ਦੀ ਰੱਖਿਆ ਲਈ ਹੋਇਆ ਸੀ। ਇਹ ਗੱਲ ਅਸੀਂ ਬਚਪਨ ਤੋਂ ਸੁਣਦੇ ਆ ਰਹੇ ਹਾਂ। ਹਿੰਦੂਆਂ ਵਿੱਚ ਇਸ ਪ੍ਰਚਲਿਤ ਵਿਸ਼ਵਾਸ ਦੀ ਵਰਤੋਂ ਕਰਕੇ ਭਾਜਪਾ ਸਿੱਖ ਪਰੰਪਰਾ ਨਾਲ ਜੁੜੇ ਹਰ ਚਿੰਨ੍ਹ ਅਤੇ ਹਰ ਮੌਕੇ ਦਾ ਹਿੰਦੂਕਰਨ ਕਰਨਾ ਚਾਹੁੰਦੀ ਹੈ। ਮੁਗ਼ਲਾਂ ਅਤੇ ਸਿੱਖਾਂ ਦਰਮਿਆਨ ਹੋਈਆਂ ਜੰਗਾਂ, ਤਕਰਾਰ ਅਤੇ ਸੰਤਾਲੀ ਦੌਰਾਨ ਭਾਰਤ ਅਤੇ ਪਾਕਿਸਤਾਨ ਦੀ ਸਿਰਜਣਾ ਦੌਰਾਨ ਹੋਏ ਖ਼ੂਨ-ਖ਼ਰਾਬੇ ਦੇ ਇਤਿਹਾਸ ਦੀ ਮਦਦ ਨਾਲ ਵੀ ਭਾਜਪਾ ਸਿੱਖਾਂ ਨੂੰ ਮੁਸਲਿਮ ਵਿਰੋਧੀ ਧਿਰ ਬਣਾਉਣ ਵਿੱਚ ਸਫਲ ਨਹੀਂ ਹੋਈ। ਪਰ ਉਹ ਹਿੰਦੂਆਂ ਵਿੱਚ ਮੁਸਲਮਾਨ ਵਿਰੋਧੀ ਨਫ਼ਰਤ ਨੂੰ ਜਾਇਜ਼ ਠਹਿਰਾਉਣ ਲਈ ਇਸਦੀ ਵਰਤੋਂ ਜ਼ਰੂਰ ਕਰ ਰਹੀ ਹੈ। ਭਾਜਪਾ ਹਿੰਦੂਆਂ ਨੂੰ ਇਹ ਸਮਝਾਉਣਾ ਚਾਹੁੰਦੀ ਹੈ ਕਿ ਮੁਸਲਮਾਨਾਂ ਦਾ ਵਿਰੋਧ ਨਾ ਕਰਨ ਵਾਲੇ ਸਿੱਖ ਮੂਰਖ ਹਨ, ਹਿੰਦੂਆਂ ਨੂੰ ਉਨ੍ਹਾਂ ਦੀ ਤਰ੍ਹਾਂ ਮੂਰਖਤਾ ਨਹੀਂ ਕਰਨੀ ਚਾਹੀਦੀ। ਮੁਗ਼ਲਾਂ ਨੂੰ ਆਧਾਰ ਬਣਾਕੇ ਮੁਸਲਿਮ ਵਿਰੋਧੀ ਰਾਜਨੀਤੀ ਦੀ ਵਰਤੋਂ ਪਹਿਲੀ ਵਾਰ ਨਹੀਂ ਹੋ ਰਹੀ। ਬਾਬਰੀ ਮਸਜਿਦ ਢਾਹੁਣ ਦੀ ਮੁਹਿੰਮ ਦੌਰਾਨ ਲਗਾਏ ਗਏ ‘ਬਾਬਰ ਦੀ ਔਲਾਦ...’ ਦਾ ਨਾਅਰਾ ਸਾਰਿਆਂ ਨੂੰ ਯਾਦ ਹੈ। ਮੁਸਲਮਾਨਾਂ ਨੂੰ ਬਾਬਰ ਦੀ ਔਲਾਦ ਕਹਿ ਕੇ ਹਿੰਦੂਆਂ ਨੂੰ ਭੜਕਾਇਆ ਗਿਆ ਸੀ। ਵਾਰਾਣਸੀ ਵਿੱਚ ਵਿਸ਼ਵਨਾਥ ਮੰਦਰ ਦੇ ਗਲਿਆਰੇ ਦਾ ਉਦਘਾਟਨ ਕਰਨ ਸਮੇਂ ਵੀ ਪ੍ਰਧਾਨ ਮੰਤਰੀ ਮੋਦੀ ਨੇ ਔਰੰਗਜ਼ੇਬ ਦੇ ਜ਼ੁਲਮ ਦੀ ਯਾਦ ਦਿਵਾਉਣਾ ਜ਼ਰੂਰੀ ਸਮਝਿਆ। ‘ਵੀਰ ਬਾਲ ਦਿਵਸ’ ਦੇ ਮੌਕੇ ’ਤੇ ਪ੍ਰਧਾਨ ਮੰਤਰੀ ਨੇ ਇਤਿਹਾਸ ਦੀ ਨਵੀਂ ਵਿਆਖਿਆ ਦੀ ਲੋੜ ਬਾਰੇ ਗੱਲ ਕੀਤੀ। ਉਨ੍ਹਾਂ ਅਨੁਸਾਰ ਅੱਜ ਤੱਕ ਸਾਨੂੰ ਗ਼ਲਤ ਇਤਿਹਾਸ ਪੜ੍ਹਾਇਆ ਜਾਂਦਾ ਰਿਹਾ ਹੈ। ਇਸ ਕਾਰਨ ਭਾਰਤੀਆਂ ਵਿੱਚ ਹੀਣਭਾਵਨਾ ਪੈਦਾ ਹੋ ਗਈ ਹੈ। ਹੁਣ ਇਹ ਸਰਕਾਰ ਇੱਕ ਅਜਿਹਾ ਇਤਿਹਾਸ ਪੇਸ਼ ਕਰ ਰਹੀ ਹੈ ਜੋ ਭਾਰਤੀਆਂ ਵਿੱਚ ਮਾਣ ਪੈਦਾ ਕਰੇ।ਇਸ ਇਤਿਹਾਸ ਵਿੱਚ ਭਾਵੇਂ ਉਹ ਮੁਗ਼ਲ ਹੋਣ ਜਾਂ ਟੀਪੂ ਸੁਲਤਾਨ, ਸਾਰੇ ਅੱਤਵਾਦੀ ਸਨ ਅਤੇ ਜੋ ਹਿੰਦੂ ਜਾਂ ਗੈਰ-ਮੁਸਲਿਮ ਰਾਜੇ ਜਾਂ ਨਵਾਬ ਸਨ, ਉਹ ਉਦਾਰਵਾਦੀ ਸਨ। ਮੁਗ਼ਲਾਂ ਨੂੰ ਵਾਰ-ਵਾਰ ਅੱਤਵਾਦੀ ਵਿਸ਼ੇਸ਼ਣ ਦੇਣ ਦਾ ਕੀ ਮਤਲਬ ਹੈ ? ਅੱਜ ਦੇ ਹਿੰਦੂਤਵੀ ਦ੍ਰਿਸ਼ਟੀਕੋਣ ਅਨੁਸਾਰ ਅੱਤਵਾਦ ਦੀ ਪਰਿਭਾਸ਼ਾ ਵਿਚ ਅੱਤਵਾਦੀ ਕੌਣ ਹੈ, ਇਹ ਦੱਸਣ ਦੀ ਲੋੜ ਨਹੀਂ ਹੈ। ਹੁਣ ਇਸ ਦਾ ਇਤਿਹਾਸ ਦੱਸਿਆ ਜਾ ਰਿਹਾ ਹੈ। ਮੁਗ਼ਲਾਂ ਨੂੰ ਅੱਜ ਦੇ ਅੱਤਵਾਦੀਆਂ ਦੇ ਪੂਰਵਜ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਹ ਸਾਬਤ ਕਰਨ ਦੇ ਵੀ ਯਤਨ ਕੀਤੇ ਜਾ ਰਹੇ ਹਨ ਕਿ ਜਬਰੀ ਧਰਮ ਪਰਿਵਰਤਨ ਕਰਨਾ ਉਹਨਾਂ ਦਾ ਕੰਮ ਸੀ। ਇਹ ਇਤਿਹਾਸ ਵੀ ਅੱਜ ਦੀ ਧਰਮ-ਪਰਿਵਰਤਨ ਵਿਰੋਧੀ ਮੁਹਿੰਮ ਲਈ ਵੀ ਬਹੁਤ ਲਾਹੇਵੰਦ ਹੈ। ਮੁਸਲਿਮ ਵਿਰੋਧੀ ਨਫ਼ਰਤ ਵਾਲੇ ਪ੍ਰਚਾਰ ਲਈ ਹਰ ਪਵਿੱਤਰ ਅਤੇ ਪਵਿੱਤਰ ਮੌਕੇ ਦੀ ਵਰਤੋਂ ਕਰਨ ਨੂੰ ਨਜ਼ਰਅੰਦਾਜ਼ ਕਰਨਾ ਖ਼ਤਰਨਾਕ ਹੈ। ਮੇਰੇ ਇੱਕ ਵਿਦਿਆਰਥੀ ਨੇ ਦੱਸਿਆ ਕਿ ਹਿੰਦੂਆਂ ਨੂੰ ਸਮਝਾਇਆ ਜਾ ਰਿਹਾ ਹੈ ਕਿ ਹੁਣ ਮੁਗ਼ਲਾਂ ਦੇ ਕੀਤੇ ਦਾ ਬਦਲਾ ਲੈਣ ਦਾ ਸਮਾਂ ਆ ਗਿਆ ਹੈ। ਜਿਹੜੀਆਂ ਲੜਾਈਆਂ ਸਾਡੇ ਪਿਉ-ਦਾਦਿਆਂ ਨੇ ਹਾਰੀਆਂ ਹਨ, ਉਨ੍ਹਾਂ ਨੂੰ ਹੁਣ ਜਿੱਤਣਾ ਹੀ ਹੈ। ਇਹ ਖ਼ਤਰਨਾਕ ਪ੍ਰਚਾਰ ਕਈ ਤਰੀਕਿਆਂ ਨਾਲ ਕੀਤਾ ਜਾ ਰਿਹਾ ਹੈ।ਹਲਦੀ ਘਾਟੀ ਵਿੱਚ ਰਾਣਾ ਪ੍ਰਤਾਪ ਨੂੰ ਜਿਤਾਉਣ ਦੀ ਗੱਲ ਹੋਵੇ ਜਾਂ ਪਾਠ ਪੁਸਤਕਾਂ ਵਿੱਚ ਪੂਰੇ ਇਲਾਹਾਬਾਦ ਦਾ ਨਾਮ ਬਦਲ ਕੇ ਪ੍ਰਯਾਗਰਾਜ ਰੱਖਣ ਦੀ ਹੋਵੇ, ਮੱਧਕਾਲ ਦਾ ਬਦਲਾ ਲਿਆ ਜਾ ਰਿਹਾ ਹੈ। ਕਿਉਂਕਿ ਮੁਸਲਮਾਨ ਮੁਗ਼ਲਾਂ ਦੇ ਬੱਚੇ ਹਨ, ਉਨ੍ਹਾਂ ਨੂੰ ਮਾਰ ਕੇ ਅਸੀਂ ਆਪਣੇ ਪਿਉ-ਦਾਦਿਆਂ ਦਾ ਬਦਲਾ ਲੈ ਰਹੇ ਹਾਂ, ਪਰ ਸਿੱਖ ਭਾਜਪਾ ਦੇ ਧੋਖੇ ਨੂੰ ਪਛਾਣਦੇ ਹਨ ਅਤੇ ਹਿੰਦੂਤਵ ਦਾ ਹਥਿਆਰ ਬਣਨ ਤੋਂ ਇਨਕਾਰੀ ਹਨ। ਹਿੰਦੂ ਇਸ ਧੋਖੇ ਨੂੰ ਕਦੋਂ ਪਛਾਣਨਗੇ, ਇਹ ਅਸਲ ਸਵਾਲ ਹੈ।

*(ਲੇਖਕ ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹਨ)

# ਵਿਸ਼ਵ ਪੱਧਰ ਉੱਪਰ ਜਾਰੀ ਹੈ ਲੋਕਤੰਤਰੀ ਅਜ਼ਾਦੀ ਦਾ ਘਾਣ



ਰਣਜੀਤ ਸਿੰਘ ਕੁਕੀ

ਲੋਕਤੰਤਰ ਵਿਚ ਨਿਘਾਰ ਆਉਣ ਦਾ ਪ੍ਰਮੁੱਖ ਕਾਰਣ ਲੋਕਤੰਤਰ ਲਈ ਸਮਰਥਨ ਦੀ ਘਾਟ, ਆਰਥਿਕ ਨਾ-ਬਰਾਬਰਤਾ, ਸਮਾਜਿਕ ਤਣਾਅ, ਲੋਕਵਾਦੀ ਅਤੇ ਸਖਸ਼ੀਅਤ ਅਧਾਰਿਤ ਰਾਜਨੀਤੀ ਅਤੇ ਵੱਡੀਆਂ ਰਾਜਨੀਤਿਕ ਸ਼ਕਤੀਆਂ ਦਾ ਪ੍ਰਭਾਵ ਹੈ।ਵਿਸ਼ਵ ਵਿਚ ਅਜ਼ਾਦੀ ਮੰਚ 2022 ਨੇ ਆਪਣੇ ਅਧਿਐਨ ਵਿਚ ਪਾਇਆ ਕਿ ਲਾਭ ਅਤੇ ਹਾਨੀ ਦਾ ਆਪਸੀ ਪਾੜਾ 2020 ਅਤੇ 2021 ਵਿਚ ਹੋਰ ਜਿਆਦਾ ਵਧ ਗਿਆ ਅਤੇ ਵਿਸ਼ਵ ਦੇ ਪੰਜਵੇਂ ਹਿੱਸੇ ਦੇ ਲੋਕ ਹੁਣ ਅਜ਼ਾਦ ਦੇਸ਼ਾਂ ਦੇ ਵਾਸੀ ਹਨ।

2020/21 ਦੌਰਾਨ ਤਾਨਾਸ਼ਾਹੀ ਸ਼ਕਤੀਆਂ ਵੀ ਮਜਬੂਤ ਹੋਈਆਂ ਹਨ ਕਿਉਂ ਕਿ ਲੋਕਤੰਤਰ ਅੰਤਰਮੁਖੀ ਹੋ ਗਿਆ ਅਤੇ ਵਿਸ਼ਵ ਅਜ਼ਾਦੀ ਦੀ ਦਰ ਵਿਚ ਲਗਾਤਾਰ ਪੰਦਰਵੇਂ ਸਾਲ ਨਿਘਾਰ ਦਰਜ ਕੀਤਾ ਗਿਆ।ਵਿਸ਼ਵ ਵਿਚ ਅਜ਼ਾਦੀ ਮੰਚ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿਨ੍ਹਾਂ ਦੇਸ਼ਾਂ ਨੂੰ ਅਜ਼ਾਦ ਨਹੀਂ ਮੰਨਿਆ ਜਾ ਸਕਦਾ, ਉਨ੍ਹਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਇਆ ਹੈ। 2006 ਵਿਚ ਲੋਕਤੰਤਰੀ ਨਿਘਾਰ ਵਿਚ ਲਗਾਤਾਰ ਵਾਧਾ ਹੋਇਆ ਹੈ ਅਤੇ ਜਿਨ੍ਹਾਂ ਦੇਸ਼ਾਂ ਵਿਚ ਰਾਜਨੀਤਿਕ ਹੱਕਾਂ ਅਤੇ ਸਿਵਲ ਅਜ਼ਾਦੀ ਦਾ ਘਾਣ ਹੋਇਆ ਹੈ, ਉਨ੍ਹਾਂ ਦੀ ਗਿਣਤੀ ਵਿਚ ਬਾਕੀ ਦੇਸ਼ਾਂ ਦੇ ਮੁਕਾਬਲਤਨ ਵਾਧਾ ਹੋਇਆ ਹੈ।ਇਸ ਰਿਪੋਰਟ ਵਿਚ 73 ਦੇਸ਼ਾਂ ਦੇ ਅਜ਼ਾਦੀ ਅੰਕ ਨੂੰ ਹੇਠਾਂ ਕਰ ਦਿੱਤਾ ਗਿਆ ਜੋ ਕਿ ਵਿਸ਼ਵ ਦੀ ਪਝੱਤਰ ਪ੍ਰਤੀਸ਼ਤ ਅਜ਼ਾਦੀ ਦਾ ਪ੍ਰਤੀਨਿਧ ਕਰਦੇ ਹਨ।ਇਸ ਵਿਚ ਨਾ ਸਿਰਫ ਤਾਨਾਸ਼ਾਹੀ ਸ਼ਕਤੀਆਂ ਜਿਵੇਂ ਕਿ ਚੀਨ, ਬੇਲਾਰੂਸ, ਹੰਗਰੀ ਅਤੇ ਵੈਂਜ਼ੂਏਲਾ ਸ਼ਾਮਿਲ ਹਨ, ਪਰ ਅਮਰੀਕਾ ਅਤੇ ਭਾਰਤੀ ਜਿਹੀਆਂ ਲੋਕਤੰਤਰੀ ਸ਼ਕਤੀਆਂ ਵੀ ਸ਼ਾਮਿਲ ਹਨ।

2022 ਦੀਆਂ ਮਹੱਤਵਪੂਰਨ ਗਤੀਵਿਧੀਆਂ ਵਿਚ ਇਹ ਵੀ ਸ਼ਾਮਿਲ ਹੈ ਕਿ ਭਾਰਤ ਦਾ ਸਟੇਟਸ ਵੀ ਅਜ਼ਾਦ ਤੋਂ ਅੰਸ਼ਿਕ ਰੂਪ ਵਿਚ ਅਜ਼ਾਦ ਵਿਚ ਬਦਲ ਗਿਆ ਹੈ ਜਿਸ ਦਾ ਅਰਥ ਹੈ ਕਿ ਦੇਸ਼ ਦੇ 20 ਪ੍ਰਤੀਸ਼ਤ ਤੋਂ ਵੀ ਘੱਟ ਲੋਕ ਪੂਰਨ ਰੂਪ ਵਿਚ ਅਜ਼ਾਦ ਦੇਸ਼ ਵਿਚ ਰਹਿੰਦੇ ਹਨ ਜੋ ਕਿ 1995 ਤੋਂ ਬਾਅਦ ਹੁਣ ਤੱਕ ਸਭ ਤੋਂ ਘੱਟ ਗਿਣਤੀ ਹੈ।ਭਾਰਤੀਆਂ ਦੇ ਰਾਜਨੀਤਿਕ ਹੱਕ ਅਤੇ ਸਿਵਲ ਅਜ਼ਾਦੀ ਦਾ 2014 ਵਿਚ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਲਗਾਤਾਰ ਘਾਣ ਹੋ ਰਿਹਾ ਹੈ।ਉਸ ਦੀ ਰਾਸ਼ਟਰਵਾਦੀ ਸਰਕਾਰ ਨੇ ਮਨੁੱਖੀ ਅਧਿਕਾਰਾਂ ਦੀਆਂ ਸੰਸਥਾਵਾਂ, ਘੱਟ ਗਿਣਤੀਆਂ ਉੱਪਰ ਦਬਾਅ ਵਧਾਇਆ ਅਤੇ ਅਕਾਦਮਿਕਾਂ ਅਤੇ ਪੱਤਰਕਾਰਾਂ ਨੂੰ ਲਗਾਤਾਰ ਡਰਾਇਆ ਗਿਆ ਅਤੇ ਮੁਸਲਮਾਨਾਂ ਨੂੰ ਹਜੂਮੀ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ।ਮੋਦੀ ਦੇ 2019 ਵਿਚ ਮੁੜ ਸੱਤਾ ਵਿਚ ਆਉਣ ਤੋਂ ਬਾਅਦ ਇਹ ਨਿਘਾਰ ਹੋਰ ਜਿਆਦਾ ਡੂੰਘਾ ਹੋ ਗਿਆ।ਭਾਰਤ ਵਿਚ ਆਈਆਂ ਇਹ ਤਬਦੀਲੀਆਂ ਅਸਲ ਵਿਚ ਅੰਤਰਰਾਸ਼ਟਰੀ ਪੱਧਰ ਉੱਪਰ ਲੋਕਤੰਤਰ ਅਤੇ ਤਾਨਾਸ਼ਾਹੀ ਦਾ ਤਵਾਜ਼ਨ ਵਿਗੜਨ ਦਾ ਹੀ ਇਕ ਰੂਪ ਹਨ ਜਿਸ ਵਿਚ ਤਾਨਾਸ਼ਾਹਾਂ ਨੂੰ ਆਪਣੇ ਕਾਰਿਆਂ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਂਦਾ ਅਤੇ ਉਹ ਵਿਰੋਧ ਦੀ ਅਵਾਜ਼ ਲਈ ਨਵੇਂ ਮੌਕੇ ਤਲਾਸ਼ਦੇ ਰਹਿੰਦੇ ਹਨ।




ਉਦਾਹਰਣ ਵਜੋਂ, ਬੇਲਾਰੂਸ ਅਤੇ ਹਾਂਗਕਾਂਗ ਵਿਚ ਲੋਕਤੰਤਰ ਦੇ ਹੱਕ ਵਿਚ ਹੋਏ ਪ੍ਰਦਰਸ਼ਨਾਂ ਨੂੰ ਬਹੁਤ ਹੀ ਬੁਰੀ ਤਰਾਂ ਦਬਾਇਆ ਗਿਆ ਅਤੇ ਇਸ ਵਿਚ ਅੰਤਰਰਾਸ਼ਟਰੀ ਆਲੋਚਨਾ ਦੀ ਕੋਈ ਪਰਵਾਹ ਨਹੀਂ ਕੀਤੀ ਗਈ। ਨਾਗੋਰੋਨੋ-ਕਾਰਾਬਾਖ ਵਿਚ ਅਜਬੇਜਾਨੀ ਫੌਜੀ ਸੱਤਾ ਨੇ ਅਰਮੀਨੀਆਂ ਵਿਚ ਲੋਕਤੰਤਰੀ ਪ੍ਰੀਕਿਰਿਆ ਵਿਰੁੱਧ ਅਸਿੱਧੇ ਰੂਪ ਵਿਚ ਅਵਾਜ਼ ਉਠਾਈ ਜਦੋਂ ਕਿ ਇਥੋਪੀਆ ਵਿਚ ਹੋਏ ਹਥਿਆਰਬੰਦ ਸੰਘਰਸ਼ ਵਿਚ ਟਿਗਰੀ ਖਿੱਤੇ ਨੇ 2018 ਤੋਂ ਰਾਜਨੀਤਿਕ ਤਬਦੀਲੀ ਨੂੰ ਰੋਕ ਰੱਖਿਆ ਹੈ। ਇਨ੍ਹਾਂ ਸਾਰੇ ਹੀ ਕੇਸਾਂ ਵਿਚ ਤਾਨਾਸ਼ਾਹੀ ਗੁਆਂਢੀ ਦਾ ਦਖਲ ਹੋਇਆ ਵੀ ਮਿਲਦਾ ਹੈ: ਮਾਸਕੋ ਨੇ ਬੇਲਾਰੂਸ ਵਿਚ ਸੱਤਾ ਦਾ ਸਾਥ ਦਿੱਤਾ ਜਦੋਂ ਕਿ ਹਾਂਗਕਾਂਗ ਵਿਚ ਬੀਜਿੰਗ ਨੇ ਜਬਰ ਢਾਹਿਆ, ਤੁਰਕੀ ਦੀ ਸਰਕਾਰ ਨੇ ਅਜਬੇਜਾਨੀਆਂ ਦਾ ਸਾਥ ਦਿੱਤਾ ਅਤੇ ਇਥੋਪੀਆ ਦੇ ਨੇਤਾ ਨੇ ਏਰੀਟਰੀਆ ਦਾ ਸਾਥ ਲਿਆ।ਫਰੀਡਮ ਹਾਊਸ ਦੀਆਂ ਰਿਪੋਰਟਾਂ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਵਿਸ਼ਵ ਅਤੇ ਸੰਯੁਕਤ ਰਾਸ਼ਟਰ ਨੇ ਅਜੇ ਤੱਕ ਤਾਨਾਸ਼ਾਹੀ ਉਭਾਰ ਉੱਪਰ ਕੋਈ ਰੋਕ ਨਹੀਂ ਲਗਾਈ ਹੈ।ਅਮਰੀਕਾ ਨੂੰ ਭਾਵੇਂ ਲੋਕਤੰਤਰੀ ਦੇਸ਼ ਮੰਨਿਆਂ ਜਾਂਦਾ ਹੈ ਪਰ ਇਸ ਨੇ ਟਰੰਪ ਦੇ ਸਮੇਂ ਵਿਚ ਲੋਕਤੰਤਰ ਵਿਚ ਬਹੁਤ ਜਿਆਦਾ ਨਿਘਾਰ ਦੇਖਿਆ।ਪਿਛਲੇ ਦਹਾਕੇ ਵਿਚ ਅਮਰੀਕਾ ਦਾ ਸਥਾਨ ਵੀ ਗਿਆਰਾਂ ਅੰਕਾਂ ਨਾਲ ਹੇਠਾਂ ਖਿਸਕ ਗਿਆ ਹੈ।ਇਸ ਨੇ ਦੇਸ਼ ਨੂੰ ਫਰਾਂਸ ਅਤੇ ਜਰਮਨੀ ਜਿਹੇ ਦੇਸ਼ਾਂ ਦੀ ਸੂਚੀ ਵਿਚੋਂ ਕੱਢ ਦਿੱਤਾ ਹੈ ਅਤੇ ਉਸ ਨੂੰ ਕਮਜ਼ੋਰ ਲੋਕਤੰਤਰੀ ਦੇਸ਼ਾਂ ਜਿਵੇਂ ਰੋਮਾਨੀਆਂ ਅਤੇ ਪਨਾਮਾ ਦੀ ਸ਼੍ਰੇਣੀ ਵਿਚ ਲਿਆ ਖੜ੍ਹਾ ਕੀਤਾ ਹੈ।ਹੰਗਰੀ ਅਤੇ ਸ੍ਰੀਲੰਕਾ ਨੇ ਵੀ ਕਾਰਜਕਾਰੀ ਸ਼ਕਤੀਆਂ ਨੂੰ ਹੋਰ ਮਜਬੂਤ ਕਰਨ ਲਈ ਆਪਣੇ ਸੰਵਿਧਾਨ ਵਿਚ ਸੋਧਾਂ ਕੀਤੀਆਂ ਹਨ।

ਕੋਵਿਡ 19 ਸਮੇਂ ਪੂਰੇ ਵਿਸ਼ਵ ਵਿਚ ਅਜ਼ਾਦੀ ਵਿਚ ਨਿਘਾਰ ਦੇ ਬਾਵਜੂਦ ਲੋਕ ਆਪਣੇ ਅਧਿਕਾਰਾਂ ਲਈ ਲੜਨ ਪ੍ਰਤੀ ਵਚਨਬੱਧ ਰਹੇ ਅਤੇ ਲੋਕਤੰਤਰ ਆਪਣਾ ਲਚਕੀਲਾਪਣ ਵੀ ਦਿਖਾਉਂਦਾ ਰਿਹਾ। 2019 ਦੇ ਮੱਧ ਵਿਚ ਮਲਾਵੀ ਵਿਚ ਚੋਣਾਂ ਸਮੇਂ ਜੱਜਾਂ ਨੇ ਰਿਸ਼ਵਤ ਦਿੱਤੇ ਜਾਣ ਅਤੇ ਪ੍ਰਸ਼ਾਸਨ ਦੁਆਰਾ ਦਬਾਅ ਪਾਏ ਜਾਣ ਵਿਰੁੱਧ ਅਵਾਜ਼ ਉਠਾਈ ਅਤੇ ਨਵੀਆਂ ਚੋਣਾਂ ਕਰਵਾਉਣ ਦੀ ਮੰਗ ਕੀਤੀ। ਰਿਪੋਰਟ ਇਹ ਦੱਸਦੀ ਹੈ ਕਿ ਲੋਕਤੰਤਰ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਪਰ ਇਹ ਹਾਰਿਆ ਨਹੀਂ ਹੈ।ਇਸ ਦੇ ਵਿਰੋਧੀ ਹੋਰ ਜਿਆਦਾ ਸ਼ਕਤੀਸ਼ਾਲੀ ਹੋ ਗਏ ਹਨ ਜਿਨ੍ਹਾਂ ਨੇ ਵਿਸ਼ਵ ਵਿਚ ਸਵੈ-ਸਰਕਾਰ ਲਈ ਵਿਰੋਧੀ ਮਾਹੌਲ ਬਣਾ ਦਿੱਤਾ ਹੈ।ਫਰੀਡਮ ਇਨ ਦ ਵਰਲਡ ਵਿਚ ਕਿਸੇ ਵੀ ਖਿੱਤੇ ਵਿਚ ਰਾਜਨੀਤਿਕ ਅਤੇ ਸਿਵਲ ਅਜ਼ਾਦੀ ਨੂੰ ਮਾਪਦਾ ਹੈ।

> *2020/21 ਦੌਰਾਨ ਤਾਨਾਸ਼ਾਹੀ ਸ਼ਕਤੀਆਂ ਵੀ ਮਜਬੂਤ ਹੋਈਆਂ ਹਨ ਕਿਉਂ ਕਿ ਲੋਕਤੰਤਰ ਅੰਤਰਮੁਖੀ ਹੋ ਗਿਆ ਅਤੇ ਵਿਸ਼ਵ ਅਜ਼ਾਦੀ ਦੀ ਦਰ ਵਿਚ ਲਗਾਤਾਰ ਪੰਦਰਵੇਂ ਸਾਲ ਨਿਘਾਰ ਦਰਜ ਕੀਤਾ ਗਿਆ।ਵਿਸ਼ਵ ਵਿਚ ਅਜ਼ਾਦੀ ਮੰਚ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿਨ੍ਹਾਂ ਦੇਸ਼ਾਂ ਨੂੰ ਅਜ਼ਾਦ ਨਹੀਂ ਮੰਨਿਆ ਜਾ ਸਕਦਾ, ਉਨ੍ਹਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਇਆ ਹੈ। 2006 ਵਿਚ ਲੋਕਤੰਤਰੀ ਨਿਘਾਰ ਵਿਚ ਲਗਾਤਾਰ ਵਾਧਾ ਹੋਇਆ ਹੈ ਅਤੇ ਜਿਨ੍ਹਾਂ ਦੇਸ਼ਾਂ ਵਿਚ ਰਾਜਨੀਤਿਕ ਹੱਕਾਂ ਅਤੇ ਸਿਵਲ ਅਜ਼ਾਦੀ ਦਾ ਘਾਣ ਹੋਇਆ ਹੈ, ਉਨ੍ਹਾਂ ਦੀ ਗਿਣਤੀ ਵਿਚ ਬਾਕੀ ਦੇਸ਼ਾਂ ਦੇ ਮੁਕਾਬਲਤਨ ਵਾਧਾ ਹੋਇਆ ਹੈ।*

ਭਾਰਤ ਭਾਵੇਂ ਬਹੁ-ਪਾਰਟੀ ਲੋਕਤੰਤਰ ਹੈ, ਪਰ ਮੋਦੀ ਅਤੇ ਉਸ ਦੀ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ ਦੁਆਰਾ ਚਲਾਈ ਜਾ ਰਹੀ ਸਰਕਾਰ ਨੇ ਪੱਖਪਾਤੀ ਨੀਤੀਆਂ ਅਪਣਾਈਆਂ ਹਨ ਅਤੇ ਮੁਸਲਿਮ ਜਨਤਾ ਦੇ ਦਮਨ ਵਿਚ ਵਾਧਾ ਹੋਇਆ ਹੈ। ਸਾਡਾ ਸੰਵਿਧਾਨ ਬੋਲਣ ਦੀ ਅਜ਼ਾਦੀ ਅਤੇ ਧਰਮ ਦੀ ਅਜ਼ਾਦੀ ਦਾ ਅਧਿਕਾਰ ਦਿੰਦਾ ਹੈ, ਪਰ ਪੱਤਰਕਾਰਾਂ, ਗੈਰ-ਸਰਕਾਰੀ ਸੰਸਥਾਵਾਂ ਅਤੇ ਹੋਰ ਸਰਕਾਰੀ ਆਲੋਚਕਾਂ ਨੂੰ ਲਗਾਤਾਰ ਤੰਗ ਕੀਤਾ ਜਾ ਰਿਹਾ ਹੈ।ਮੁਸਲਿਮ, ਦਲਿਤ ਅਤੇ ਆਦਿਵਾਸੀ ਅਜੇ ਵੀ ਹਾਸ਼ੀਏ ਉੱਪਰ ਹੀ ਹਨ। ਫਰਵਰੀ ਮਹੀਨੇ ਵਿਚ ਸਰਕਾਰ ਨੇ ਅਜਿਹੀ ਨੀਤੀ ਪਾਸ ਕੀਤੀ ਜਿਸ ਰਾਹੀ ਸੱਤਾਧਾਰੀਆਂ ਦੁਆਰਾ ਸੋਸ਼ਲ ਮੀਡੀਆ ਧਾਰਕਾਂ ਨੂੰ ਗੈਰ-ਕਾਨੂੰਨੀ ਸਮਗੱਰੀ ਹਟਾਉਣ ਲਈ ਮਜਬੂਰ ਕੀਤਾ ਗਿਆ।ਟਵਿਟਰ ਨੇ ਵੀ ਉਨ੍ਹਾਂ ਪੋਸਟਾਂ ਨੂੰ ਹਟਾਉਣ ਲਈ ਕਿਹਾ ਜਿਸ ਵਿਚ ਸਰਕਾਰ ਦੁਆਰਾ ਕੋਵਿਡ 19 ਨਾਲ ਨਜਿੱਠਣ ਵਿਚ ਫੇਲ੍ਹ ਹੋਣ ਤੇ ਵਿਰੋਧ ਕੀਤਾ ਗਿਆ ਸੀ।ਜੁਲਾਈ 2021 ਵਿਚ ਇਕ ਮੀਡੀਆ ਜਾਂਚ ਵਿਚ ਪਾਇਆ ਗਿਆ ਕਿ ਵਿਰੋਧੀ ਪਾਰਟੀਆਂ ਦੇ ਨੇਤਾਵਾਂ, ਕਾਰਕੁੰਨਾਂ, ਬਿਜਨੈਸ ਅਤੇ ਪੱਤਰਕਾਰਾਂ ਦੇ ਸਮਾਰਟ ਫੋਨਾਂ ਵਿਚ ਪੈਗਾਸਸ ਸਾਫਟਵੇਅਰ ਪਾਇਆ ਗਿਆ। ਇਸ ਦੇ ਨਾਲ ਹੀ ਰਾਜਨੀਤਿਕ ਪਾਰਟੀਆਂ ਨੂੰ ਮਿਲਦੀ ਫੰਡਿਗ ਵੀ ਸ਼ੱਕ ਦੇ ਘੇਰੇ ਵਿਚ ਹੈ।2017 ਵਿਚ ਸ਼ੁਰੂ ਕੀਤੇ ਗਏ ਚੁਣਾਵੀ ਬਾਂਡ ਵਿਚ ਸਟੇਟ ਬੈਂਕ ਆਫ ਇੰਡੀਆ ਪੈਸੇ ਦੇਣ ਵਾਲੇ ਦੀ ਪਹਿਚਾਣ ਜਾਣ ਸਕਦਾ ਹੈ ਜਦੋਂ ਕਿ ਆਮ ਜਨਤਾ ਨੂੰ ਇਸ ਦਾ ਪਤਾ ਨਹੀਂ ਚੱਲਦਾ।ਇਸ ਨੇ ਭਾਰਤੀ ਜਨਤਾ ਪਾਰਟੀ ਨੂੰ ਫੰਡਿਗ ਵਿਚ ਕਾਫੀ ਫਾਇਦਾ ਪਹੁੰਚਾਇਆ ਹੈ।

ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਪ੍ਰਚਾਰ ਮੁਹਿੰਮਾਂ ਵਿਚ ਵੀ ਫਾਇਦਾ ਹੋਇਆ ਹੈ ਅਤੇ ਵਿਰੋਧੀ ਪਾਰਟੀਆਂ ਨੂੰ ਜਾਂਚ ਏਜੰਸੀਆਂ ਦੁਆਰਾ ਨਿਸ਼ਾਨਾ ਬਣਾਇਆ ਗਿਆ।ਵੱਡੇ ਪੱਧਰ ਉੱਤੇ ਹੁੰਦੇ ਰਾਜਨੀਤਿਕ ਸਕੈਂਡਲ ਵੀ ਭ੍ਰਿਸ਼ਟਾਚਾਰ ਦੀ ਪੋਲ ਖੋਲਦੇ ਹਨ ਪਰ ਇਸ ਵਿਚ ਬਹੁਤੇ ਭ੍ਰਿਸ਼ਟ ਕੇਸਾਂ ਨੂੰ ਰਿਪੋਰਟ ਵੀ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਇਸ ਵਿਚ ਕਿਸੇ ਨੂੰ ਸਜਾ ਮਿਲਦੀ ਹੈ।ਜਨਤਾ ਨੂੰ ਸਰਕਾਰ ਦੀਆਂ ਗਤੀਵਿਧੀਆਂ ਦੀ ਬਹੁਤ ਘੱਟ ਜਾਣਕਾਰੀ ਹੁੰਦੀ ਹੈ ਅਤੇ ਪਾਰਦਰਸ਼ਤਾ ਯਕੀਨੀ ਬਣਾਉਣ ਵਾਲਾ ਕਾਨੂੰਨੀ ਸਿਸਟਮ ਵੀ ਭ੍ਰਿਸ਼ਟ ਹੋ ਚੁੱਕਿਆ ਹੈ।ਮੋਦੀ ਸਰਕਾਰ ਦੌਰਾਨ ਪ੍ਰੈਸ ਦੀ ਅਜ਼ਾਦੀ ਉੱਪਰ ਵੀ ਬਹੁਤ ਹਮਲੇ ਹੋਏ ਹਨ ਅਤੇ ਰਿਪੋਰਟਿੰਗ ਵੀ ਸਮਝੌਤਾਕਾਰੀ ਹੋ ਚੁੱਕੀ ਹੈ।ਸੱਤਾਧਾਰੀਆਂ ਨੇ ਆਲੋਚਨਾ ਵਾਲੀਆਂ ਅਵਾਜ਼ਾਂ ਨੂੰ ਦਬਾਉਣ ਲਈ ਦੇਸ਼ ਧ੍ਰੋਹ ਅਤੇ ਨਫਤਰੀ ਭਾਸ਼ਣ ਕਾਨੂੰਨਾਂ ਦਾ ਸਹਾਰਾ ਲਿਆ ਹੈ। ਪਾਰਟੀ ਦਾ ਵਿਰੋਧ ਕਰਨ ਵਾਲਿਆਂ ਨੂੰ ਰਾਸ਼ਟਰਵਿਰੋਧੀ ਗਰਦਾਨ ਦਿੱਤਾ ਜਾਂਦਾ ਹੈ।ਚੋਣਾਂ ਦੇ ਸਮੇਂ ਗਲਤ ਸੂਚਨਾਵਾਂ ਫੈਲਾਈਆਂ ਜਾਂਦੀਆਂ ਹਨ ਅਤੇ ਕਈ ਸਾਰੇ ਮੀਡੀਆ ਘਰ ਮੁਸਲਿਮ ਵਿਰੋਧੀ ਵਿਚਾਰਾਂ ਨੂੰ ਬੜ੍ਹਾਵਾ ਦਿੰਦੇ ਹਨ।

2021 ਵਿਚ ਹਿੰਦੂ ਰਾਸ਼ਟਰਵਾਦੀਆਂ ਦੁਆਰਾ ਭਾਰਤ ਦੇ ਇਸਾਈ ਭਾਈਚਾਰੇ ਨੂੰ ਵੀ ਨਿਸ਼ਾਨਾ ਬਣਾਇਆ ਗਿਆ।ਹਾਲੀਆਂ ਵਰ੍ਹਿਆਂ ਵਿਚ ਅਕਾਦਮਿਕ ਅਜ਼ਾਦੀ ਵੀ ਕਮਜ਼ੋਰ ਹੋਈ ਹੈ ਅਤੇ ਪ੍ਰੋਫੈਸਰਾਂ, ਵਿਦਿਆਰਥੀਆਂ ਅਤੇ ਸੰਸਥਾਵਾਂ ਨੂੰ ਰਾਜਨੀਤਿਕ ਅਤੇ ਸਮਾਜਿਕ ਮੁੱਦਿਆਂ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਆਰਐਸਐਸ ਦੇ ਮੈਂਬਰਾਂ ਨੇ ਯੂਨੀਵਰਸਿਟੀ ਕੈਂਪਸਾਂ ਵਿਚ ਹਿੰਸਕ ਘਟਨਾਵਾਂ ਨੂੰ ਅੰਜ਼ਾਮ ਦਿੱਤਾ।ਯੂਨੀਵਰਸਿਟੀ ਪ੍ਰਸ਼ਾਸਨ, ਅਧਿਆਪਕਾਂ ਦੀ ਲਗਾਤਾਰ ਨਜ਼ਰਸਾਨੀ ਕੀਤੀ ਜਾ ਰਹੀ ਹੈ। ਭਾਰਤੀ ਜਨਤਾ ਪਾਰਟੀ ਦੁਆਰਾ ਸੰਵੇਦਨਸ਼ੀਲ ਸਮਝੇ ਜਾਂਦੇ ਮੁੱਦਿਆਂ ਉੱਪਰ ਅਕਾਦਮੀ ਲੋਕ ਦਬਾਅ ਮਹਿਸੂਸ ਕਰ ਰਹੇ ਹਨ, ਖਾਸ ਕਰਕੇ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਅਤੇ ਕਸ਼ਮੀਰ ਦੇ ਮੁੱਦੇ ਸੰਬੰਧੀ।

ਆਰਟੀਕਲ 14 ਸੰਸਥਾ ਦੇ ਅਨੁਸਾਰ 2015 ਅਤੇ 2020 ਦੇ ਵਿਚਕਾਰ ਦੇਸ਼ਧ੍ਰੋਹ ਦੇ ਕੇਸਾਂ ਵਿਚ 28% ਦਾ ਵਾਧਾ ਦਰਜ ਕੀਤਾ ਗਿਆ ਹੈ। ਬੀਜੇਪੀ ਨਾਲ ਸੰਬੰਧਿਤ ਆਨਲਾਈਨ ਟਰੋਲ ਆਰਮੀ ਨੇ ਵਿਅਕਤੀਆਂ ਨੂੰ ਤੰਗ ਕੀਤਾ ਹੈ।ਬਹੁਤ ਸਾਰੀਆਂ ਗੈਰ-ਸਰਕਾਰੀ ਸੰਸਥਾਵਾਂ ਨੂੰ ਵੀ ਇਸੇ ਕਰਕੇ ਹੀ ਨਿਸ਼ਾਨਾ ਬਣਾਇਆ ਗਿਆ ਹੈ। ਕਈ ਹਾਲਾਤਾਂ ਵਿਚ ਵਿਦੇਸ਼ੀ ਯੋਗਦਾਨ ਰੈਗੂਲੇਸ਼ਨ ਐਕਟ ਸੰਘੀ ਸਰਕਾਰ ਨੰ ਅਧਿਕਾਰ ਦਿੰਦਾ ਹੈ ਕਿ ਉਹ ਕਿਸੇ ਸੰਸਥਾ ਨੂੰ ਮਿਲਦੀ ਵਿਦੇਸ਼ੀ ਸਹਾਇਤਾ ਉੱਪਰ ਰੋਕ ਲਗਾ ਸਕਦਾ ਹੈ, ਪਰ ਸੱਤਾਧਾਰੀ ਇਸ ਅਧਿਕਾਰ ਦਾ ਇਸਤੇਮਾਲ ਆਪਣੇ ਮੁਫਾਦਾਂ ਲਈ ਹੀ ਕਰ ਰਹੇ ਹਨ। 2020 ਵਿਚ ਐਮਨਸਟੀ ਇੰਟਰਨੈਸ਼ਨਲ ਨੇ ਭਾਰਤ ਵਿਚ ਆਪਣੀਆਂ ਗਤੀਵਿਧੀਆਂ ਬੰਦ ਕਰ ਦਿੱਤੀਆਂ। 20600 ਤੋਂ ਜਿਆਦਾ ਸਮੂਹਾਂ ਦੇ ਲਾਈਸੈਂਸ ਇਸੇ ਤਹਿਤ ਰੱਦ ਕੀਤੇ ਗਏ ਹਨ।2021 ਵਿਚ ਹੀ ਲਗਭਗ 6000 ਲਾਈਸੈਂਸ ਰੱਦ ਕੀਤੇ ਗਏ ਜਿਸ ਵਿਚ ਮਦਰ ਟੇਰੇਸਾ ਦੁਆਰਾ ਸਥਾਪਿਤ ਮਿਸ਼ਨਰੀ ਆਫ ਚੈਰਿਟੀ ਵੀ ਸ਼ਾਮਿਲ ਹੈ।

ਨਿਆਂਪਾਲਿਕਾ ਸਰਕਾਰ ਦੇ ਹੋਰ ਅਦਾਰਿਆਂ ਦੇ ਮੁਕਾਬਲਤਨ ਖੁਦਮੁਖਤਿਆਰ ਹੁੰਦੀ ਹੈ।ਸੁਪਰੀਮ ਕੋਰਟ ਦੇ ਲੈਵਲ ਦੇ ਜੱਜਾਂ ਨੇ ਰਵਾਇਤੀ ਰੂਪ ਵਿਚ ਆਪਣੀ ਖੁਦਮੁਖਤਿਆਰੀ ਜ਼ਾਹਿਰ ਵੀ ਕੀਤੀ ਹੈ।ਪਰ ਹੇਠਲੇ ਪੱਧਰ ਉੱਪਰ ਨਿਆਂਪਾਲਿਕਾ ਭ੍ਰਿਸ਼ਟਾਚਾਰ ਵਿਚ ਲਿਪਤ ਹੈ ਅਤੇ ਅਦਾਲਤਾਂ ਨੇ ਵੱਧ ਰਹੇ ਰਾਜਨੀਤਿਕਰਨ ਵੱਲ ਵੀ ਇਸ਼ਾਰਾ ਕੀਤਾ ਹੈ। ਹਾਲੀਆ ਸਮੇਂ ਵਿਚ ਬਹੁਤ ਸਾਰੇ ਮਹੱਤਵਪੂਰਨ ਫੈਸਲੇ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਆਏ ਹਨ ਜਿਸ ਵਿਚ ਰਾਮ ਮੰਦਰ ਬਣਾਉਣ ਦੀ ਅਨੁਮਤੀ, ਮੋਦੀ ਦੇ ਵਿਰੋਧੀ ਆਲੋਚਕ ਨੂੰ ਜਮਾਨਤ ਦੇਣ ਤੋਂ ਇਨਕਾਰ ਕਰਨਾ ਸ਼ਾਮਿਲ ਹੈ। ਨਿਆਂਪਾਲਿਕਾ ਵਿਚ ਬਹੁਤ ਸਾਰੇ ਕੇਸ ਬਾਕੀ ਪਏ ਹਨ ਜਿਸ ਨਾਲ ਸ਼ੱਕੀ ਵਿਅਕਤੀਆਂ ਨੂੰ ਹੀ ਜੇਲ੍ਹਾਂ ਵਿਚ ਰਹਿਣਾ ਪੈ ਰਿਹਾ ਹੈ ਅਤੇ ਕਈ ਸਾਰੇ ਕੈਦੀ ਆਪਣੀ ਸਜਾ ਕੱਟਣ ਤੋਂ ਬਾਅਦ ਵੀ ਰਿਹਾਅ ਨਹੀਂ ਕੀਤੇ ਗਏ ਹਨ।ਜੁਲਾਈ 2021 ਵਿਚ ਜੇਲ ਵਿਚ ਸਟੈਨ ਸਵਾਮੀ ਦੀ ਮੌਤ ਤੋਂ ਬਾਅਦ ਯੂਏਪੀਏ ਨੂੰ ਖਤਮ ਕਰਨ ਦੀਆਂ ਮੰਗਾਂ ਤੇਜ਼ ਹੋਈਆਂ। ਸੁਰੱਖਿਆ ਅਧਿਕਾਰੀਆਂ ਦੁਆਰਾ ਵੀ ਬਲਾਤਕਾਰ ਅਤੇ ਤਸ਼ੱਦਦ ਦੀਆਂ ਘਟਨਾਵਾਂ ਰਿਪੋਰਟ ਹੋਈਆਂ ਹਨ। ਕੈਦੀਆਂ ਦਾ ਸੋਸ਼ਣ ਵੀ ਆਮ ਗੱਲ ਹੈ। ਅਗਸਤ 2021 ਵਿਚ ਸੰਸਦ ਵਿਚ ਪੇਸ਼ ਕੀਤੀ ਗਈ ਇਕ ਰਿਪੋਰਟ ਦੇ ਅਨੁਸਾਰ ਪਿਛਲੇ ਤਿੰਨ ਸਾਲਾਂ ਵਿਚ 5569 ਲੋਕ ਨਿਆਂਪਾਲਿਕਾ ਜਾਂ ਪੁਲਿਸ ਦੀ ਹਿਰਾਸਤ ਵਿਚ ਦਮ ਤੋੜ ਗਏ।ਇਨ੍ਹਾਂ ਘਟਨਾਵਾਂ ਵਿਚ ਸ਼ਾਮਿਲ ਸੁਰੱਖਿਆ ਅਧਿਕਾਰੀਆਂ ਉੱਪਰ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ।

2022 ਦੀ ਸੂਚੀ ਅਨੁਸਾਰ ਨਿਊਜੀਲੈਂਡ ਨੂੰ ਸਭ ਤੋਂ ਅਜ਼ਾਦ ਅਤੇ ਉੱਤਰੀ ਕੋਰੀਆ ਨੂੰ ਸਭ ਤੋਂ ਘੱਟ ਅਜ਼ਾਦ ਘੋਸ਼ਿਤ ਕੀਤਾ ਗਿਆ।ਹਾਂਗਕਾਂਗ ਨੂੰ ਆਰਥਿਕ ਅਜ਼ਾਦੀ ਦੇ ਪੱਖੋਂ ਸਭ ਤੋਂ ਜਿਆਦਾ ਅਜ਼ਾਦ ਅਤੇ ਨਾਰਵੇ ਨੂੰ ਸਮਾਜਿਕ ਅਜ਼ਾਦੀ ਪੱਖੋਂ ਸਭ ਤੋਂ ਜਿਆਦਾ ਅਜ਼ਾਦ ਘੋਸ਼ਿਤ ਕੀਤਾ ਗਿਆ।2022 ਦੀ ਫਰੀਡਮ ਹਾਊਸ ਰਿਪੋਰਟ ਦੇ ਅਨੁਸਾਰ ਲੋਕਤੰਤਰ ਦੀ ਰਾਖੀ ਕਰਨ ਵਾਲਿਆਂ ਨੂੰ ਤਾਨਾਸ਼ਾਹੀ ਤਾਕਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਸੰਸਾਰ ਦਾ ਜਿਆਦਾ ਤਵਾਜ਼ਨ ਤਾਨਾਸ਼ਾਹੀ ਵੱਲ ਝੁਕਿਆ ਹੈ। ਲੋਕਤੰਤਰ ਵਿਚ ਇਸ ਤਰਾਂ ਦਾ ਨਿਘਾਰ ਗਲੋਬਲ ਰੂਪ ਧਾਰਨ ਕਰ ਚੁੱਕਿਆ ਹੈ।ਵਿਸ਼ਵ ਦੀ 75% ਅਬਾਦੀ ਉਨ੍ਹਾਂ ਦੇਸ਼ਾਂ ਵਿਚ ਰਹਿੰਦੀ ਹੈ ਜਿਨ੍ਹਾਂ ਨੂੰ ਨਿਘਾਰ ਦਾ ਸਾਹਮਣਾ ਕਰਨਾ ਪਿਆ।ਇਸ ਤਰਾਂ ਦੀ ਸਥਿਤੀ ਲੋਕਤੰਤਰ ਨੂੰ ਨੀਵਾਂ ਦਿਖਾਉਂਦੀ ਹੈ। ਇਸ ਤਰਾਂ ਕਰਨ ਵਾਲੇ ਚੀਨੀ ਅਤੇ ਰੂਸੀ ਟਿੱਪਣੀਕਾਰ ਅੰਤਰਰਾਸ਼ਟਰੀ ਪੱਧਰ ਉੱਪਰ ਆਪਣੀ ਸਥਿਤੀ ਮਜਬੂਤ ਕਰਨ ਵਿਚ ਲੱਗੇ ਰਹਿੰਦੇ ਹਨ, ਪਰ ਲੋਕਤੰਤਰ ਵਿਰੋਧੀ ਸ਼ਕਤੀਆਂ ਨੂੰ ਨੱਥ ਪਾਉਣ ਲਈ ਕੁਝ ਨਹੀਂ ਕਰਦੇ।ਵਧ ਰਹੀਆਂ ਤਾਨਾਸ਼ਾਹੀ ਸ਼ਕਤੀਆਂ ਦਾ ਮਨੁੱਖੀ ਜ਼ਿੰਦਗੀ ਅਤੇ ਸੁਰੱਖਿਆ ਉੱਪਰ ਵੀ ਬੁਰਾ ਪ੍ਰਭਾਵ ਪੈਂਦਾ ਹੈ ਜਿਸ ਵਿਚ ਰਾਜਨੀਤਿਕ ਝਗੜਿਆਂ ਨੂੰ ਨਿਬੇੜਨ ਲਈ ਫੌਜੀ ਤਾਕਤ ਦੀ ਵਰਤੋਂ ਕਰਨਾ ਵੀ ਸ਼ਾਮਿਲ ਹੈ।ਹਾਲਾਂਕਿ ਵਿਸ਼ਵ ਪੱਧਰ ਉੱਪਰ ਲੋਕਤੰਤਰੀ ਅਜ਼ਾਦੀ ਦਾ ਘਾਣ ਹੋ ਰਿਹਾ ਹੈ, ਪਰ 2020 ਵਿਚ ਇਸ ਵਿਚ ਜਿਆਦਾ ਨਿਘਾਰ ਦਰਜ ਕੀਤਾ ਗਿਆ।ਅਜ਼ਾਦੀ ਦੇ ਦੁਸ਼ਮਣਾਂ ਨੇ ਇਹ ਬਿਰਤਾਂਤ ਵੀ ਫੈਲਾਇਆ ਹੈ ਕਿ ਲੋਕਤੰਤਰ ਦਾ ਤਾਂ ਨਿਘਾਰ ਹੋ ਰਿਹਾ ਹੈ ਕਿਉਂ ਕਿ ਇਹ ਲੋਕਾਂ ਦੀਆਂ ਜਰੂਰਤਾਂ ਨਹੀਂ ਪੂਰੀਆਂ ਕਰ ਸਕਦਾ।ਅਸਲ ਵਿਚ ਲੋਕਤੰਤਰ ਦਾ ਨਿਘਾਰ ਤਾਂ ਹੋ ਰਿਹਾ ਹੈ ਕਿਉਂਕਿ ਇਸ ਦੀ ਰਾਖੀ ਕਰਨ ਵਾਲੇ ਲੋਕ ਆਪਣੀ ਪੂਰੀ ਵਾਹ ਨਹੀਂ ਲਗਾ ਸਕਦੇ।

# 'ਆਪ' ਸਰਕਾਰ ਲਈ ਚੁਣੌਤੀਪੂਰਨ ਰਿਹਾ ਬੀਤਿਆ ਸਾਲ

## ਦਿੱਲੀ ਤੋਂ ਆਏ ਮਾਹਿਰਾਂ ਦਾ ਪੰਜਾਬ ਪ੍ਰਸ਼ਾਸਨ ਵਿਚ ਦਖ਼ਲ ਬਣਿਆ ਵਿਵਾਦ ਦਾ ਵਿਸ਼ਾ



ਬਘੇਲ ਸਿੰਘ ਧਾਲੀਵਾਲ
9914258142

- ਸਿੱਖ ਜਗਤ ਲਈ 'ਚੁਣੌਤੀਆਂ' ਭਰਪੂਰ ਰਿਹਾ ਸਾਲ '2022'
- 'ਬੰਦੀ ਸਿੰਘਾਂ ਦੀ ਰਿਹਾਈ', ਵੱਖਰੀ 'ਹਰਿਆਣਾ ਗੁਰਦੁਆਰਾ ਕਮੇਟੀ ਦਾ ਗਠਨ', 'ਧਰਮ ਪਰਿਵਰਤਨ' ਨੂੰ ਲੈ ਕੇ ਪੰਥਕ ਹਲਕਿਆਂ 'ਚ ਰਹੀ ਚਰਚਾ
- ਸਿੱਖ ਲੇਖਕਾਂ ਦੀਆਂ ਬਹੁਤ ਸਾਰੀਆਂ ਪੁਸਤਕਾਂ ਵੀ ਇਸ ਸਾਲ ਚਰਚਾ ਦਾ ਵਿਸ਼ਾ ਰਹੀਆਂ
- ਲੰਘੇ ਸਾਲ 2022 ਵਿਚ ਪੰਜਾਬ ਤੇ ਪੰਥ ਨੇ ਕੀ ਖੱਟਿਆ ਅਤੇ ਕੀ ਗਵਾਇਆ-ਲੇਖਾ ਜੋਖਾ











ਸਾਲ 2022 ਆਪਣੀਆਂ ਬਹੁਤ ਸਾਰੀਆਂ ਕੌੜੀਆਂ ਮਿੱਠੀਆਂ ਯਾਦਾਂ ਛੱਡ ਕੇ ਅਤੀਤ ਦੀ ਗੋਦ ਵਿੱਚ ਬੈਠ ਗਿਆ ਹੈ। ਸੂਝਵਾਨ ਕੌਮਾਂ ਲੰਘ ਚੁੱਕੇ ਸਮੇਂ ਦੀਆਂ ਗ਼ਲਤੀਆਂ ਤੋ ਸਬਕ ਲੈ ਕੇ ਅਗਲਾ ਸਫਰ ਸ਼ੁਰੂ ਕਰਦੀਆਂ ਹਨ ਅਤੇ ਪ੍ਰਾਪਤੀਆਂ ਤੋਂ ਉਤਸ਼ਾਹਿਤ ਹੋ ਕੇ ਤਰੱਕੀ ਦੀਆਂ ਹੋਰ ਬੁਲੰਦੀਆਂ ਵੱਲ ਕਦਮ ਵਧਾ ਦਿੰਦੀਆਂ ਹਨ।ਸੋ ਲੰਘੇ ਸਾਲ 2022 ਵਿਚ ਪੰਜਾਬ ਨੇ ਕੀ ਖੱਟਿਆ ਅਤੇ ਕੀ ਗਵਾਇਆ, ਸਿੱਖ ਕੌਮ ਲਈ ਬੀਤਿਆ ਵਰ੍ਹਾ ਕਿਹੋ ਜਿਹੇ ਸਬਕ ਦੇ ਕੇ ਗਿਆ ਹੈ ਅਤੇ ਕਿਹੜੇ ਕਿਹੜੇ ਖੇਤਰ ਵਿੱਚ ਕੀ ਕੀ ਪ੍ਰਾਪਤੀਆਂ ਕੀਤੀਆਂ ਹਨ, ਇਸ ਦੇ 'ਤੇ ਚਰਚਾ ਕਰਦੇ ਹਾਂ। ਸਭ ਤੋਂ ਪਹਿਲਾਂ ਪੰਜਾਬ ਦੀ ਸਿਆਸਤ ਤੇ ਸਰਸਰੀ ਨਜ਼ਰ ਮਾਰਨੀ ਬਣਦੀ ਹੈ।ਪੰਜਾਬ ਅੰਦਰ ਬਦਲਾਅ ਦੇ ਨਾਮ ਉਪਰ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਰਿਕਾਰਡਤੋੜ ਜਿੱਤ ਹਾਸਲ ਕਰਕੇ ਸੱਤਾ 'ਤੇ ਕਬਜ਼ਾ ਕੀਤਾ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ।ਪੰਜਾਹ ਸਾਲ ਤੋ ਵੱਧ ਸਮਾਂ ਪੰਜਾਬ ਦੀ ਸਿਆਸਤ ਨੂੰ ਆਪਣੇ ਤਰੀਕੇ ਨਾਲ ਚਲਾ ਕੇ ਪੰਜ ਵਾਰ ਮੁੱਖ ਮੰਤਰੀ ਬਣਨ ਵਾਲੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਆਪਣੇ ਜੀਵਨ ਦੇ ਅੰਤਲੇ ਸਮੇਂ ਵਿੱਚ ਬੁਰੀ ਤਰ੍ਹਾਂ ਮਾਤ ਖਾ ਗਏ। ਇਨ੍ਹਾਂ ਚੋਣਾਂ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ, ਅਕਾਲੀ ਦਲ ਦੇ ਪ੍ਰਧਾਨ ਤੋਂ ਇਲਾਵਾ ਚਾਰ ਸਾਬਕਾ ਮੁੱਖ ਮੰਤਰੀ ਸਮੇਤ ਵੱਡੇ ਵੱਡੇ ਸਿਆਸਤ ਦੇ ਥੰਮ੍ਹ ਸਮਝੇ ਜਾਂਦੇ ਆਗੂ ਬੁਰੀ ਤਰ੍ਹਾਂ ਹਾਰ ਗਏ। ਪੰਜਾਬ ਵਿਧਾਨ ਸਭਾ ਦੇ 75 ਸਾਲਾਂ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਦੇਖਿਆ ਗਿਆ ਕਿ ਕਿਸੇ ਸਰਕਾਰ ਤੋ ਲੋਕਾਂ ਦਾ ਮੋਹ ਕੁੱਝ ਮਹੀਨਿਆਂ ਵਿੱਚ ਹੀ ਭੰਗ ਹੋ ਗਿਆ ਹੋਵੇ।ਜਿੱਥੇ ਵਿਰੋਧੀ ਧਿਰਾਂ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਦੀਆਂ ਨਜ਼ਰ ਆਈਆਂ ਉੱਥੇ ਕੁਝ ਮਹੀਨੇ ਬਾਅਦ ਹੀ ਸੂਬੇ ਵਿਚ ਹੋਈ ਸੰਗਰੂਰ ਲੋਕ ਸਭਾ ਉਪ ਚੋਣ ਵਿਚ ਸੱਤਾਧਾਰੀ ਪਾਰਟੀ ਦੀ ਕਰਾਰੀ ਹਾਰ ਸਰਕਾਰ ਲਈ ਨਮੋਸ਼ੀ ਦਾ ਕਾਰਨ ਵੀ ਬਣ ਗਈ ।ਵਿਰੋਧੀ ਧਿਰਾਂ ਸਰਕਾਰ ਨੂੰ ਨਸ਼ਿਆਂ, ਗੈਂਗਸਟਰ, ਮੁਲਾਜ਼ਮ, ਰੇਤ ਬਜਰੀ ਅਤੇ ਕਿਸਾਨ ਮਸਲੇ ਸਮੇਤ ਹੋਰ ਮੁੱਦਿਆਂ 'ਤੇ ਘੇਰਦੀ ਰਹੀ। ਉੱਧਰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਸਰਕਾਰ ਬਣਨ 'ਤੇ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਹਰ ਮਹੀਨੇ ਇਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਸੀ ।ਸੱਤਾ ਵਿਚ ਆਉਣ ਮਗਰੋਂ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਜੇ ਤੱਕ ਇਸ ਵਾਅਦੇ ਨੂੰ ਪੂਰਾ ਨਾ ਕਰ ਸਕੀ। ਪੰਜਾਬ ਪ੍ਰਸ਼ਾਸਨ ਵਿਚ ਦਿੱਲੀ ਦਾ ਸਿੱਧਾ ਦਖ਼ਲ ਬੀਤੇ ਸਾਲ ਤੇ ਹੁਣ ਵੀ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦਿੱਲੀ ਤੋਂ ਆਏ ਕੁਝ ਕਥਿਤ ਮਾਹਿਰ ਪੰਜਾਬ ਪ੍ਰਸ਼ਾਸਨ ਨੂੰ ਦਿਸ਼ਾ ਦੇਣ ਅਤੇ ਨੀਤੀਘਾੜੇ ਬਣੇ ਹੋਏ ਹਨ। ਇਹ ਕਥਿਤ ਮਾਹਿਰ ਰਾਜ ਦੇ ਮੁੱਖ ਸਕੱਤਰ, ਮੰਤਰੀਆਂ ਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗਾਂ ਵਿਚ ਬੈਠਦੇ ਤੇ ਵਿਚਾਰ ਵਟਾਂਦਰਿਆਂ ਵਿਚ ਸ਼ਾਮਿਲ ਹੁੰਦੇ ਹਨ। ਚਰਚਾ ਇਹ ਵੀ ਹੈ ਕਿ ਕਈ ਵਾਰ ਉਹ ਸਰਕਾਰੀ ਫਾਈਲਾਂ ਵੀ ਖੰਘਾਲਦੇ ਹਨ ਜੋ ਕਿ 'ਆਫੀਸ਼ਲ ਸੀਕ੍ਰੇਟ ਐਕਟ' ਦੀ ਉਲੰਘਣਾ ਹੈ। ਇਹ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਵਾਪਰ ਰਿਹਾ ਹੈ। ਪੰਜਾਬ ਸਿਵਲ ਸਕੱਤਰੇਤ ਦੀ ਅੱਠਵੀਂ ਮੰਜ਼ਿਲ 'ਤੇ ਕਮਰਾ ਤੇ ਸਹਾਇਕ ਸਟਾਫ਼ ਵੀ ਅਲਾਟ ਹੈ ਪਰ ਇਸ ਸੰਬੰਧੀ ਕੋਈ ਰਿਕਾਰਡ ਨਹੀਂ। ਮੁੱਖ ਮੰਤਰੀ ਪੰਜਾਬ ਦੇ ਨਾਂ ਜੋ ਪੰਜਾਬ 'ਚ ਕੋਠੀਆਂ ਅਲਾਟ ਹਨ ਉਨ੍ਹਾਂ ਵਿਚੋਂ ਦੋ ਉਨ੍ਹਾਂ ਦੀ ਆਪਣੀ ਤੇ ਉਨ੍ਹਾਂ ਦੇ ਸਟਾਫ਼ ਦੀ ਵਰਤੋਂ ਵਿਚ ਹਨ ਜਦੋਂ ਕਿ ਦੂਜੀਆਂ ਤਿੰਨ ਸਰਕਾਰੀ ਕੋਠੀਆਂ ਦਿੱਲੀ ਤੋਂ ਆਏ ਸਲਾਹਕਾਰਾਂ ਤੇ ਮਾਹਿਰਾਂ ਦੇ ਕਬਜ਼ੇ ਵਿਚ ਹਨ ਜੋ ਕਿਸੇ ਖ਼ੁਫ਼ੀਆ ਤੰਤਰ ਵਾਂਗ ਪਰਦੇ ਪਿੱਛੇ ਰਹਿੰਦਿਆਂ ਕੰਮ ਕਰ ਰਹੇ ਹਨ। 'ਆਪ' ਸਰਕਾਰ ਵੱਲੋਂ ਸੱਤਾ ਵਿਚ ਆਉਣ ਤੋਂ ਬਾਅਦ ਲੋਕ ਸੰਪਰਕ ਵਿਭਾਗ ਵਿਚ ਬੰਦ ਪਏ ਇਕ ਨਿਗਮ ਰਾਹੀਂ ਦਿੱਲੀ ਤੋਂ ਲਿਆਂਦੇ ਗਏ ਕੋਈ 90 ਅਧਿਕਾਰੀਆਂ ਨੂੰ ਵੱਡੀਆਂ ਤਨਖ਼ਾਹਾਂ 'ਤੇ ਨਿਯੁਕਤੀਆਂ ਦਿੱਤੀਆਂ ਗਈਆਂ। ਜਿਸ ਤੋਂ ਸਪਸ਼ਟ ਹੈ ਕਿ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚੋਂ ਕੋਈ ਮਾਹਿਰ ਜਾਂ ਪ੍ਰਸ਼ਾਸਨ ਨੂੰ ਨਵੀਂ ਸੇਧ ਦੇਣ ਵਾਲਾ ਅਕਲਮੰਦ ਨਜ਼ਰ ਨਹੀਂ ਆ ਰਿਹਾ। ਪੰਜਾਬ ਦੀ ਅਫ਼ਸਰਸ਼ਾਹੀ ਤਾਂ ਕੇਵਲ ਮੁਨੀਮਾਂ ਤੱਕ ਸਿਮਟ ਕੇ ਰਹਿ ਗਈ ਹੈ। ਇੱਥੋਂ ਤੱਕ ਕਿ ਸੂਬੇ ਦਾ ਆਉਂਦੇ ਸਾਲ ਲਈ ਬਜਟ ਬਣਾਉਣ ਲਈ ਵੀ ਦਿੱਲੀ ਦੇ ਮਾਹਿਰਾਂ ਦੀ ਅਹਿਮ ਭੂਮਿਕਾ ਸਮਝੀ ਜਾ ਰਹੀ ਹੈ ਪਰ ਦਿੱਲੀ ਦਾ ਪੰਜਾਬ ਪ੍ਰਸ਼ਾਸਨ ਵਿਚਲਾ ਦਖ਼ਲ ਪੰਜਾਬੀ ਕਦੋਂ ਤੱਕ ਪਸੰਦ ਕਰਨਗੇ ਇਹ ਵੇਖਣ ਵਾਲੀ ਗੱਲ ਹੋਵੇਗੀ।

ਕੁੱਲ ਮਿਲਾ ਕੇ ਇਹ ਸਾਲ ਮੌਜੂਦਾ ਸਰਕਾਰ ਲਈ ਚੁਣੌਤੀਪੂਰਨ ਰਿਹਾ ਅਤੇ ਹੁਣ ਦੇਖਣ ਵਾਲੀ ਗੱਲ ਹੋਵੇਗੀ ਕਿ ਹੋਰਨਾਂ ਚੁਣੌਤੀਆਂ ਦੇ ਨਾਲ-ਨਾਲ ਸਰਕਾਰ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਲੋਕਾਂ ਨਾਲ ਕੀਤੇ ਵਾਅਦੇ ਅਗਲੇ ਸਾਲ ਵਿਚ ਕਿਵੇਂ ਪੂਰੇ ਕਰ ਪਾਏਗੀ। ਪੰਜਾਬ ਵਿਚ ਸੱਤਾ ਤਬਦੀਲੀ ਤੋਂ ਮਹਿਜ ਤਿੰਨ ਮਹੀਨੇ ਬਾਅਦ ਦੋ ਦਹਾਕਿਆਂ ਤੋ ਪੰਥਕ ਰਾਜਨੀਤੀ ਵਿਚ ਹਾਸ਼ੀਏ 'ਤੇ ਚੱਲ ਰਹੇ ਪੰਥਕ ਆਗੂ ਸਿਮਰਨਜੀਤ ਸਿੰਘ ਮਾਨ ਸੰਗਰੂਰ ਜਿਮਨੀ ਚੋਣ ਵਿੱਚ ਸੱਤਾਧਾਰੀ ਧਿਰ ਦੇ ਉਮੀਦਵਾਰ ਨੂੰ ਹਰਾ ਕੇ ਲੋਕ ਸਭਾ ਮੈਂਬਰ ਬਣ ਗਏ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਅਤੇ ਬਾਦਲ ਪਰਿਵਾਰ ਦੀ ਸਭ ਤੋਂ ਨਜ਼ਦੀਕੀ ਜਾਣੀ ਜਾਣ ਵਾਲੀ ਬੀਬੀ ਜਗੀਰ ਕੌਰ ਨੇ ਮੁੜ ਪ੍ਰਧਾਨਗੀ ਹਾਸਲ ਕਰਨ ਲਈ ਬਗ਼ਾਵਤ ਕੀਤੀ। ਉਹ ਚੋਣ ਭਾਵੇਂ ਨਹੀਂ ਜਿੱਤ ਸਕੇ ਪਰ ਲਿਫ਼ਾਫ਼ੇ ਵਿਚੋਂ ਪ੍ਰਧਾਨ ਕੱਢੇ ਜਾਣ ਦੀ ਰਵਾਇਤ ਨੂੰ ਤੋੜਨ ਵਿੱਚ ਸਫਲ ਹੋਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਪਹਿਲੀ ਵਾਰ ਸਾਲਾਨਾ ਚੋਣ ਹੋਈ। ਇਹ ਸਾਲ ਸਿੱਖ ਕੌਮ, ਖ਼ਾਸ ਕਰ ਸੁਹਿਰਦ ਸਿੱਖ ਨੌਜਵਾਨੀ ਲਈ ਬੇਹੱਦ ਦੁਖਦਾਇਕ ਵੀ ਰਿਹਾ ਹੈ, ਕਿਉਂਕਿ ਇਸ ਸਾਲ ਹੀ ਪੰਜਾਬ ਦੇ ਹਰਮਨ ਪਿਆਰੇ ਕਲਾਕਾਰ ਅਤੇ ਕੌਮੀ ਹੋਂਦ ਨੂੰ ਜਿਉਂਦਾ ਰੱਖਣ ਦੇ ਮੁਦੱਈ ਦੀਪ ਸਿੱਧੂ ਦੀ 15 ਫਰਵਰੀ ਨੂੰ ਦਿੱਲੀ ਵਿਚ ਸੜਕੀ ਦੁਰਘਟਨਾ ਵਿਚ ਰਹੱਸਮਈ ਮੌਤ ਹੋਈ, ਜਿਸ ਨੂੰ ਮੌਤ ਉਪਰੰਤ ਸਿੱਖ ਕੌਮ ਵੱਲੋਂ ਕੌਮੀ ਯੋਧੇ ਦਾ ਖ਼ਿਤਾਬ ਦੇ ਕੇ ਨਿਵਾਜਿਆ ਗਿਆ। ਇਸ ਤੋਂ ਅਗਲੇ ਮਹੀਨੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦੀ 14 ਮਾਰਚ ਨੂੰ ਕਬੱਡੀ ਗਰਾਊਂਡ ਵਿੱਚ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਤੀਜੀ ਬੇਹੱਦ ਦੁਖਦਾਈ ਘਟਨਾ ਇਹ ਵਾਪਰੀ ਕਿ ਦੁਨੀਆ ਭਰ ਵਿੱਚ ਸਭ ਤੋ ਵੱਧ ਸੁਣੇ ਜਾਣ ਵਾਲੇ ਅਤੇ ਪੰਜਾਬ ਦੀ ਗ਼ੈਰਤ ਦੇ ਪ੍ਰਤੀਕ ਹੋ ਨਿੱਬੜੇ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇ ਵਾਲੇ ਦਾ 29 ਮਈ ਨੂੰ ਉਨ੍ਹਾਂ ਦੇ ਜੱਦੀ ਪਿੰਡ ਮੂਸੇ ਦੇ ਨਜ਼ਦੀਕੀ ਇੱਕ ਪਿੰਡ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਕਤਲ ਨਾਲ ਆਪ ਸਰਕਾਰ ਦੇ ਅਕਸ ਨੂੰ ਵੀ ਵੱਡੀ ਢਾਹ ਲੱਗੀ ਸੀ, ਕਿਉਂਕਿ ਸਿੱਧੂ ਮੂਸੇਵਾਲੇ ਦੇ ਅੰਗ ਰੱਖਿਅਕ ਵਾਪਸ ਲੈਣ ਦੀ ਖ਼ਬਰ ਖ਼ੁਦ ਸਰਕਾਰ ਨੇ ਹੀ ਨਸ਼ਰ ਕਰ ਦਿੱਤੀ, ਜਿਸ ਤੋਂ ਦੂਜੇ ਦਿਨ ਹੀ ਸਿੱਧੂ ਦਾ ਕਤਲ ਹੋ ਗਿਆ। ਸੰਦੀਪ ਸਿੰਘ ਦੀਪ ਸਿੱਧੂ ਅਤੇ ਸ਼ੁਭਦੀਪ ਸਿੰਘ ਸਿੱਧੂ ਮੂਸੇ ਵਾਲੇ ਦੇ ਕਤਲ ਦੀ ਜਾਂਚ ਕਰਵਾਉਣ ਦੀ ਮੰਗ ਵੀ ਵੱਡੇ ਪੱਧਰ ਤੇ ਉੱਠਦੀ ਰਹੀ, ਪਰ ਪੰਜਾਬ ਅਤੇ ਕੇਂਦਰ ਸਰਕਾਰ ਦੋਵਾਂ ਨੇ ਹੀ ਲੋਕ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕੀਤਾ। ਇਸੇ ਸਾਲ 4 ਨਵੰਬਰ ਨੂੰ ਸ਼ਿਵ ਸੈਨਾ ਟਕਸਾਲੀ ਦੇ ਪ੍ਰਧਾਨ ਸੁਧੀਰ ਸੂਰੀ ਦੀ ਸ੍ਰੀ ਅੰਮ੍ਰਿਤਸਰ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਜਿਸ ਦੇ ਕਤਲ ਦਾ ਕਾਰਨ ਉਸ ਦੀਆਂ ਫ਼ਿਰਕੂ ਤਕਰੀਰਾਂ ਤੇ ਗੁੰਡਾਗਰਦੀ ਨੂੰ ਮੰਨਿਆ ਗਿਆ। ਮਰਹੂਮ ਦੀਪ ਸਿੱਧੂ ਦੀ ਮੌਤ ਤੋਂ ਬਾਅਦ ਪੰਜਾਬ ਦੀ ਸਿੱਖ ਜੁਆਨੀ ਦਾ ਦੀਪ ਸਿੱਧੂ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਵੱਲ ਝੁਕਾਅ ਹੋਰ ਵੀ ਵਧ ਗਿਆ।ਇਸ ਤੋਂ ਬਾਅਦ ਦੁਬਈ ਰਹਿੰਦੇ ਭਾਈ ਅੰਮ੍ਰਿਤਪਾਲ ਸਿੰਘ ਜਥੇਬੰਦੀ ਦੇ ਮੁਖੀ ਬਣ ਗਏ, ਜਿਹੜੇ ਸਾਲ 2022 ਦੇ ਬਹੁ-ਚਰਚਿਤ ਸਿੱਖ ਨੌਜਵਾਨ ਵਜੋਂ ਉੱਭਰ ਕੇ ਸਾਹਮਣੇ ਆਏ। ਬੀਤਿਆ ਸਾਲ ਹੋਰਨਾਂ ਪੰਥਕ ਮਾਮਲਿਆਂ ਸਮੇਤ 'ਬੰਦੀ ਸਿੰਘਾਂ ਦੀ ਰਿਹਾਈ', ਵੱਖਰੀ 'ਹਰਿਆਣਾ ਸਿੱਖ ਗੁਰਦੁਆਰਾ ਕਮੇਟੀ' ਤੇ 'ਧਰਮ ਪਰਿਵਰਤਨ' ਮੁੱਦੇ ਚਰਚਾ ਵਿਚ ਰਹੇ ।ਇਸ ਤੋਂ ਇਲਾਵਾ 26 ਦਸੰਬਰ ਨੂੰ ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਪਹਿਲਕਦਮੀ ਨਾਲ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ ਸਿਜਦਾ ਕਰਨ ਲਈ ਦੇਸ਼ ਵਿਚ ਮਨਾਇਆ 'ਵੀਰ ਬਾਲ ਦਿਵਸ' ਭਾਵੇਂ ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਵੱਲੋਂ ਇਸ ਦਾ ਨਾਂ ਬਦਲਣ ਦੀ ਮੰਗ ਨੂੰ ਕੇ ਕਰੜਾ ਵਿਰੋਧ ਕੀਤਾ। ਸੁਪਰੀਮ ਕੋਰਟ ਵੱਲੋਂ ਦਿੱਤੇ ਫ਼ੈਸਲੇ ਤੋਂ ਬਾਅਦ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਗਠਨ ਦਾ ਮਾਮਲਾ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੇ ਸਿੱਖ ਪੰਥ ਵਿਚ ਕਾਫੀ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ।ਬੰਦੀ ਸਿੰਘਾਂ ਦੀ ਰਿਹਾਈ ਦਾ ਵੀ ਮੁੱਦਾ ਚਰਚਾ ਵਿਚ ਰਿਹਾ ਹੈ ਤੇ ਇਸ ਸੰਬੰਧੀ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਆਦੇਸ਼ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ 11 ਮੈਂਬਰੀ ਕਮੇਟੀ ਦਾ ਗਠਨ ਕਰਕੇ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਸਮਾਂ ਮੰਗਿਆ ਜਾਂਦਾ ਰਿਹਾ ਤੇ ਸਮਾਂ ਨਾ ਮਿਲਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਆਖਿਰ 1 ਦਸੰਬਰ ਤੋਂ ਦਸਤਖ਼ਤੀ ਮੁਹਿੰਮ ਵੀ ਅਰੰਭੀ ਹੋਈ ਹੈ। ਇਸ ਵਰ੍ਹੇ ਪੰਜਾਬ ਦੇ ਸਰਹੱਦੀ ਖੇਤਰਾਂ ਵਿਚ ਨਕਲੀ ਈਸਾਈ ਪਾਸਟਰਾਂ ਵੱਲੋਂ ਸਿੱਖਾਂ ਦਾ ਧਰਮ ਪਰਿਵਰਤਨ ਸੰਬੰਧੀ ਵੀ ਮੁੱਦਾ ਕਾਫੀ ਚਰਚਾ ਵਿਚ ਰਿਹਾ। ਅਮਰੀਕੀ ਸਿੱਖ ਥਮਿੰਦਰ ਸਿੰਘ ਅਨੰਦ ਨੂੰ ਬਿਨਾਂ ਅਗਿਆ ਪਾਵਨ ਸਰੂਪ ਵਿਦੇਸ਼ਾਂ ਤੋਂ ਛਪਵਾਉਣ ਅਤੇ ਗੁਰਬਾਣੀ ਦੀਆਂ (**ਬਾਕੀ ਸਫ਼ਾ 31 'ਤੇ**)

# ਭਾਜਪਾ ਦੀ ਕੇਂਦਰ ਸਰਕਾਰ ਪੂਰੀ ਤਰ੍ਹਾਂ ਕਾਰਪੋਰੇਟਾਂ ਦੀ ਸਰਕਾਰ ਬਣੀ

## ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕਸ ਰਿਫਾਰਮਸ ਦੀ ਰਿਪੋਰਟ ਮੁਤਾਬਕ 2021-22 ਵਿੱਚ ਕਾਰਪੋਰੇਟਾਂ ਨੇ ਸਿਆਸੀ ਪਾਰਟੀਆਂ ਨੂੰ 487.06 ਕਰੋੜ ਰੁਪਏ ਦਿੱਤੇ

**ਰਜਿੰਦਰ ਸਿੰਘ ਪੁਰੇਵਾਲ**

### ਸਭ ਤੋਂ ਵੱਧ ਚੰਦਾ ਭਾਜਪਾ ਨੂੰ 351.50 ਕਰੋੜ ਰੁਪਏ ਮਿਲਿਆ, ਤੇਲੰਗਾਨਾ ਰਾਸ਼ਟਰ ਸਮਿਤੀ ਨੂੰ 40 ਕਰੋੜ ਰੁਪਏ, ਸਮਾਜਵਾਦੀ ਪਾਰਟੀ ਨੂੰ 27 ਕਰੋੜ ਰੁਪਏ, ਆਪ ਪਾਰਟੀ ਨੂੰ 21.12 ਕਰੋੜ ਰੁਪਏ, ਕਾਂਗਰਸ ਪਾਰਟੀ ਨੂੰ 18.44 ਕਰੋੜ ਰੁਪਏ, ਅਕਾਲੀ ਦਲ ਨੂੰ 7 ਕਰੋੜ ਰੁਪਏ ਮਿਲੇ

ਭਾਰਤ ਨੂੰ ਕਾਰਪੋਰੇਟ ਦਾ ਵਿਕਾਸ ਕਰਨ ਦੀ ਥਾਂ ਪੂੰਜੀਵਾਦੀ ਸਿਸਟਮ ਦੇ ਵਿਕਾਸ ਵਲ ਵਧਣਾ ਚਾਹੀਦਾ ਹੈ। ਜੇਕਰ ਪੂੰਜੀਪਤੀਆਂ ਦੀ ਗਿਣਤੀ ਵਧ ਹੋਵੇਗੀ ਤਾਂ ਭਾਰਤ ਵਿਚ ਬੇਰੁਜ਼ਗਾਰੀ, ਗਰੀਬੀ, ਭੁੱਖਮਰੀ ਨੂੰ ਠੱਲ੍ਹ ਪਵੇਗੀ। ਕਹਿਣ ਤੋਂ ਭਾਵ ਕਾਰਪੋਰੇਟ ਉਪਰ ਸਰਕਾਰ ਦਾ ਕੰਟਰੋਲ ਹੋਣਾ ਚਾਹੀਦਾ ਹੈ ਨਾ ਕਿ ਕਾਰਪੋਰੇਟ ਦਾ ਸਰਕਾਰ ਉਪਰ। ਕਾਰਪੋਰੇਟ ਦੇ ਵਿਕਾਸ ਦੀ ਜੜ੍ਹ ਭਾਰਤੀ ਇਲੈਕਸ਼ਨ ਸਿਸਟਮ ਹੈ।ਇਸ ਵਿਚ ਕਾਰਪੋਰੇਟਾਂ ਦੇ ਫੰਡ, ਅਵਾਰਾ ਪੂੰਜੀ ਨੂੰ ਨੱਥ ਪੈਣੀ ਚਾਹੀਦੀ ਹੈ।ਪਰ ਕਾਰਪੋਰੇਟ ਦੀ ਅਵਾਰਾ ਪੂੰਜੀ ਕਾਰਨ ਭਾਰਤ ਦੀਆਂ ਸਤਾਧਾਰੀ ਪਾਰਟੀਆਂ, ਰਾਜਨੀਤਕ ਪਾਰਟੀਆਂ ਵਿਕਸਿਤ ਹੋ ਰਹੀਆਂ ਹਨ। ਭਾਜਪਾ ਦੀ ਕੇਂਦਰ ਸਰਕਾਰ ਪੂਰੀ ਤਰ੍ਹਾਂ ਕਾਰਪੋਰੇਟਾਂ ਦੀ ਸਰਕਾਰ ਬਣ ਰਹੀ ਹੈ। ਕਾਰਪੋਰੇਟ ਭਾਜਪਾ ਨੂੰ ਦਿਲ ਖੋਲ੍ਹ ਕੇ ਚੋਣ ਚੰਦਾ ਦੇਣ ਬਦਲੇ ਸਰਕਾਰ ਨੂੰ ਆਪਣੀ ਇਛਾ ਤਹਿਤ ਵਰਤਦੇ ਹਨ, ਜਿਸ ਕਾਰਨ ਲੋਕ ਹਿਤ ਮਨਫੀ ਹੋ ਜਾਂਦੇ ਹਨ।

ਹੁਣੇ ਜਿਹੇ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕਸ ਰਿਫਾਰਮਸ ਦੀ ਰਿਪੋਰਟ ਮੁਤਾਬਕ 2021-22 ਵਿੱਚ ਕਾਰਪੋਰੇਟਾਂ ਤੇ ਹੋਰ ਧਨ ਕੁਬੇਰਾਂ ਵੱਲੋਂ ਚੋਣ ਟਰੱਸਟ ਰਾਹੀਂ ਵੱਖ-ਵੱਖ ਸਿਆਸੀ ਪਾਰਟੀਆਂ ਨੂੰ 487.06 ਕਰੋੜ ਰੁਪਏ ਦਿੱਤੇ ਗਏ ਸਨ। ਇਨ੍ਹਾਂ ਵਿੱਚ ਸਭ ਤੋਂ ਵੱਧ ਭਾਜਪਾ ਨੂੰ 351.50 ਕਰੋੜ ਰੁਪਏ ਦਿੱਤੇ ਗਏ, ਜੋ ਕੁੱਲ ਚੰਦੇ ਦਾ 72.17 ਫ਼ੀਸਦੀ ਬਣਦਾ ਹੈ। ਉਸ ਤੋਂ ਬਾਅਦ ਤੇਲੰਗਾਨਾ ਰਾਸ਼ਟਰ ਸਮਿਤੀ ਨੂੰ 40 ਕਰੋੜ ਰੁਪਏ, ਸਮਾਜਵਾਦੀ ਪਾਰਟੀ ਨੂੰ 27 ਕਰੋੜ ਰੁਪਏ, ਆਮ ਆਦਮੀ ਪਾਰਟੀ ਨੂੰ 21.12 ਕਰੋੜ ਰੁਪਏ, ਵਾਈ ਐੱਸ ਆਰ ਕਾਂਗਰਸ ਨੂੰ 20 ਕਰੋੜ ਰੁਪਏ ਤੇ ਕਾਂਗਰਸ ਪਾਰਟੀ ਨੂੰ 18.44 ਕਰੋੜ ਰੁਪਏ ਮਿਲੇ ਸਨ। ਇਸ ਤੋਂ ਬਿਨਾਂ ਅਕਾਲੀ ਦਲ ਨੂੰ 7 ਕਰੋੜ ਰੁਪਏ, ਪੰਜਾਬ ਲੋਕ ਕਾਂਗਰਸ ਪਾਰਟੀ ਨੂੰ ਇੱਕ ਕਰੋੜ ਰੁਪਏ, ਗੋਆ ਫਾਰਵਰਡ ਪਾਰਟੀ ਨੂੰ 50 ਲੱਖ ਤੇ ਡੀ ਐੱਮ ਕੇ ਨੂੰ 50 ਲੱਖ ਚੰਦਾ ਮਿਲਿਆ ਸੀ।ਇਸ ਰਿਪੋਰਟ ਮੁਤਾਬਕ 475.80 ਕਰੋੜ ਦਾ ਚੰਦਾ 89 ਕਾਰਪੋਰੇਟਾਂ ਜਾਂ ਕਾਰੋਬਾਰੀ ਘਰਾਣਿਆਂ ਵੱਲੋਂ ਦਿੱਤਾ ਗਿਆ ਹੈ।



ਕਾਰਪੋਰੇਟ ਦੇ ਚੰਦੇ ਕਾਰਨ ਰਾਜਨੀਤਕ ਪਾਰਟੀਆਂ ਭ੍ਰਿਸ਼ਟ ਹੋ ਰਹੀਆਂ ਹਨ ਤੇ ਲੋਕ ਹਿਤ ਤਿਆਗਕੇ ਕਾਰਪੋਰੇਟ ਪੱਖੀ ਹੋ ਰਹੀਆਂ ਹਨ।ਜਦ ਕਿ ਜਨਤਾ ਦੇ ਚੰਦੇ ਨਾਲ ਇਲੈਕਸ਼ਨ ਲੜੀ ਜਾਣੀ ਚਾਹੀਦੀ ਹੈ ਤਾਂ ਜੋ ਸਰਕਾਰ ਜਨਤਾ ਨੂੰ ਜੁਆਬਦੇਹ ਹੋਵੇ ਤੇ ਕਾਰਪੋਰੇਟ ਸਰਕਾਰ ਤੇ ਜਨਤਾ, ਕਿਰਤੀਆਂ ਦਾ ਸ਼ੋਸ਼ਣ ਨਾ ਕਰ ਸਕੇ। ਭਾਰਤੀ ਇਲੈਕਸ਼ਨ ਪ੍ਰਬੰਧ ਬਹੁਤ ਸਸਤਾ ਬਣਾਇਆ ਜਾਣਾ ਚਾਹੀਦਾ ਹੈ, ਵੱਡੀਆਂ ਰੈਲੀਆਂ ਉਪਰ ਰੋਕ ਲੱਗਣੀ ਚਾਹੀਦੀ ਹੈ।ਇਸ ਨਾਲ ਹੀ ਕਾਰਪੋਰੇਟ ਦੀਆਂ ਸ਼ੋਸ਼ਣਕਾਰੀ ਨੀਤੀਆਂ ਨੂੰ ਨੱਥ ਪੈ ਸਕਦੀ ਹੈ। ਪਿਛਲੀ ਮੰਦੀ ਦੌਰਾਨ ਭਾਰਤ ਦੇ ਬਚੇ ਹੋਣ ਦਾ ਕਾਰਨ ਅਰਬਪਤੀਆਂ ਦੀ ਦੌਲਤ ਗਿਣਤੀ ਵਿਚ ਕਮੀ ਸੀ। ਪੂੰਜੀ ਦਾ ਵਿਕਾਸ ਤੇ ਸਰਕਲ ਪੂਰੀ ਜਨਤਾ ਵਿਚ ਘੁੰਮ ਰਿਹਾ ਸੀ। ਭਾਰਤ ਉਦੋਂ, ਗਰੀਬਾਂ, ਕਿਰਤੀਆਂ, ਛੋਟੇ ਦੁਕਾਨਦਾਰਾਂ ਤੇ ਛੋਟੇ ਉਦਯੋਗਪਤੀਆਂ ਦੇ ਪੂੰਜੀ ਵਿਕਾਸ ਕਾਰਨ ਬਚਿਆ। ਪਰ ਕਾਰਪੋਰੇਟ ਭਾਰਤ ਨੂੰ ਬਚਾਉਣ ਵਾਲੇ ਕਿਰਤੀਆਂ ਨੂੰ ਕੰਟਰੋਲ ਕਰਨਾ ਚਾਹੁੰਦਾ ਹੈ। ਇਸੇ ਕੰਟਰੋਲ ਨੀਤੀ ਕਾਰਨ ਅਮਰੀਕਾ ਵਿਚ ਭਾਰੀ ਮੰਦੀ ਆਈ ਸੀ ਤੇ ਬੈਂਕ ਫੇਲ੍ਹ ਹੋਏ ਸਨ।ਜੇਕਰ ਕੁਝ ਕਾਰਪੋਰੇਟਾਂ ਦੇ ਹੱਥ ਵਿਚ ਪੂੰਜੀ ਹੋਵੇਗੀ ਯਕੀਨੀ ਹੈ ਮੰਦੀ, ਬੇਰੁਜਗਾਰੀ ਫੈਲੇਗੀ। ਲਘੂ ਉਦਯੋਗ, ਸਵੈ- ਰੁਜਗਾਰ ਤਬਾਹ ਹੋਵੇਗਾ।

ਹੁਣੇ ਜਿਹੇ ਖਬਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿ ਭਾਰਤ ਦੁਨੀਆ ਭਰ ਦੇ ਅਰਬਪਤੀਆਂ ਲਈ ਨਿਵੇਸ਼ ਦਾ ਸਭ ਤੋਂ ਪਸੰਦੀਦਾ ਸਥਾਨ ਬਣ ਰਿਹਾ ਹੈ। ਇਹ ਗੱਲ ਯੂਬੀਐਸ ਬਿਲੀਨੇਅਰ ਐਮਬਿਸ਼ਨ ਰਿਪੋਰਟ 2022 ਵਿੱਚ ਸਾਹਮਣੇ ਆਈ ਹੈ। ਇਹ ਰਿਪੋਰਟ 75 ਦੇਸ਼ਾਂ ਦੇ 2,500 ਤੋਂ ਵੱਧ ਅਰਬਪਤੀਆਂ ਦੇ ਇੰਟਰਵਿਊ ਅਤੇ ਸਰਵੇਖਣਾਂ 'ਤੇ ਆਧਾਰਿਤ ਹੈ। ਇਸ ਸਰਵੇਖਣ ਵਿੱਚ ਸ਼ਾਮਲ ਅਰਬਪਤੀਆਂ ਵਿੱਚੋਂ 58% ਨੇ ਨਿਵੇਸ਼ ਲਈ ਭਾਰਤ ਨੂੰ ਚੁਣਿਆ ਹੈ, ਜਦੋਂ ਕਿ 42% ਚੀਨ ਨੂੰ ਇੱਕ ਬਿਹਤਰ ਬਦਲ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਅਗਲੇ 5 ਸਾਲਾਂ ਵਿੱਚ ਏਸ਼ੀਆ ਵਿੱਚ ਨਿਵੇਸ਼ ਦੀ ਅਥਾਹ ਸੰਭਾਵਨਾ ਹੈ ਅਤੇ ਊਰਜਾ ਖੇਤਰ ਇਸ ਵਿੱਚ ਸਭ ਤੋਂ ਵਧੀਆ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੰਮਕਾਜੀ ਨੌਜਵਾਨਾਂ ਦੀ ਆਬਾਦੀ ਦੇ ਆਧਾਰ 'ਤੇ ਆਰਥਿਕ ਵਿਕਾਸ ਦਰ 'ਚ ਭਾਰਤ ਨੇ ਚੀਨ ਨੂੰ ਪਛਾੜ ਦਿੱਤਾ ਹੈ। ਦੁਨੀਆ ਭਰ ਦੇ ਅਰਬਪਤੀ ਇਸ ਮਜ਼ਬੂਤ ਆਰਥਿਕ ਵਿਕਾਸ ਦਰ ਕਾਰਨ ਭਾਰਤ ਵਿੱਚ ਨਿਵੇਸ਼ ਕਰਨਾ (ਬਾਕੀ ਸਫ਼ਾ 30 'ਤੇ)

# ਰਾਹੁਲ ਦੀ 'ਭਾਰਤ ਜੋੜੋ ਯਾਤਰਾ' ਪੰਜਾਬ ਦੇ ਕਾਂਗਰਸੀਆਂ ਲਈ ਬੋਝ ਬਣੀ

## ➢ ਪੰਜਾਬ ਦੇ ਕਾਂਗਰਸੀ ਆਰਥਿਕ ਸਾਧਨ ਜੁਟਾਉਣ ਤੋਂ ਪਰਹੇਜ਼ ਕਰਨ ਲੱਗੇ ➢ ਰਾਹੁਲ 11 ਜਨਵਰੀ ਨੂੰ ਸ੍ਰੀ ਫ਼ਤਹਿਗੜ੍ਹ ਸਾਹਿਬ ਪੁੱਜਣਗੇ

### ਭਾਰਤ ਜੋੜੋ ਯਾਤਰਾ ਤੋਂ ਪਹਿਲਾਂ ਵਿਜੀਲੈਂਸ ਕਸ ਸਕਦੀ ਹੈ ਚੰਨੀ ਉਪਰ ਸ਼ਿਕੰਜਾ




ਚੰਡੀਗੜ੍ਹ/ਏ.ਟੀ.ਨਿਊਜ਼ :- ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਸੂਬੇ ਦੇ ਕਾਂਗਰਸੀਆਂ ਨੂੰ ਬੋਝ ਬਣਦੀ ਨਜ਼ਰ ਆ ਰਹੀ ਹੈ, ਕਿਉਂਕਿ ਪਾਰਟੀ ਵਲੋਂ ਸਾਬਕਾ ਮੰਤਰੀਆਂ, ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੇ ਰਹੇ 117 ਉਮੀਦਵਾਰਾਂ, ਸੰਸਦ ਮੈਂਬਰਾਂ ਤੇ ਹੋਰ ਦੂਜੇ ਸੀਨੀਅਰ ਆਗੂਆਂ ਨੂੰ ਇਸ ਮੌਕੇ ਹੋਣ ਵਾਲੇ ਸਮਾਗਮਾਂ ਲਈ ਫੰਡ ਇਕੱਠੇ ਕਰਨ ਲਈ ਕੋਟੇ ਲਗਾ ਦਿੱਤੇ ਗਏ ਹਨ। ਪ੍ਰਦੇਸ਼ ਕਾਂਗਰਸ ਵਲੋਂ ਲਏ ਫ਼ੈਸਲੇ ਅਨੁਸਾਰ ਸਾਰੇ ਸਾਬਕਾ ਮੰਤਰੀਆਂ ਨੂੰ 20-20 ਲੱਖ ਰੁਪਏ, ਪਾਰਟੀ ਦੇ ਸੰਸਦ ਮੈਂਬਰਾਂ ਨੂੰ 10-10 ਲੱਖ ਰੁਪਏ ਅਤੇ ਪਾਰਟੀ ਦੇ ਵਿਧਾਨ ਸਭਾ ਚੋਣਾਂ ਵਿਚ ਰਹੇ ਉਮੀਦਵਾਰਾਂ ਨੂੰ 2-2 ਲੱਖ ਰੁਪਏ ਅਤੇ ਦੂਜੇ ਸੀਨੀਅਰ ਆਗੂਆਂ ਤੇ ਅਹੁਦੇਦਾਰਾਂ ਤੇ ਜ਼ਿਲ੍ਹਾ ਪ੍ਰਧਾਨਾਂ ਨੂੰ ਵੀ ਇਸੇ ਤਰ੍ਹਾਂ ਕੋਟੇ ਲਗਾਏ ਗਏ ਹਨ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਬਹੁਤ ਸਾਰੇ ਸਾਬਕਾ ਮੰਤਰੀਆਂ, ਸੰਸਦ ਮੈਂਬਰਾਂ ਤੇ ਉਮੀਦਵਾਰਾਂ ਵਲੋਂ ਅਜੇ ਤੱਕ ਉਨ੍ਹਾਂ ਨੂੰ ਲਗਾਏ ਗਏ ਕੋਟੇ ਦੀ ਰਾਸ਼ੀ ਜਮ੍ਹਾਂ ਨਹੀਂ ਕਰਵਾਈ ਗਈ, ਜਦੋਂਕਿ ਪਾਰਟੀ ਦੇ ਕੌਮੀ ਜਨਰਲ ਸਕੱਤਰ ਵੇਣੂਗੋਪਾਲ ਕੋਲ ਵੀ ਬੀਤੇ ਦਿਨੀਂ ਇਹ ਮਾਮਲਾ ਉਠਾਇਆ ਗਿਆ ਸੀ, ਜਦੋਂ ਉਹ ਚੰਡੀਗੜ੍ਹ ਤਿਆਰੀਆਂ ਸੰਬੰਧੀ ਮੀਟਿੰਗ ਕਰਨ ਆਏ ਸਨ। ਪਾਰਟੀ ਦਾ ਇਸ ਪ੍ਰੋਗਰਾਮ ਲਈ 4-5 ਕਰੋੜ ਰੁਪਏ ਇਕੱਠੇ ਕਰਨ ਦਾ ਪ੍ਰੋਗਰਾਮ ਹੈ ਤਾਂ ਜੋ ਰੈਲੀਆਂ ਤੇ ਯਾਤਰਾ ਲਈ ਲੋੜੀਂਦੇ ਪ੍ਰਬੰਧ ਕੀਤੇ ਜਾ ਸਕਣ। ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਹਰੀਸ਼ ਚੌਧਰੀ ਅਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਇਨ੍ਹਾਂ ਸਾਰੇ ਪ੍ਰਬੰਧਾਂ ਦੀ ਦੇਖ-ਰੇਖ ਕਰ ਰਹੇ ਹਨ। ਲੇਕਿਨ ਪਾਰਟੀ ਦੇ ਇਕ ਸੀਨੀਅਰ ਆਗੂ ਦਾ ਕਹਿਣਾ ਹੈ ਕਿ ਪਾਰਟੀ ਦੀ ਤਰਾਸਦੀ ਇਹ ਹੈ ਕਿ ਸਾਡੇ ਜੋ ਸਾਬਕਾ ਮੰਤਰੀ ਤੇ ਵਿਧਾਇਕ ਚੋਖੇ ਫੰਡ ਦੇਣ ਦੀ ਸਮਰੱਥਾ ਰੱਖਦੇ ਸਨ, ਉਹ ਜਾਂ ਪਾਰਟੀ ਛੱਡ ਗਏ ਹਨ ਜਾਂ ਵਿਦੇਸ਼ਾਂ ਵਿਚ ਬੈਠੇ ਹੋਏ ਹਨ ਅਤੇ ਕਈਆਂ ਨੂੰ ਮੌਜੂਦਾ ਸਰਕਾਰ ਨੇ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਜਦੋਂਕਿ ਰਾਹੁਲ ਗਾਂਧੀ ਦੀ ਯਾਤਰਾ ਨਾਲ ਲਗਾਤਾਰ ਚੱਲ ਰਹੇ ਵੱਡੇ ਕਾਫ਼ਲੇ 'ਤੇ ਕਾਫ਼ੀ ਖ਼ਰਚਾ ਹੋ ਰਿਹਾ ਹੈ ਅਤੇ ਜਿਸ ਸੂਬੇ ਵਿਚ ਵੀ ਉਹ ਜਾ ਰਹੇ ਹਨ, ਰੋਜ਼ਾਨਾ ਰਾਤ ਉਨ੍ਹਾਂ ਵਲੋਂ ਵੱਡੀਆਂ ਜਨਤਕ ਰੈਲੀਆਂ ਵੀ ਕੀਤੀਆਂ ਜਾ ਰਹੀਆਂ ਹਨ। ਫ਼ਿਲਹਾਲ ਰਾਹੁਲ ਗਾਂਧੀ 11 ਜਨਵਰੀ ਨੂੰ ਸ੍ਰੀ ਫ਼ਤਹਿਗੜ੍ਹ ਸਾਹਿਬ ਪੁੱਜਣਗੇ ਅਤੇ ਸ੍ਰੀ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਅੱਗੇ ਚੱਲਣਗੇ। ਕੁਝ ਆਗੂਆਂ ਵਲੋਂ ਰਾਹੁਲ ਗਾਂਧੀ ਦੀ ਜ਼ੀਰਾ ਵਿਖੇ ਚੱਲ ਰਹੇ ਅੰਦੋਲਨਕਾਰੀਆਂ ਨਾਲ ਮੁਲਾਕਾਤ ਦਾ ਪ੍ਰੋਗਰਾਮ ਉਲੀਕਣ ਦੀ ਕੋਸ਼ਿਸ਼ ਹੋ ਰਹੀ ਹੈ। ਹਾਲਾਂਕਿ ਜ਼ੀਰਾ ਭਾਰਤ ਜੋੜੋ ਯਾਤਰਾ ਦੇ ਰੂਟ ਦਾ ਹਿੱਸਾ ਨਹੀਂ ਹੈ। ਰਾਹੁਲ ਗਾਂਧੀ 11 ਜਨਵਰੀ ਤੋਂ 19 ਜਨਵਰੀ ਤੱਕ ਸੂਬੇ ਵਿਚ 9 ਤੋਂ ਵੱਧ ਵੱਡੀਆਂ ਜਨਤਕ ਰੈਲੀਆਂ ਨੂੰ ਸੰਬੋਧਨ ਕਰਨਗੇ ਅਤੇ 20 ਜਨਵਰੀ ਨੂੰ ਸਵੇਰੇ ਪੰਜਾਬ ਤੋਂ ਨਿਕਲ ਜਾਣਗੇ। ਲੇਕਿਨ ਪਾਰਟੀ ਦੀ ਸੂਬਾ ਯੂਨਿਟ ਨੂੰ ਸੱਤਾ ਤੋਂ ਬਾਹਰ ਹੋਣ ਕਾਰਨ ਅਤੇ ਪਾਰਟੀ ਵਿਚ ਹਾਰ ਤੋਂ ਬਾਅਦ ਨਿਰਾਸ਼ਾ ਹੋਣ (ਬਾਕੀ ਸਫ਼ਾ 30 'ਤੇ)

## ਕਰਜ਼ੇ ਵਿਚ ਡੁੱਬਿਆ ਪੰਜਾਬ, ਚੰਨੀ ਨੇ ਬੈਠਕਾਂ ਵਿਚ ਖਾਣੇ 'ਤੇ ਕਰੋੜਾਂ ਰੁਪਏ ਖ਼ਰਚ ਕੀਤੇ

### ਆਈਟੀਆਈ ਵਿਚ ਸਾਹਮਣੇ ਆਏ ਹੈਰਾਨੀਜਨਕ ਅੰਕੜੇ

ਚੰਡੀਗੜ੍ਹ : ਪੰਜਾਬ ਸਰਕਾਰ ਕਰਜ਼ੇ ਵਿਚ ਡੁੱਬੀ ਹੋਈ ਹੈ। ਸੂਬੇ 'ਤੇ 2.83 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਜਿਸ ਨੂੰ ਲੈ ਕੇ ਸਭ ਚਿੰਤਾ ਵਿਚ ਹਨ। ਇਸ ਦੇ ਉਲਟ ਹੈਰਾਨੀਜਨਕ ਤੱਥ ਇਹ ਵੀ ਹੈ ਕਿ ਮੁੱਖ ਮੰਤਰੀ ਅਤੇ ਮੰਤਰੀਆਂ ਦੀਆਂ ਬੈਠਕਾਂ ਵਿਚ ਖਾਣੇ 'ਤੇ ਕਰੋੜਾਂ ਰੁਪਏ ਖ਼ਰਚ ਕੀਤੇ ਜਾਂਦੇ ਸਨ। ਪੰਜਾਬ ਸਰਕਾਰ ਦਾ ਪ੍ਰਾਹੁਣਾਚਾਰੀ ਵਿਭਾਗ ਹੋਣ ਦੇ ਬਾਵਜੂਦ ਸਰਕਾਰੀ ਬੈਠਕਾਂ ਵਿਚ ਬਾਹਰੋਂ ਖਾਣਾ ਆਉਂਦਾ ਸੀ। ਇੱਥੋਂ ਤੱਕ ਕਿ ਪੰਜ ਤਾਰਾ ਹੋਟਲਾਂ ਤੋਂ ਖਾਣਾ ਮੰਗਵਾਉਣ ਵਿਚ ਵੀ ਕੋਈ ਗੁਰੇਜ਼ ਨਹੀਂ ਕੀਤਾ ਜਾਂਦਾ ਸੀ। ਇਨ੍ਹਾਂ ਗੱਲਾਂ ਦਾ ਖ਼ੁਲਾਸਾ ਇਕ ਆਰਟੀਆਈ ਵਿਚ ਹੋਇਆ ਹੈ। ਪੰਜਾਬ ਸਰਕਾਰ ਨੇ ਪਹਿਲੀ ਅਪ੍ਰੈਲ 2021 ਤੋਂ ਲੈ ਕੇ 31 ਮਾਰਚ 2022 ਤੱਕ ਦੇ ਕਾਰਜਕਾਲ ਵਿਚ ਮੁੱਖ ਮੰਤਰੀ ਅਤੇ ਮੰਤਰੀਆਂ ਦੀ ਬੈਠਕ 'ਤੇ 1.90 ਕਰੋੜ ਰੁਪਏ ਖ਼ਰਚ ਕੀਤੇ ਗਏ। ਜਾਣਕਾਰੀ ਅਨੁਸਾਰ 1 ਅਪ੍ਰੈਲ 2021 ਤੋਂ ਲੈ ਕੇ 31 ਮਾਰਚ 2022 ਤਕ ਤਿੰਨ ਮੁੱਖ ਮੰਤਰੀ ਰਹੇ। ਇਨ੍ਹਾਂ ਤਿੰਨੋਂ ਮੁੱਖ ਮੰਤਰੀਆਂ ਦੇ ਕਾਰਜਕਾਲ ਦੌਰਾਨ ਪੰਜਾਬ ਭਵਨ ਵੱਲੋਂ ਮੁੱਖ ਮੰਤਰੀ ਅਤੇ ਮੰਤਰੀਆਂ ਦੇ



ਹੁਕਮਾਂ 'ਤੇ ਤਿਆਰ ਕਰਵਾਏ ਗਏ ਖਾਣੇ 'ਤੇ ਕੁੱਲ 60.20 ਲੱਖ ਰੁਪਏ ਖ਼ਰਚ ਕੀਤੇ ਗਏ। ਪਹਿਲੀ ਅਪ੍ਰੈਲ ਤੋਂ 18 ਸਤੰਬਰ 2021 ਤਕ ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਦੌਰਾਨ ਪੰਜਾਬ ਭਵਨ ਵੱਲੋਂ ਖਾਣੇ 'ਤੇ 5.34 ਲੱਖ ਰੁਪਏ ਖ਼ਰਚ ਕੀਤੇ ਗਏ ਜਦਕਿ 21 ਸਤੰਬਰ ਤੋਂ 28 ਫਰਵਰੀ 2022 ਤਕ ਮੁੱਖ ਮੰਤਰੀ ਚੰਨੀ ਦੇ ਕਾਰਜਕਾਲ 'ਚ 50.07 ਲੱਖ ਰੁਪਏ ਦੀ ਅਦਾਇਗੀ ਕੀਤੀ ਗਈ। ਇਸ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦੇ 31 ਮਾਰਚ ਤਕ ਦੇ ਕਾਰਜਕਾਲ ਦੌਰਾਨ 4.79 ਲੱਖ ਰੁਪਏ ਦੇ ਬਿੱਲਾਂ ਦੀ ਅਦਾਇਗੀ ਕੀਤੀ ਗਈ। ਇਸ ਤੋਂ ਇਲਾਵਾ (ਬਾਕੀ ਸਫ਼ਾ 30 'ਤੇ)

# ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਨੂੰ ਯਾਦ ਕਰਦਿਆਂ

**ਡਾ. ਅਮਰਜੀਤ ਸਿੰਘ, ਵਾਸ਼ਿੰਗਟਨ**



ਯੂਨਾਨੀ ਮਿਥਿਹਾਸ ਦੇ ਅੰਦਰ ਇੱਕ ਫੀਨਿਕਸ ਪੰਛੀ ਦਾ ਜ਼ਿਕਰ ਆਉਂਦਾ ਹੈ। ਕਹਿੰਦੇ ਨੇ ਕਿ ਜਦੋਂ ਇਸ ਪੰਛੀ ਦਾ ਅੰਤ ਸਮਾਂ ਆਉਂਦਾ ਹੈ ਤਾਂ ਇਹ ਆਪ ਹੀ ਆਪਣੇ ਖੰਭਾਂ ਨੂੰ ਅੱਗ ਲਾ ਲੈਂਦਾ ਹੈ ਤੇ ਇਵੇਂ ਸੜ ਕੇ ਸੁਆਹ ਹੋ ਜਾਂਦਾ ਹੈ। ਜਦੋਂ ਉਸ ਦੀ ਸੁਆਹ ਨੂੰ ਫਰੋਲਿਆ ਜਾਂਦਾ ਹੈ ਤਾਂ ਉਸ ਵਿੱਚੋਂ ਇੱਕ ਅੰਡਾ ਨਿੱਕਲਦਾ ਹੈ ਜਿਸ ਵਿੱਚੋਂ ਫੀਨਿਕਸ ਪੰਛੀ ਨਿੱਕਲ ਕੇ ਅਕਾਸ਼ ਵਿੱਚ ਉਡਾਰੀ ਮਾਰ ਜਾਂਦਾ ਹੈ। ਇਹ ਕਹਾਣੀ ਤਾਂ ਮਿਥਿਹਾਸਕ ਹੈ ਪਰ ਦੁਨੀਆਂ ਦੇ ਇਤਿਹਾਸ ਦੇ ਅੰਦਰ ਇੱਕ ਜਿਊਂਦੀ ਜਾਗਦੀ ਕੌਮ-ਸਿੱਖ ਕੌਮ ਹੈ, ਜਿਸ ਦਾ ਜਨਮ ਹੀ ਖੰਡੇ ਦੀ ਧਾਰ ਤੋਂ ਹੋਇਆ ਹੈ। ਜਿਸ ਸਿੱਖੀ ਸਕੂਲ ਅੰਦਰ ਦਾਖਲੇ ਦੀ ਫੀਸ ਸੀਸ ਭੇਟ ਹੈ, ਭਾਵ ਜ਼ਿੰਦਗੀ ਦੀ ਕੁਰਬਾਨੀ ਦੇ ਸੰਕਲਪ 'ਚੋਂ ਹੀ ਸਿੱਖ ਦੀ ਅਸਲ ਜ਼ਿੰਦਗੀ ਦੀ ਸ਼ੁਰੂਆਤ ਹੁੰਦੀ ਹੈ। ਵੈਸੇ ਤਾਂ ਵਰ੍ਹੇ ਦਾ ਕੋਈ ਦਿਨ, ਕੋਈ ਪਲ ਐਸਾ ਨਹੀਂ ਹੋਵੇਗਾ, ਜਿਸ ਸਮੇਂ ਕਿਸੇ ਨਾ ਕਿਸੇ ਸਿੰਘ-ਸਿੰਘਣੀ ਨੇ ਆਪਣੀ ਕੁਰਬਾਨੀ ਨਾ ਦਿੱਤੀ ਹੋਵੇ ਪਰ ਪਿਛਲੇ ਲਗਭਗ ਤਿੰਨ ਦਹਾਕਿਆਂ ਦੌਰਾਨ ਤਾਂ ਸੱਚ ਸ਼ਮਾਂ 'ਤੇ ਕੁਰਬਾਨ ਹੋਣ ਵਾਲੇ ਸਿੱਖ ਪਰਵਾਨਿਆਂ ਦੀ ਨਾ ਮੁੱਕਣ ਵਾਲੀ ਲੰਮੀ ਲਾਈਨ ਹੈ। ਜ਼ੁਲਮ ਕਰਨ ਵਾਲਿਆਂ ਨੇ ਜ਼ੁਲਮ ਦੀ ਅਖੀਰ ਕੀਤੀ ਹੋਈ ਹੈ ਪਰ ਧੰਨ ਹਨ ਗੁਰੂ ਕਲਗੀਧਰ ਦੇ ਲਾਡਲੇ ਸਪੁੱਤਰ-ਸਪੁੱਤਰੀਆਂ, ਜਿਨ੍ਹਾਂ ਨੇ ਖ਼ਾਲਸਾਈ ਨਿਸ਼ਾਨ ਸਾਹਿਬ ਨੂੰ ਉਚਾ ਹੀ ਉਚਾ ਰੱਖਿਆ ਹੋਇਆ ਹੈ। 31 ਅਕਤੂਬਰ, 1984 ਨੂੰ ਭਾਈ ਬੇਅੰਤ ਸਿੰਘ ਨੇ ਸ਼ਹੀਦੀ ਜਾਮ ਪੀਤਾ ਅਤੇ 6 ਜਨਵਰੀ, 1989 ਨੂੰ ਕੌਮ ਦੇ ਮਹਾਨ ਸੂਰਬੀਰਾਂ ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਨੇ ਤਿਹਾੜ ਜੇਲ੍ਹ ਵਿੱਚ ਹੱਸ-ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਆਪਣੇ ਗਲੇ ਵਿੱਚ ਪਾ ਕੇ, ਖਾਲਿਸਤਾਨ ਦੇ ਨਿਸ਼ਾਨੇ ਨੂੰ ਹੋਰ ਵੀ ਪ੍ਰਪੱਕ ਕੀਤਾ।

ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਦੀ ਜੋੜੀ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਦੀ ਲੜੀ ਵਿੱਚ ਪਰੋਈ ਗਈ ਹੈ। ਜੂਨ 1984 ਦੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ 37 ਹੋਰ ਇਤਿਹਾਸਕ ਗੁਰਧਾਮਾਂ 'ਤੇ ਟੈਂਕਾਂ-ਤੋਪਾਂ ਨਾਲ ਹਮਲੇ ਨੇ ਸਿੱਖ ਮਾਨਸਿਕਤਾ ਨੂੰ ਬੜਾ ਦੁਖਦਾਈ ਅਨੁਭਵ ਕਰਵਾਇਆ। ਸਿੱਖ ਕੌਮ ਦਾ ਬੱਚਾ-ਬੱਚਾ ਅੱਖਾਂ ਵਿੱਚੋਂ ਹੰਝੂ ਕੇਰਦਾ, ਇਸ ਸਿੱਖੀ ਅਪਮਾਨ ਦਾ ਬਦਲਾ ਲੈਣ ਦੇ ਰੌਂਅ ਵਿੱਚ ਸੀ। 31 ਅਕਤੂਬਰ ਨੂੰ ਗੁਰੂ ਕੇ ਲਾਲਾਂ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਨੇ ਦਿੱਲੀ ਸਾਮਰਾਜ ਦੀ ਪਟਰਾਣੀ ਇੰਦਰਾ ਗਾਂਧੀ ਨੂੰ ਉਸ ਦਾ ਬਣਦਾ ਹੱਕ ਅਦਾ ਕੀਤਾ। ਇੰਦਰਾ ਗਾਂਧੀ ਨੂੰ ਇਨਸਾਫ ਦੇਣ ਵਾਲੇ ਇਹ ਦੋ ਯੋਧੇ, ਸ਼ਾਂਤਚਿੱਤ ਆਪਣੀ ਥਾਂ 'ਤੇ ਖੜ੍ਹੇ ਰਹੇ, ਗੁਰੂ ਦੀ ਸ਼ੁਕਰਗੁਜ਼ਾਰੀ ਵਿੱਚ, ਜਿਸ ਨੇ ਕਿ ਉਨ੍ਹਾਂ ਤੋਂ ਮਹਾਨ ਇਤਿਹਾਸਕ ਸੇਵਾ ਲਈ ਸੀ। ਇੰਦਰਾ ਗਾਂਧੀ ਦੇ ਨਾਲ ਜਾ ਰਹੇ ਕਿਸੇ ਨੂੰ ਕੋਈ ਗੋਲੀ ਨਹੀਂ ਲੱਗੀ, ਕਿਸੇ ਹੋਰ ਬੇਗੁਨਾਹ ਨੂੰ ਨਹੀਂ ਮਾਰਿਆ ਗਿਆ। ਇਹ ਸੀ ਸਿੱਖ ਇਨਸਾਫ਼ ਦਾ ਤਰਾਜੂ। ਦੋਨੋਂ ਸਿੰਘਾਂ ਨੂੰ ਕਮਰੇ ਅੰਦਰ ਲਿਜਾ ਕੇ, ਕਿਸੇ ਖਾਸ ਹੁਕਮ ਨਾਲ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਭਾਈ ਬੇਅੰਤ ਸਿੰਘ ਤਾਂ ਮੌਕੇ 'ਤੇ ਹੀ ਸ਼ਹੀਦੀ ਪਾ ਗਏ ਜਦੋਂਕਿ ਭਾਈ ਸਤਵੰਤ ਸਿੰਘ ਹੋਰਾਂ ਨੂੰ ਡਾਕਟਰਾਂ ਨੇ ਕਾਫੀ ਜੱਦੋਜਹਿਦ ਤੋਂ ਬਾਅਦ ਬਚਾ ਲਿਆ। ਇੱਕ ਗੋਲੀ ਉਨ੍ਹਾਂ ਦੀ ਗੀੜ੍ਹ ਦੀ ਹੱਡੀ ਵਿੱਚ ਅਖੀਰ ਤੱਕ ਰਹੀ, ਜਿਸ ਨੂੰ ਜਾਣਬੁੱਝ ਕੇ ਨਹੀਂ ਕੱਢਿਆ ਗਿਆ ਤਾਂਕਿ ਉਸ ਦੀ ਪੀੜ ਲਗਾਤਾਰ ਬਣੀ ਰਹੇ।

ਹੁਣ ਇਨਸਾਫ ਦਾ ਜਨਾਜ਼ਾ ਕੱਢਣ ਵਾਲਾ, ਇੰਦਰਾ ਗਾਂਧੀ ਕਤਲ ਕਾਂਡ ਮੁਕੱਦਮਾ ਸ਼ੁਰੂ ਹੋਇਆ। ਬ੍ਰਾਹਮਣ ਸਰਕਾਰ ਨੂੰ ਲੱਗਾ ਕਿ ਸਿਰਫ ਦੋ ਸਧਾਰਨ ਜਿਹੇ ਪੁਲਿਸ ਮੁਲਾਜ਼ਮਾਂ ਦੇ ਹੱਥੋਂ ਮਾਰੇ ਜਾਣ ਨਾਲ ਇੰਦਰਾ ਗਾਂਧੀ ਦੀ 'ਮਹਾਨਤਾ' ਪ੍ਰਗਟ ਨਹੀਂ ਹੁੰਦੀ, ਇਸ ਲਈ ਇਸ ਨੂੰ ਡੂੰਘੀ ਸਾਜ਼ਿਸ਼ ਬਣਾਇਆ ਜਾਵੇ। ਅਮਰੀਕਨ ਖੁਫੀਆ ਏਜੰਸੀ ਸੀ.ਆਈ.ਏ. ਨੂੰ ਇੰਦਰਾ ਗਾਂਧੀ ਦੇ ਕਤਲ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਬਜ਼ੁਰਗ ਕਿਹਰ ਸਿੰਘ, ਜੋ ਭਾਈ ਬੇਅੰਤ ਸਿੰਘ ਹੋਰਾਂ ਦੇ ਰਿਸ਼ਤੇਦਾਰ ਸਨ ਤੇ ਦਿੱਲੀ ਪੁਲਿਸ ਦੇ ਇੰਸਪੈਕਟਰ ਬਲਬੀਰ ਸਿੰਘ ਨੂੰ ਵੀ ਸਾਜ਼ਿਸ਼ 'ਚ ਸ਼ਾਮਲ ਕਰਕੇ ਦਿੱਲੀ ਹਾਈਕੋਰਟ ਨੇ ਉਨ੍ਹਾਂ ਨੂੰ ਵੀ ਸਜ਼ਾਇ-ਮੌਤ ਸੁਣਾ ਦਿੱਤੀ। ਭਾਈ ਕੇਹਰ ਸਿੰਘ 'ਤੇ ਦੋਸ਼ ਲਾਇਆ ਗਿਆ ਕਿ ਉਸ ਨੇ ਭਾਈ ਬੇਅੰਤ ਸਿੰਘ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੱਤੀ ਤੇ ਇਸ ਤਰ੍ਹਾਂ ਕਰਕੇ ਉਹ ਦਹਿਸ਼ਤਗਰਦ ਬਣ ਗਿਆ। ਸਾਰੇ ਮੁਕੱਦਮੇ ਦੀ ਸੁਣਵਾਈ ਦੌਰਾਨ ਜੱਜਾਂ ਵਲੋਂ ਇੱਕ ਪਾਸੜ ਰੁਝਾਨ ਹੀ ਸੀ। ਸਫਾਈ ਪੱਖ ਦੇ ਵਕੀਲ ਨੂੰ ਉਸ ਵਲੋਂ ਮੰਗੀ ਗਈ ਜਾਣਕਾਰੀ ਕਦੇ ਵੀ ਮੁਹੱਈਆ ਨਹੀਂ ਕੀਤੀ ਗਈ। ਸੁਪਰੀਮ ਕੋਰਟ ਨੇ ਭਾਈ ਬਲਬੀਰ ਸਿੰਘ ਨੂੰ ਬਰੀ ਕਰ ਦਿੱਤਾ ਪਰ ਮੁੜ ਉਸ ਨੂੰ ਨੌਕਰੀ 'ਤੇ ਬਹਾਲ ਨਹੀਂ ਕੀਤਾ ਗਿਆ ਅਤੇ ਨਾ ਹੀ ਉਸ ਦੀ ਪਿਛਲੀ ਬਣਦੀ ਤਨਖਾਹ ਉਸ ਨੂੰ ਦਿੱਤੀ ਗਈ।

ਦੁਨੀਆਂ ਦੇ ਪ੍ਰਮੁੱਖ ਕਾਨੂੰਨਦਾਨਾਂ ਦੀ ਰਾਇ ਸੀ ਕਿ ਭਾਈ ਕਿਹਰ ਸਿੰਘ ਨੂੰ ਫਾਂਸੀ ਬਿਲਕੁਲ ਨਜਾਇਜ਼ ਦਿੱਤੀ ਗਈ ਜਦੋਂ ਕਿ ਉਹਨਾਂ ਦਾ ਇੰਦਰਾ ਗਾਂਧੀ ਕਤਲ ਵਿੱਚ ਕੋਈ ਹੱਥ ਸਾਬਤ ਨਹੀਂ ਹੁੰਦਾ ਪਰ ਉਹ ਬ੍ਰਾਹਮਣਵਾਦ ਕਾਹਦਾ, ਜੇ ਉਹ ਬੇਗੁਨਾਹਾਂ ਨੂੰ ਫਾਹੇ ਨਾ ਲਾਏ। ਹਜ਼ਾਰਾਂ ਸਿੱਖਾਂ ਦੇ ਖ਼ੂਨ ਵਿੱਚ ਹੱਥ ਰੰਗਣ ਵਾਲੀ ਇੰਦਰਾ ਗਾਂਧੀ, ਬ੍ਰਾਹਮਣਾਂ ਲਈ 'ਦੁਰਗਾ ਮਾਤਾ' ਜੁ ਸੀ ਅਤੇ ਦੁਰਗਾ ਦੇ ਮਰ ਜਾਣ ਬਾਅਦ ਵੀ ਉਹਨੂੰ ਖ਼ੁਸ਼ ਕਰਨ ਲਈ 'ਨਰ ਬਲੀ' ਦੀ ਲੋੜ ਸੀ। ਭਾਈ ਕਿਹਰ ਸਿੰਘ ਹੋਰਾਂ ਨੇ ਕਮਾਲ ਦਾ ਸਿਦਕ, ਸਬਰ ਦਿਖਾਉਂਦਿਆਂ, ਗੁਰੂ ਦਾ ਭਾਣਾ ਸਮਝ ਕੇ ਹੱਸ ਕੇ ਮੌਤ ਨੂੰ ਗਲ ਨਾਲ ਲਾਇਆ।

ਭਾਈ ਸਤਵੰਤ ਸਿੰਘ ਆਪਣੇ ਜੇਲ੍ਹ ਵਿੱਚ ਬਿਤਾਏ ਸਮੇਂ ਦੌਰਾਨ, ਕੇਸਰੀ ਦਸਤਾਰ ਸਜਾ ਕੇ, ਖਾਲਿਸਤਾਨ ਦੀ ਲਹਿਰ ਦੇ ਥੰਮ੍ਹ ਬਣੇ। ਦਿਨ ਰਾਤ, ਨਾਮ-ਬਾਣੀ ਦਾ ਪ੍ਰਵਾਹ ਤਿਹਾੜ ਜੇਲ੍ਹ ਵਿੱਚ ਆਪ ਨੇ ਚਲਾਇਆ। ਗੁਰੂ ਉਹ ਸਮਾਂ ਲਿਆਵੇ ਜਦੋਂ ਦਿੱਲੀ ਸਰ ਕਰਕੇ ਸਿੰਘ ਤਿਹਾੜ ਜੇਲ੍ਹ ਨੂੰ ਆਪਣੇ ਪਵਿੱਤਰ ਇਤਿਹਾਸਕ ਥਾਂ ਦਾ ਦਰਜਾ ਦੇ ਸਕਣ। ਭਾਈ ਸਤਵੰਤ ਸਿੰਘ ਦਾ ਜ਼ਿਕਰ ਕਰਦਿਆਂ ਅਲੋਕਾਰ ਸੁਹਾਗਣ ਬੀਬੀ ਸੁਰਿੰਦਰ ਕੌਰ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਜਿਸ ਦੀ ਮੰਗਣੀ ਭਾਈ ਸਤਵੰਤ ਸਿੰਘ ਹੋਰਾਂ ਨਾਲ ਹੋਈ ਹੋਈ ਸੀ ਜਦੋਂ ਸੂਰਮਿਆਂ ਨੇ ਇਹ ਇਤਿਹਾਸਕ ਕਾਰਨਾਮਾ ਕਰ ਵਿਖਾਇਆ। ਮਾਤਾ-ਪਿਤਾ, ਸੱਸ-ਸਹੁਰਾ ਤੇ ਧਾਰਮਿਕ ਸ਼ਖ਼ਸੀਅਤਾਂ ਵਲੋਂ ਮਨ੍ਹਾਂ ਕਰਨ ਦੇ ਬਾਵਜੂਦ ਬੀਬੀ ਜੀ ਆਪਣੇ ਇਸ ਪ੍ਰਣ 'ਤੇ ਡਟੇ ਰਹੇ ਕਿ ਉਹ ਭਾਈ ਸਤਵੰਤ ਸਿੰਘ ਨੂੰ ਪਤੀ ਮੰਨਦੇ ਹਨ ਅਤੇ ਉਨ੍ਹਾਂ ਦੇ ਨਾਂ 'ਤੇ ਹੀ ਜ਼ਿੰਦਗੀ ਗੁਜ਼ਾਰਨਗੇ। ਜੇਲ੍ਹ ਅਧਿਕਾਰੀਆਂ ਵਲੋਂ ਵਿਆਹ ਦੀ ਆਗਿਆ ਨਾ ਮਿਲਣ 'ਤੇ ਬੀਬੀ ਜੀ ਨੇ ਭਾਈ ਸਤਵੰਤ ਸਿੰਘ ਦੀ ਫੋਟੋ ਨਾਲ ਚਾਰ ਲਾਵਾਂ ਲੈ ਕੇ ਸਿੱਖ ਇਤਿਹਾਸ ਅੰਦਰ 'ਅਲੋਕਾਰ ਸੁਹਾਗਣ' ਹੋਣ ਦਾ ਮਾਣ ਹਾਸਲ ਕੀਤਾ। ਅੱਜ ਬੀਬੀ ਸੁਰਿੰਦਰ ਕੌਰ ਵੀ ਕੈਂਸਰ ਦੀ ਬਿਮਾਰੀ ਨਾਲ ਜਦੋਜਹਿਦ ਕਰਦਿਆਂ ਗੁਰਪੁਰੀ ਸਿਧਾਰ ਚੁੱਕੇ ਹਨ।

ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ, 'ਖਾਲਿਸਤਾਨ ਜ਼ਿੰਦਾਬਾਦ' ਦੇ ਅਕਾਸ਼ ਗੁੰਜਾਊ ਨਾਹਰਿਆਂ ਨਾਲ 6 ਜਨਵਰੀ, 1989 ਦੀ ਸਵੇਰ ਨੂੰ ਤਿਹਾੜ ਜੇਲ੍ਹ ਵਿਚਲੇ ਫਾਂਸੀ ਘਰ ਵੱਲ ਵਧੇ। ਉਹਨਾਂ ਦੀ ਦਲੇਰੀ ਤੇ ਨਿਰਭੈਅਤਾ ਦੇਖ ਕੇ ਜੇਲ੍ਹ ਅਧਿਕਾਰੀਆਂ ਨੇ ਮੂੰਹ ਵਿੱਚ ਉਂਗਲਾਂ ਪਾਈਆਂ। ਭਾਈ ਸਤਵੰਤ ਸਿੰਘ ਨੇ ਆਪਣੇ ਪਿਤਾ ਰਾਹੀਂ ਦਿੱਤੇ ਕੌਮ ਨੂੰ ਸੰਦੇਸ਼ ਵਿੱਚ ਇਹ ਇੱਛਾ ਜ਼ਾਹਿਰ ਕੀਤੀ ਕਿ ਮੈਂ ਮੁੜ ਸਿੱਖਾਂ ਦੇ ਘਰ ਜਨਮ ਲੈ ਕੇ, ਪੰਥ ਦੇ ਵੈਰੀਆਂ ਨੂੰ ਸੋਧਾਂ। ਕਿਸੇ ਅਜ਼ਬ ਮਸਤੀ ਵਿੱਚ ਦੋਨੋਂ ਸਿੰਘ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਦਿੱਲੀ ਦਰਬਾਰ ਨੇ ਗੁਰੂ ਚਰਨਾਂ ਦੇ ਭੌਰਿਆਂ ਦਾ ਆਪ ਹੀ ਸਸਕਾਰ ਕਰਕੇ ਉਨ੍ਹਾਂ ਦੀ ਭਸਮ ਹਰਦਵਾਰ, ਗੰਗਾ ਨਦੀ ਵਿੱਚ ਪਾਈ ਜਦੋਂ ਕਿ ਰਿਸ਼ਤੇਦਾਰਾਂ ਵਲੋਂ ਕੀਰਤਪੁਰ ਸਾਹਿਬ ਦੀ ਬੇਨਤੀ ਕੀਤੀ ਗਈ ਸੀ। ਇਹਨਾਂ ਯੋਧਿਆਂ ਦੀ ਚਿਤਾ ਦੀ ਸਵਾਹ ਵੀ ਜ਼ਾਲਮ ਸਰਕਾਰ ਨੂੰ ਦੰਦਲਾਂ ਪਾ ਰਹੀ ਸੀ। ਸ਼ਹੀਦ ਭਾਈ ਬੇਅੰਤ ਸਿੰਘ ਦੇ 31ਵੇਂ ਸ਼ਹੀਦੀ ਦਿਵਸ ਮੌਕੇ ਖਾਲਸਾ ਪੰਥ ਆਪਣੇ ਮਹਾਨ ਸੂਰਬੀਰਾਂ ਦੀ ਕੁਰਬਾਨੀ ਨੂੰ ਸਿਜਦਾ ਕਰਦਾ ਹੈ।

'ਸ਼ਹੀਦ ਕੀ ਜੋ ਮੌਤ ਹੈ, ਵੋਹ ਕੌਮ ਕੀ ਹਿਆਤ (ਜ਼ਿੰਦਗੀ) ਹੈ। ਹਿਆਤ ਤੋ ਹਿਆਤ ਹੈ, ਮੌਤ ਭੀ ਹਿਆਤ ਹੈ।'

# ਜਰਮਨੀ-ਇਟਲੀ 'ਚ ਮਜ਼ਬੂਤ ਹੋ ਰਹੇ ਹਨ ਨਾਜ਼ੀ ਗਰੁੱਪ, ਹਥਿਆਰ ਇਕੱਠੇ ਕਰਨ 'ਚ ਲੱਗੇ ਕੱਟੜਪੰਥੀ ਸਮੂਹ

## ਨਿਊਯਾਰਕ ਟਾਈਮਜ਼ ਅਨੁਸਾਰ ਦਸੰਬਰ 2022 ਦੇ ਸ਼ੁਰੂ ਵਿੱਚ, ਜਰਮਨੀ ਦੇ ਇੱਕ ਸ਼ਾਹੀ ਪਰਿਵਾਰ ਨਾਲ ਜੁੜੇ ਹੇਨਰਿਕ 999 ਤਖ਼ਤਾ ਪਲਟ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ 24 ਮੈਂਬਰਾਂ ਸਮੇਤ ਹੋਏ ਸਨ ਗ੍ਰਿਫ਼ਤਾਰ

### ਦੱਖਣੀ ਜਰਮਨੀ 'ਚ ਕੁਝ ਫੌਜੀ ਬੈਰਕਾਂ ਸਮੇਤ 50 ਥਾਵਾਂ 'ਤੇ ਮਾਰੂ ਹਥਿਆਰ ਮਿਲੇ

ਜਰਮਨੀ ਵਿਚ ਲੋਕਤੰਤਰੀ ਸਰਕਾਰ ਨੂੰ ਡੇਗਣ ਦੀ ਸਾਜ਼ਿਸ਼ ਦੇ ਸਾਹਮਣੇ ਆਉਣ ਤੋਂ ਬਾਅਦ ਨਵ-ਨਾਜ਼ੀ ਸੰਗਠਨਾਂ ਦੀ ਸਰਗਰਮੀ ਸਾਹਮਣੇ ਆ ਗਈ ਹੈ। ਨਿਊਯਾਰਕ ਟਾਈਮਜ਼ ਅਨੁਸਾਰ ਦਸੰਬਰ 2022 ਦੇ ਸ਼ੁਰੂ ਵਿੱਚ, ਜਰਮਨੀ ਦੇ ਇੱਕ ਸ਼ਾਹੀ ਪਰਿਵਾਰ ਨਾਲ ਜੁੜੇ ਹੇਨਰਿਕ 999 (71) ਨੂੰ ਤਖ਼ਤਾ ਪਲਟ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ 24 ਮੈਂਬਰਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਵਿੱਚ ਇੱਕ ਰੂਸੀ ਨਾਗਰਿਕ ਵੀ ਸੀ।

ਜਰਮਨੀ ਦੇ ਖੁਫੀਆ ਮੁਖੀ ਥਾਮਸ ਹੇਲਡੇਨਵਾਂਗ ਦਾ ਕਹਿਣਾ ਹੈ ਕਿ ਖ਼ੂਨੀ ਤਖਤਾ ਪਲਟ ਦੀ ਸਾਜ਼ਿਸ਼ ਇਕ ਗੰਭੀਰ ਮਾਮਲਾ ਸੀ।ਨਵ-ਨਾਜ਼ੀ ਜਥੇਬੰਦੀ ਨੇ ਹਥਿਆਰਾਂ ਦੇ ਭੰਡਾਰੇ ਵੀ ਸ਼ੁਰੂ ਕਰ ਦਿੱਤੇ ਸਨ। ਫੌਜ ਦੇ ਕੁਝ ਲੋਕ ਵੀ ਉਨ੍ਹਾਂ ਦੇ ਸੰਪਰਕ ਵਿੱਚ ਸਨ। ਉਨ੍ਹਾਂ ਦਾ ਜਾਲ ਜਰਮਨੀ ਦੇ 16 ਰਾਜਾਂ ਵਿੱਚ ਫੈਲਿਆ ਹੋਇਆ ਸੀ। ਫਿਰ 3,000 ਪੁਲਿਸ ਅਧਿਕਾਰੀਆਂ ਨੇ 130 ਟਿਕਾਣਿਆਂ 'ਤੇ ਛਾਪੇ ਮਾਰੇ। ਦੱਖਣੀ ਜਰਮਨੀ ਵਿਚ ਕੁਝ ਫੌਜੀ ਬੈਰਕਾਂ ਸਮੇਤ 50 ਥਾਵਾਂ 'ਤੇ ਮਾਰੂ ਹਥਿਆਰ ਮਿਲੇ ਸਨ।

ਜਰਮਨੀ ਦੇ ਨਿਆਂ ਮੰਤਰੀ ਮਾਰਕੋ ਬੁਸ਼ਮੈਨ ਨੇ ਇਸ ਛਾਪੇਮਾਰੀ ਨੂੰ 'ਅੱਤਵਾਦ ਵਿਰੋਧੀ ਕਾਰਵਾਈ' ਦੱਸਿਆ ਹੈ। ਉਨ੍ਹਾਂ ਕਿਹਾ ਸੀ ਕਿ ਇਨ੍ਹਾਂ ਲੋਕਾਂ ਨੇ 'ਡੇ ਐਕਸ' ਦੀ ਤਿਆਰੀ ਕੀਤੀ ਸੀ। ਉਨ੍ਹਾਂ ਦਾ ਇਰਾਦਾ ਸੰਸਦ ਭਵਨ ਅਤੇ ਸੱਤਾ 'ਤੇ ਕਬਜ਼ਾ ਕਰਨਾ ਸੀ। ਖੁਫੀਆ ਅਫਸਰਾਂ ਦਾ ਕਹਿਣਾ ਸੀ ਕਿ ਇਕ ਕੱਟੜਪੰਥੀ ਸੰਗਠਨ ਰੋਸੇਨਬਰਗ ਦੇ ਮੈਂਬਰ ਆਧੁਨਿਕ ਜਰਮਨੀ ਨੂੰ ਮਾਨਤਾ ਨਹੀਂ ਦਿੰਦੇ, ਅੱਜ ਦੇ ਟੈਕਸ, ਅਦਾਲਤਾਂ, ਪੁਲਿਸ ਵਰਗੀ ਕਿਸੇ ਪ੍ਰਣਾਲੀ ਵਿਚ ਵਿਸ਼ਵਾਸ ਨਹੀਂ ਕਰਦੇ।

ਕੁਝ ਅਧਿਐਨਾਂ ਦਾ ਕਹਿਣਾ ਹੈ ਕਿ 20% ਜਰਮਨ ਨਾਗਰਿਕ ਨਵ-ਨਾਜ਼ੀ ਜਥੇਬੰਦੀ ਦੇ ਸਾਜ਼ਿਸ਼ੀ ਪ੍ਰਚਾਰ ਕਾਰਣ ਗੁੰਮਰਾਹ ਹੋ ਸਕਦੇ ਹਨ। ਉਹ ਰੂਸੀ ਪ੍ਰਚਾਰ ਦਾ ਵੀ ਸ਼ਿਕਾਰ ਵੀ ਹੋ ਸਕਦੇ ਹਨ। ਬਹੁਤ ਸਾਰੇ ਜਰਮਨ ਨਾਗਰਿਕ ਕੋਵਿਡ ਤੋਂ ਬਾਅਦ ਮੌਜੂਦਾ ਰਾਜਨੀਤਿਕ, ਆਰਥਿਕ ਮਾਹੌਲ ਤੋਂ ਖ਼ੁਸ਼ ਨਹੀਂ ਹਨ। ਮਹਿੰਗਾਈ ਵਧ ਰਹੀ ਹੈ।ਇਸ ਦੇ ਲਈ ਉਹ ਸਰਕਾਰ ਨੂੰ ਦੋਸ਼ੀ ਮੰਨਦੇ ਹਨ। ਇਸ ਕਾਰਨ ਉਹ ਟੀਕਾ-ਵਿਰੋਧੀ ਅੰਦੋਲਨ ਵਰਗੇ ਕਈ ਤਰ੍ਹਾਂ ਦੇ ਪ੍ਰਚਾਰ ਦਾ ਸ਼ਿਕਾਰ ਹੋ ਰਹੇ ਹਨ। ਅਗਸਤ 2020 ਵਿੱਚ, ਇਸ ਤਰ੍ਹਾਂ ਦੇ ਨਾਜ਼ੀ ਸੰਗਠਨਾਂ ਨੇ ਜਰਮਨ ਸੰਸਦ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਸੀ।



ਇਟਲੀ ਵਿਚ ਸੱਜੇ ਪੱਖੀ ਨੇਤਾ ਜਾਰਜੀਆ ਮੇਲਾਨੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਿਛਲੇ ਦੋ ਮਹੀਨਿਆਂ ਵਿਚ ਇਟਲੀ ਪੁਲਿਸ ਨੇ ਕੱਟੜਪੰਥੀ ਸੰਗਠਨਾਂ ਖਿਲਾਫ ਤਿੰਨ ਵੱਡੀਆਂ ਕਾਰਵਾਈਆਂ ਕੀਤੀਆਂ ਹਨ। ਅਕਤੂਬਰ ਵਿੱਚ, ਅਮਰੀਕੀ ਸੰਗਠਨ BASE ਦੇ ਇਤਾਲਵੀ ਨੇਤਾ ਲੁਈਗੀ ਪੇਨੇਲੀ ਨੂੰ ਬਾਰੀ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਹ ਸੰਸਥਾ ਸ਼ਵੇਤਾ ਨੂੰ ਸਭ ਤੋਂ ਵਧੀਆ ਮੰਨਦੀ ਹੈ। ਪੁਲਿਸ ਦਾ ਕਹਿਣਾ ਹੈ ਕਿ ਉਹ ਹਿੰਸਾ ਦਾ ਸਮਰਥਕ ਹੈ। ਕਈ ਸ਼ਹਿਰਾਂ ਵਿੱਚ ਇੱਕ ਨਵ-ਨਾਜ਼ੀ ਨੈੱਟਵਰਕ ਉੱਤੇ ਛਾਪੇਮਾਰੀ ਕੀਤੀ ਗਈ। ਨਸਲਵਾਦੀ ਵਿਚਾਰਧਾਰਾ ਵਾਲੇ ਇਸ ਸੰਗਠਨ ਨਾਲ ਯੂਕਰੇਨ ਦੇ ਸੱਜੇ-ਪੱਖੀ ਸਮੂਹ ਵੀ ਜੁੜੇ ਹੋਏ ਹਨ। ਉਹ ਇੱਕ ਮਾਲ ਅਤੇ ਪੁਲਿਸ ਸਟੇਸ਼ਨ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ।

ਦਸੰਬਰ 2022 ਤੱਟਵਰਤੀ ਸ਼ਹਿਰ ਜਿਨੇਵਾ ਵਿੱਚ ਨੌਜਵਾਨਾਂ ਦੇ ਇੱਕ ਸਮੂਹ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਵਿੱਚ ਨਾਬਾਲਗ ਸ਼ਾਮਲ ਸਨ। ਉਹ ਸੋਸ਼ਲ ਮੀਡੀਆ 'ਤੇ ਨਸਲਵਾਦੀ, ਸਮਲਿੰਗੀ, ਨਿਓ-ਨਾਜ਼ੀ ਸਮੱਗਰੀ ਪੋਸਟ ਕਰਦੇ ਸਨ। ਇਟਲੀ ਵਿਚ ਫਾਸ਼ੀਵਾਦ ਦੀ ਵਡਿਆਈ ਕਰਨ ਅਤੇ ਇਸ ਦੇ ਪ੍ਰੋਗਰਾਮ ਆਯੋਜਿਤ ਕਰਨ 'ਤੇ ਕਾਨੂੰਨੀ ਪਾਬੰਦੀ ਹੈ, ਪਰ ਕਾਨੂੰਨ ਲਾਗੂ ਨਹੀਂ ਕੀਤਾ ਗਿਆ।

ਅਲਜਜੀਰਾ ਡਾਟ ਕਾਮ ਅਨੁਸਾਰ ਮੇਲਾਨੀਆ ਨੇ ਇੰਟਰਵਿਊ ਵਿਚ ਖੁਦ ਨੂੰ ਮੁਸੇਲਿਨੀ ਦਾ ਸਮਰਥਕ ਦੱਸਿਆ ਸੀ। ਮੁਸੋਲਿਨੀ ਨੂੰ ਪ੍ਰੀਡੇਪੀਏ, ਇਟਲੀ ਵਿੱਚ ਦਫ਼ਨਾਇਆ (ਬਾਕੀ ਸਫ਼ਾ 31 'ਤੇ)

ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਵ 'ਤੇ ਵਿਸ਼ੇਸ਼

# ਹੱਕ-ਪ੍ਰਸਤ ਤੇ ਹੱਕ ਮੁਤਲਾਸ਼ੀਆਂ ਦੇ ਵਿਸ਼ਵ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਤਲਵਿੰਦਰ ਸਿੰਘ ਬੁਟਰ



ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਜਗਤ ਵਿਚ ਆਪਣੇ ਆਗਮਨ ਦਾ ਤੱਤ-ਉਦੇਸ਼ ਜਾਂ ਸਤਿ-ਆਦਰਸ਼ ਖ਼ੁਦ ਆਪਣੀ ਪਾਵਨ ਬਾਣੀ 'ਬਚਿਤ੍ਰ ਨਾਟਕ' ਵਿਚ ਬੜੇ ਸਪੱਸ਼ਟ ਤੇ ਸ਼ਾਹਕਾਰ ਤਰੀਕੇ ਨਾਲ ਪ੍ਰਗਟਾਉਂਦੇ ਹਨ :

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵਿ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥੪੩॥
(ਬਚਿੱਤ੍ਰ ਨਾਟਕ, ਅਧਿਆਇ ੬)

ਉਪਰੋਕਤ ਮੁੱਖ ਵਾਕ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਕਿਸੇ ਖ਼ਾਸ ਕੌਮ, ਖਿੱਤੇ, ਦੇਸ਼, ਜਾਤੀ, ਮਜ਼੍ਹਬ ਜਾਂ ਕੁਲ ਦੇ ਭਲੇ ਲਈ ਮਖ਼ਸੂਸ (ਰਾਖ਼ਵਾਂ) ਨਹੀਂ, ਸਗੋਂ ਸਾਰੇ ਜਗਤ ਦੇ ਉਧਾਰ ਲਈ ਹੈ। ਗੁਰੂ ਸਾਹਿਬ ਧਰਮ ਦੇ ਵਿਸਥਾਰ ਹੇਤ, ਦੀਨ-ਦੁਨੀ ਦੀ ਰੱਖਿਆ ਤੇ ਦੁਸ਼ਟਾਂ-ਜ਼ਾਲਮਾਂ ਦਾ ਨਾਸ਼ ਕਰਨ ਲਈ ਹੀ ਅਕਾਲ ਪੁਰਖ ਦੁਆਰਾ ਜਗਤ ਵਿਖੇ ਆਏ 'ਪਰਮ ਦੂਤ' ਸਨ।

ਦਸਮ ਪਾਤਿਸ਼ਾਹ ਦਾ ਆਦਰਸ਼ ਕਿੰਨਾ ਉੱਚਾ-ਸੁੱਚਾ ਤੇ ਸਰਬਸਾਂਝਾ ਸੀ। ਗੁਰੂ ਦਸਮੇਸ਼ ਜੀ ਆਪਣੀ ਸੰਸਾਰਕ ਯਾਤਰਾ 'ਚ ਹੀ ਅਜਿਹੇ ਪੂਰਨੇ ਪਾ ਗਏ ਹਨ ਕਿ ਕੋਈ ਸ਼ੰਕਾ-ਸੁਬਹਾ ਹੋਣ ਦੀ ਗੁੰਜਾਇਸ਼ ਹੀ ਨਹੀਂ ਬਚਦੀ।

ਦਸਮ ਪਾਤਿਸ਼ਾਹ ਇਸ ਮਾਤ ਲੋਕ ਵਿਚ ਸਮੁੱਚੀ ਮਾਨਵਤਾ ਨੂੰ ਮਜ਼੍ਹਬਾਂ, ਫ਼ਿਰਕਿਆਂ, ਫ਼ੋਕਟ ਕਰਮ-ਕਾਂਡਾਂ ਦੇ ਝਗੜੇ-ਝੇੜਿਆਂ ਵਿਚੋਂ ਬਾਹਰ ਕੱਢ ਕੇ ਸਿਰਫ਼ ਧਰਮ ਦੇ ਸਹੀ ਰਾਹ 'ਤੇ ਤੋਰਨ ਲਈ ਆਏ ਸਨ, ਜਿਸ ਦਾ ਜ਼ਿਕਰ ਦਸਮ ਪਿਤਾ ਖ਼ੁਦ ਕਰਦੇ ਹਨ :

ਮੈ ਅਪਨਾ ਸੁਤ ਤੋਹਿ ਨਿਵਾਜਾ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ॥
ਜਹਾ ਤਹਾਂ ਤੈ ਧਰਮੁ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ॥ ੨੯॥
(ਬਚਿਤ੍ਰ ਨਾਟਕ)

ਕੁਝ ਨਵੀਨ ਇਤਿਹਾਸਕਾਰਾਂ ਨੇ ਇਕ ਭੁਲੇਖਾ ਪਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਦਰਸ਼ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼, ਵੱਖੋ-ਵੱਖਰਾ ਸੀ। ਦਰਅਸਲ ਗੁਰੂ ਸਾਹਿਬਾਨ ਦੇ ਆਦਰਸ਼ ਨੂੰ ਸਮਝੇ ਬਗ਼ੈਰ ਹੀ ਅਜਿਹੀਆਂ ਮਿੱਥਾਂ ਬਣਾ ਲਈਆਂ ਜਾਂਦੀਆਂ ਹਨ, ਜਦੋਂ ਕਿ ਸ਼ਾਂਤਮਈ ਰਹਿਣਾ ਜਾਂ ਸ਼ਸਤਰ ਚੁੱਕਣਾ ਹੀ ਗੁਰੂ ਸਾਹਿਬਾਨ ਦਾ ਵਾਸਤਵੀ ਆਦਰਸ਼ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦਸਾਂ ਗੁਰੂ ਸਾਹਿਬਾਨ ਦਾ ਉਦੇਸ਼ ਜਾਂ ਆਦਰਸ਼ ਸਮੁੱਚੀ ਲੋਕਾਈ ਨੂੰ ਆਤਮਿਕ ਤੇ ਸਰੀਰਕ ਗ਼ੁਲਾਮੀ ਦੇ ਬਹੁਪ੍ਰਕਾਰੀ ਬੰਧਨਾਂ ਤੋਂ ਮੁਕਤ ਕਰਨਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸ਼ਾਸਤਰ' ਦੀ ਵਰਤੋਂ ਕੀਤੀ ਤੇ ਹਾਲਾਤ ਅਨੁਸਾਰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸ਼ਾਸਤਰ' ਦੇ ਨਾਲ 'ਸ਼ਸਤਰ' ਦੀ ਵਰਤੋਂ ਵੀ ਕੀਤੀ। ਦਸਮ ਪਾਤਿਸ਼ਾਹ 'ਬਚਿਤ੍ਰ ਨਾਟਕ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਾਂ ਜਾਮਿਆਂ ਦੀ ਇਕੋ ਜੋਤਿ ਤੇ ਜੁਗਤ ਦਾ ਪ੍ਰਗਟਾਵਾ ਇਉਂ ਕਰਦੇ ਹਨ :

ਸ੍ਰੀ ਨਾਨਕ ਅੰਗਦਿ ਕਰਿ ਮਾਨਾ॥
ਅਮਰਦਾਸ ਅੰਗਦ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥
ਸਾਧਨਿ ਲਖਾ ਮੂੜ੍ਹ ਨਹਿ ਪਾਯੋ॥੯॥
ਭਿੰਨ ਭਿੰਨ ਸਭਹੂੰ ਕਰ ਜਾਨਾ॥
ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧ ਪਾਈ॥
ਬਿਨ ਸਮਝੇ ਸਿਧ ਹਾਥਿ ਨ ਆਈ॥੧੦॥
ਰਾਮਦਾਸ ਹਰਿ ਸੋ ਮਿਲ ਗਏ॥
ਗੁਰਤਾ ਦੇਤ ਅਰਜਨਹਿ ਭਏ॥
ਜਬ ਅਰਜਨ ਪ੍ਰਭੁ ਲੋਕ ਸਿਧਾਏ॥
ਹਰਿਗੋਬਿੰਦ ਤਿਹ ਠਾਂ ਠਹਿਰਾਏ॥੧੧॥
ਹਰਿਗੋਬਿੰਦ ਪ੍ਰਭ ਲੋਕ ਸਿਧਾਰੇ॥
ਹਰੀਰਾਇ ਤਿਹ ਠਾਂ ਬੈਠਾਰੇ॥
ਹਰੀਕ੍ਰਿਸਨ ਤਿਨ ਕੇ ਸੁਤ ਵਏ॥
ਤਿਨ ਤੇ ਤੇਗ ਬਹਾਦਰ ਭਏ॥੧੨॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਤਿ-ਆਦਰਸ਼ ਵਿਚ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਵੈਰ ਕਿਸੇ ਮਜ਼੍ਹਬ ਨਾਲ ਨਹੀਂ, ਸਗੋਂ ਜ਼ੁਲਮ ਦੇ ਨਾਲ ਹੈ। ਦੁਸ਼ਟ-ਦਮਨ ਦਸਮੇਸ਼ ਗੁਰੂ, ਦੁਸ਼ਟਾਂ ਨੂੰ ਮਾਰਦੇ ਨਹੀਂ, ਸਗੋਂ ਤਰੁੱਠ ਕੇ, ਤਰਸ ਕਰਕੇ, ਉਨ੍ਹਾਂ ਦੀ ਦੁਸ਼ਟਤਾਈ ਨੂੰ ਬਿਦਾਰ ਕੇ ਉਨ੍ਹਾਂ ਦਾ ਉਧਾਰ ਕਰਦੇ ਸਨ। ਗੁਰੂ ਜੀ ਦੇ ਹਰੇਕ ਤੀਰ ਨਾਲ 'ਸਵਾ ਤੋਲਾ ਸੋਨਾ' ਲੱਗਾ ਹੋਣਾ ਕਿ; ਜੇਕਰ ਜ਼ਾਲਮ ਫ਼ੌਜ ਦਾ ਕੋਈ ਸਿਪਾਹੀ ਇਸ ਤੀਰ ਨਾਲ ਜ਼ਖ਼ਮੀ ਹੋਵੇ ਤਾਂ ਇਸ ਸੋਨੇ ਨਾਲ ਆਪਣਾ ਦਵਾ-ਦਾਰੂ ਦਾ ਇੰਤਜ਼ਾਮ ਕਰ ਸਕੇ ਤੇ ਜੇਕਰ ਉਸ ਦੀ ਮੌਤ ਹੋ ਜਾਵੇ ਤਾਂ ਉਸ ਦੇ ਪਰਿਵਾਰ ਵਾਲੇ ਉਸ ਦਾ ਅੰਤਮ ਕਿਰਿਆ-ਕਰਮ ਕਰ ਸਕਣ।

ਗੁਰੂ ਸਾਹਿਬ ਨੇ ਕਿਸੇ ਖ਼ਾਸ ਫ਼ਿਰਕੇ ਦੇ ਖਿਲਾਫ਼ ਸੰਘਰਸ਼ ਨਹੀਂ ਕੀਤਾ, ਕਿਉਂਕਿ ਇਕ ਪਾਸੇ ਜਿੱਥੇ ਦਸਮ ਪਾਤਿਸ਼ਾਹ ਨੇ ਜ਼ਾਲਮ ਮੁਗ਼ਲ ਸਲਤਨਤ ਦੀਆਂ ਜੜ੍ਹਾਂ ਪੁੱਟ ਸੁੱਟੀਆਂ, ਉਥੇ ਭੰਗਾਣੀ ਦੇ ਮੈਦਾਨ ਵਿਚ ਪਹਾੜੀ ਰਾਜਪੂਤ ਰਾਜੇ ਭੀਮ ਚੰਦ ਨੇ ਗੁਰੂ ਜੀ ਨੂੰ ਜੰਗ ਦਾ ਨਿਓਂਦਾ ਦਿੱਤਾ ਤਾਂ ਪੀਰ ਬੁੱਧੂ ਸ਼ਾਹ ਵਰਗੇ ਮੁਸਲਮਾਨ ਫ਼ਕੀਰ ਆਪਣੇ ਦੋ ਭਰਾਵਾਂ, ਚਾਰ ਪੁੱਤਰਾਂ ਤੇ ਸੱਤ ਸੌ ਮੁਰੀਦਾਂ ਸਮੇਤ ਗੁਰੂ-ਘਰ ਤਰਫ਼ੋਂ ਮੁਗ਼ਲਾਂ ਨਾਲ ਜੂਝਣ ਲਈ ਪਹੁੰਚਦੇ ਹਨ। ਖ਼ਾਲਸਾ ਪੰਥ ਦੀ ਸਾਜਨਾ ਸੰਬੰਧੀ ਔਰੰਗਜ਼ੇਬ ਦੇ ਇਕ ਅਖ਼ਬਾਰ ਨਵੀਸ ਵਲੋਂ ਭੇਜੀ ਗਈ ਨਿਰਪੱਖ ਰਿਪੋਰਟ, ਜਿਸ ਦਾ ਹਵਾਲਾ ਇਤਿਹਾਸਕਾਰ ਮੈਕਾਲਫ਼ ਨੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੇ ਇਤਿਹਾਸਕਾਰ ਬੂਟੇ ਸ਼ਾਹ ਦੀ 'ਤਵਾਰੀਖ਼-ਏ-ਪੰਜਾਬ' ਵਿਚੋਂ ਲਿਆ ਹੈ, ਵੀ ਕਾਬਲ-ਏ-ਗੌਰ ਹੈ। 'ਚਾਰ ਵਰਣਾਂ ਤੋਂ ਨਿਰਲੇਪ ਇਕ ਵੱਖਰਾ ਮਜ਼੍ਹਬ ਹੋਂਦ ਵਿਚ ਆ ਗਿਆ ਹੈ ਅਤੇ ਗੁਰੂ ਗੋਬਿੰਦ ਸਿੰਘ ਨੇ ਖ਼ੁਦਾ ਦੀ ਥਾਂ ਲੈਂਦੇ ਅਵਤਾਰਾਂ ਦੀ ਪੂਜਾ ਦਾ ਦੌਰ ਆਪਣੀ ਉੱਮਤ ਵਿਚੋਂ ਖ਼ਤਮ ਕਰ ਦਿੱਤਾ ਹੈ ਅਤੇ ਵੀਹ ਹਜ਼ਾਰ ਲੋਕਾਂ ਨੇ ਇਸ ਨਵੀਂ ਕਿਸਮ ਦੇ ਮਜ਼੍ਹਬ ਨੂੰ ਅਖ਼ਤਿਆਰ ਕੀਤਾ ਹੈ'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੌਮ ਸਾਰਾ ਸੰਸਾਰ ਸੀ, ਉਨ੍ਹਾਂ ਦਾ ਦੇਸ਼ ਸਮੁੱਚੀ ਰੱਬੀ ਰਚਨਾ ਸੀ, ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਤੋਂ ਕੋਈ ਭਿੰਨ ਨਹੀਂ। ਗੁਰੂ ਨਾਨਕ ਦਾ ਸਿੱਖ ਧਰਮ ਸਾਰੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ 'ਚ ਲੈਣ ਦੀ ਗੱਲ ਆਖਦਾ ਹੈ। 'ਜਨ ਨਾਨਕ ਕਾ ਹਰਿ ਧੜਾ ਧਰਮੁ, ਸਭ ਸ੍ਰਿਸਟਿ ਜਿਣਿ ਆਵੈ॥ (ਰਾਗੁ ਆਸਾ ਘਰੁ ੨ ਮ. ੪, ਅੰਗ : ੩੬੬)।



# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਚਮਕੌਰ ਸਾਹਿਬ ਦੀ ਧਰਤੀ ’ਤੇ ਲੜੀਆਂ ਸਨ ਦੋ ਜੰਗਾਂ

**ਬਹਾਦਰ ਸਿੰਘ ਗੋਸਲ**

ਸ੍ਰੀ ਚਮਕੌਰ ਸਾਹਿਬ ਦੀ ਧਰਤ ਸਿੱਖ ਇਤਿਹਾਸ ਵਿੱਚ ਇੱਕ ਨਿਵੇਕਲਾ ਸਥਾਨ ਰੱਖਦੀ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ 40 ਸਿੰਘ ਸ਼ਹੀਦ ਹੋਏ ਸਨ। ਇਸ ਲੜਾਈ ਨੂੰ ਸੰਸਾਰ ਦੀ ਅਦਭੁੱਤ, ਵਿਲੱਖਣ, ਸੂਰਬੀਰਤਾ ਭਰੀ, ਲਾਸਾਨੀ ਅਤੇ ਅਸਾਵੀ ਜੰਗ ਮੰਨਿਆ ਜਾਂਦਾ ਹੈ। ਹਰ ਸਿੱਖ ਦੇ ਮਨ ਵਿੱਚ ਇਸ ਸਥਾਨ ਲਈ ਸ਼ਰਧਾ ਅਤੇ ਮੋਹ ਭਰਿਆ ਹੋਇਆ ਹੈ। ਇਸ ਸਥਾਨ ’ਤੇ ਦਸਮੇਸ਼ ਪਿਤਾ ਨੇ ਇੱਕ ਨਹੀਂ, ਦੋ ਲੜਾਈਆਂ ਲੜੀਆਂ ਸਨ ਜਿਨ੍ਹਾਂ ਦਾ ਸਿੱਖ ਇਤਿਹਾਸ ਵਿੱਚ ਵਰਣਨ ਮਿਲਦਾ ਹੈ। ਸ੍ਰੀ ਚਮਕੌਰ ਸਾਹਿਬ ਦੀ ਧਰਤ ’ਤੇ ਹਰ ਸਾਲ ਜੋੜ ਮੇਲੇ ਮੌਕੇ ਅੱਜ ਵੀ ਲੱਖਾਂ ਲੋਕ ਨਤਮਸਤਕ ਹੁੰਦੇ ਹਨ। ਕਲਗੀਧਰ ਪਾਤਸ਼ਾਹ ਵੱਲੋਂ ਸ੍ਰੀ ਚਮਕੌਰ ਸਹਿਬ ਵਿਖੇ ਲੜੀਆਂ ਗਈਆਂ ਜੰਗਾਂ ਦਾ ਸੰਖੇਪ ਵੇਰਵਾ ਇਉਂ ਹੈ:

**ਸ੍ਰੀ ਚਮਕੌਰ ਸਾਹਿਬ ਦੀ ਪਹਿਲੀ ਜੰਗ**

ਜਦੋਂ 1700 ਈਸਵੀ ਵਿੱਚ ਨਿਰਮੋਹਗੜ੍ਹ ਵਿਖੇ ਬੁਰੀ ਹਾਰ ਖਾ ਕੇ ਪਹਾੜੀਏ ਕੁਝ ਸ਼ਾਂਤ ਹੋ ਗਏ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਧਰਮ ਪ੍ਰਚਾਰ ਲਈ ਸਮਾਂ ਕੱਢਿਆ। ਪ੍ਰੋ. ਸਾਹਿਬ ਸਿੰਘ ਅਨੁਸਾਰ ਸੰਨ 1703 ਦੇ ਜਨਵਰੀ ਮਹੀਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੂਰਜ ਗ੍ਰਹਿਣ ਦੇ ਮੇਲੇ ’ਤੇ ਕੁਰਖੇਤਰ (ਕੁਰੂਕਸ਼ੇਤਰ) ਗਏ। ਇਸ ਮੇਲੇ ’ਤੇ ਅਜਮੇਰ ਚੰਦ ਕਈ ਹਿੰਦੂ ਪਹਾੜੀ ਰਾਜਿਆਂ ਸਮੇਤ ਕੁਰਖੇਤਰ ਪਹੁੰਚੇ ਹੋਏ ਸਨ।

ਕੁਰਖੇਤਰ ਤੋਂ ਵਾਪਸੀ ਸਮੇਂ ਗੁਰੂ ਜੀ ਰੋਪੜ (ਰੂਪਨਗਰ) ਤੋਂ ਪੰਦਰਾਂ ਕੁ ਮੀਲ ਦੀ ਦੂਰੀ ਪਰ ਚਮਕੌਰ ਪਹੁੰਚ ਗਏ। ਉਨ੍ਹਾਂ ਦਿਨਾਂ ਵਿੱਚ ਹੀ ਫ਼ੌਜਦਾਰ ਅਲਫ਼ ਖ਼ਾਂ ਅਤੇ ਸੈਂਦ ਬੇਗ ਦਿੱਲੀ ਵੱਲ ਜਾ ਰਹੇ ਸਨ। ਅਜਮੇਰ ਚੰਦ ਨੇ ਚੰਗਾ ਮੌਕਾ ਦੇਖ ਉਨ੍ਹਾਂ ਨੂੰ ਗੁਰੂ ਜੀ ਵਿਰੁੱਧ ਭੜਕਾਇਆ ਅਤੇ ਆਨੰਦਪੁਰ ਸਾਹਿਬ ਤੋਂ ਬਾਹਰ ਹੀ ਹੱਲਾ ਕਰਨ ਲਈ ਉਕਸਾਇਆ ਅਤੇ ਇਸ ਬਦਲੇ ਚੰਗਾ ਨਜ਼ਰਾਨਾ ਦੇਣਾ ਵੀ ਕੀਤਾ। ਇਸ ਤਰ੍ਹਾਂ ਮੁਗ਼ਲਾਂ ਨੇ ਸਮਾਂ ਦੇਖ ਕੇ ਸਿੰਘਾਂ ਪਰ ਚਮਕੌਰ ਵਿਖੇ ਹੱਲਾ ਬੋਲ ਦਿੱਤਾ। ਪਰ ਸੈਂਦ ਬੇਗ ਨੇ ਗੁਰੂ ਜੀ ਬਾਰੇ ਬੜਾ ਕੁਝ ਸੁਣ ਰੱਖਿਆ ਸੀ। ਉਸ ਨੇ ਅਮਨ ਚੈਨ ਨਾਲ ਬੈਠੇ ਸਿੰਘਾਂ ’ਤੇ ਹਮਲਾ ਕਰਨਾ ਠੀਕ ਨਾ ਸਮਝਿਆ ਸਗੋਂ ਉਹ ਵਿਰੋਧਤਾ ਛੱਡ ਆਪਣੇ ਸਾਥੀਆਂ ਸਮੇਤ ਗੁਰੂ ਜੀ ਦੀ ਸ਼ਰਨ ਵਿੱਚ ਆ ਗਿਆ। ਲੜਾਈ ਸਮੇਂ ਸੈਂਦ ਬੇਗ ਗੁਰੂ ਜੀ ਨਾਲ ਜਾ ਰਲਿਆ ਅਤੇ ਦੱਸਿਆ ਕਿ ਉਹ ਭੀਮ ਚੰਦ ਦੀ ਪ੍ਰੇਰਨਾ ਕਰਕੇ ਜੰਗ ਲੜਨ ਦੀ ਗ਼ਲਤੀ ਕਰ ਬੈਠਾ ਹੈ। ਸੈਂਦ ਬੇਗ ਦੇ ਪਾਸਾ ਪਲਟਣ ਕਰਕੇ ਅਲਫ਼ ਖ਼ਾਂ ਬਹੁਤ ਦੇਰ ਲੜ ਨਾ ਸਕਿਆ ਅਤੇ ਆਪਣੀ ਫ਼ੌਜ ਲੈ ਕੇ ਦਿੱਲੀ ਵੱਲ ਨੂੰ ਤੁਰ ਪਿਆ। ਉੱਧਰ ਸੈਂਦ ਬੇਗ ਗੁਰੂ ਜੀ ਪਾਸ ਹੀ ਠਹਿਰ ਗਿਆ ਅਤੇ ਬਾਕੀ ਜੰਗਾਂ ਵਿੱਚ ਵੀ ਗੁਰੂ ਜੀ ਵੱਲੋਂ ਲੜਿਆ। ਗੁਰੂ ਜੀ ਸਿੰਘਾਂ ਸਮੇਤ ਮੁੜ ਸ੍ਰੀ ਆਨੰਦਪੁਰ ਸਾਹਿਬ ਆ ਗਏ।



ਸ੍ਰੀ ਚਮਕੌਰ ਸਾਹਿਬ ਦੀ ਧਰਤ ਸਿੱਖ ਇਤਿਹਾਸ ਵਿੱਚ ਇੱਕ ਨਿਵੇਕਲਾ ਸਥਾਨ ਰੱਖਦੀ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ 40 ਸਿੰਘ ਸ਼ਹੀਦ ਹੋਏ ਸਨ। ਇਸ ਲੜਾਈ ਨੂੰ ਸੰਸਾਰ ਦੀ ਅਦਭੁੱਤ, ਵਿਲੱਖਣ, ਸੂਰਬੀਰਤਾ ਭਰੀ, ਲਾਸਾਨੀ ਅਤੇ ਅਸਾਵੀ ਜੰਗ ਮੰਨਿਆ ਜਾਂਦਾ ਹੈ। ਹਰ ਸਿੱਖ ਦੇ ਮਨ ਵਿੱਚ ਇਸ ਸਥਾਨ ਲਈ ਸ਼ਰਧਾ ਅਤੇ ਮੋਹ ਭਰਿਆ ਹੋਇਆ ਹੈ। ਇਸ ਸਥਾਨ ’ਤੇ ਦਸਮੇਸ਼ ਪਿਤਾ ਨੇ ਇੱਕ ਨਹੀਂ, ਦੋ ਲੜਾਈਆਂ ਲੜੀਆਂ ਸਨ ਜਿਨ੍ਹਾਂ ਦਾ ਸਿੱਖ ਇਤਿਹਾਸ ਵਿੱਚ ਵਰਣਨ ਮਿਲਦਾ ਹੈ। ਸ੍ਰੀ ਚਮਕੌਰ ਸਾਹਿਬ ਦੀ ਧਰਤ ’ਤੇ ਹਰ ਸਾਲ ਜੋੜ ਮੇਲੇ ਮੌਕੇ ਅੱਜ ਵੀ ਲੱਖਾਂ ਲੋਕ ਨਤਮਸਤਕ ਹੁੰਦੇ ਹਨ।

**ਸ੍ਰੀ ਚਮਕੌਰ ਸਾਹਿਬ ਦੀ ਅਸਾਵੀਂ ਜੰਗ**

ਸਰਸਾ ਨਦੀ ਰੋਪੜ ਤੋਂ 11 ਮੀਲ ਦੀ ਦੂਰੀ ’ਤੇ ਹੈ। ਸਰਸਾ ਪਾਰ ਕਰਕੇ ਅਤੇ ਰੋਪੜੀਏ ਪਠਾਣਾਂ ਵੱਲੋਂ ਰਸਤਾ ਘੇਰਨ ’ਤੇ ਉਨ੍ਹਾਂ ਨੂੰ ਸਬਕ ਸਿਖਾ ਗੁਰੂ ਜੀ ਰੋਪੜ ਤੋਂ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘਾਂ ਸਮੇਤ ਚਮਕੌਰ ਦੇ ਨੇੜੇ ਪਹੁੰਚ ਗਏ। ਚਮਕੌਰ ਰੋਪੜ ਤੋਂ 15 ਮੀਲ ਦੂਰ ਲਹਿੰਦੇ ਪਾਸੇ ਵੱਲ ਹੈ। ਜਦੋਂ ਇਹ ਵਹੀਰ ਚਮਕੌਰ ਦੇ ਨੇੜੇ ਪਹੁੰਚੀ ਤਾਂ ਸੂਹ ਮਿਲੀ ਕਿ ਦਿੱਲੀ ਤੋਂ ਦਸ ਲੱਖ ਮੁਗ਼ਲ ਸੈਨਾ ਉਨ੍ਹਾਂ ਦਾ ਪਿੱਛਾ ਕਰਨ ਲਈ ਚਮਕੌਰ ਨੇੜੇ ਪਹੁੰਚ ਚੁੱਕੀ ਹੈ ਤਾਂ ਗੁਰੂ ਜੀ ਨੇ ਚਮਕੌਰ ਵਿਖੇ ਹੀ ਰੁਕਣ ਦੀ ਵਿਉਂਤ ਬਣਾਈ। ਦੂਜਾ, ਇਸ ਦਾ ਵੱਡਾ ਕਾਰਨ ਇਹ ਵੀ ਸੀ ਕਿ ਸਿੰਘ ਸਵੇਰ ਤੋਂ ਭੁੱਖੇ ਭਾਣੇ ਅਤੇ ਥੱਕ-ਟੁੱਟ ਚੁੱਕੇ ਸਨ। ਕੁਝ ਆਰਾਮ ਦੀ ਜ਼ਰੂਰਤ ਵੀ ਸੀ।

ਚਮਕੌਰ ਵਿਖੇ ਠਾਹਰ ਕਰਨ ਲਈ ਉਨ੍ਹਾਂ ਨੇ ਪਿੰਡ ਦੀ ਇੱਕ ਉੱਚੀ ਥਾਂ ’ਤੇ ਬਣੀ ਦੋ ਭਰਾਵਾਂ ਬੁੱਧੀ ਚੰਦ ਅਤੇ ਗਰੀਬੂ ਦੀ ਹਵੇਲੀ, ਜੋ ਉਨ੍ਹਾਂ ਨੂੰ ਦੇ ਦਿੱਤੀ ਗਈ ਸੀ, ਵਿਖੇ ਆਪਣੇ ਡੇਰੇ ਲਗਾਏ। ਪਿੰਡ ਵਾਸੀਆਂ ਨੇ ਗੁਰੂ ਜੀ ਦਾ ਉੱਥੇ ਪਹੁੰਚਣਾ ਸੁਣ ਕੇ ਲੰਗਰ-ਪਾਣੀ ਨਾਲ ਸੇਵਾ ਕੀਤੀ। ਪਰ 7 ਪੋਹ ਦੀ ਰਾਤ ਨੂੰ ਹੀ ਮੁਗ਼ਲ ਸੈਨਾ ਨੇ ਉੱਥੇ ਪਹੁੰਚ ਕੇ ਕੱਚੀ ਗੜ੍ਹੀ ਨੂੰ ਘੇਰਾ ਪਾ ਲਿਆ। ਇੱਥੇ ਇਹ ਗੱਲ ਵੀ ਦੱਸਣ ਯੋਗ ਹੈ ਕਿ ਇਹ ਗੜ੍ਹੀ ਕੋਈ ਕਿਲ੍ਹਾ ਨਹੀਂ ਸੀ ਸਗੋਂ ਇੱਕ ਵੱਡੀ ਹਵੇਲੀ ਹੀ ਸੀ।




ਅੱਠ ਪੋਹ ਸੰਮਤ 1761 ਦਾ ਦਿਨ ਚੜ੍ਹਿਆਂ ਮੁਗ਼ਲ ਸੈਨਾਵਾਂ ਟਿੱਡੀ ਦਲ ਵਾਂਗ ਗੜ੍ਹੀ ਨੂੰ ਚੁਫੇਰਿਓਂ ਘੇਰ ਕੇ ਮਾਰੋ ਮਾਰ ਬੰਦੂਕਾਂ ਅਤੇ ਸ਼ਸਤਰ ਚਲਾਉਣ ਲੱਗੀਆਂ। ਉੱਧਰ ਗੁਰੂ ਜੀ ਨੇ ਵੀ ਆਪਣੀ ਯੁੱਧ ਨੀਤੀ ਅਨੁਸਾਰ ਅੱਠ-ਅੱਠ ਸਿੰਘਾਂ ਨੂੰ ਤੀਰਾਂ ਬੰਦੂਕਾਂ ਅਤੇ ਸ਼ਸਤਰਾਂ ਨਾਲ ਲੈਸ ਕਰ ਗੜ੍ਹੀ ਦੇ ਚਾਰ ਕੋਨਿਆਂ ’ਤੇ ਤਾਇਨਾਤ ਕਰ ਦਿੱਤਾ। ਦੋ ਸਿੰਘ ਦਰਵਾਜ਼ੇ ’ਤੇ ਲਗਾ ਦਿੱਤੇ। ਗੁਰੂ ਸਾਹਿਬ ਨੇ ਆਪ ਸਾਹਿਬਜ਼ਾਦਿਆਂ ਅਤੇ ਬਾਕੀ ਸਿੰਘਾਂ ਸਮੇਤ ਗੜ੍ਹੀ ਦੀ ਮਮਟੀ ’ਤੇ ਮੋਰਚਾ ਸੰਭਾਲ ਲਿਆ ਜਿੱਥੋਂ ਬੜੀ ਦੂਰ-ਦੂਰ ਤੱਕ ਸਭ ਕੁਝ ਨਜ਼ਰ ਆਉਂਦਾ ਸੀ। ਸਿੰਘਾਂ ਦੀ ਗਿਣਤੀ ਵੀ ਘੱਟ ਸੀ ਅਤੇ ਉਨ੍ਹਾਂ ਪਾਸ ਹਥਿਆਰ ਅਤੇ ਗੋਲੀ ਸਿੱਕਾ ਵੀ ਬਹੁਤ ਨਹੀਂ ਸੀ। ਲੱਖਾਂ ਦੀ ਫ਼ੌਜ ਦਾ ਮੁਕਾਬਲਾ ਕਰਨਾ ਕੋਈ ਸੌਖਾ ਨਹੀਂ ਸੀ।

ਸਿੰਘਾਂ ਦੀ ਥੋੜ੍ਹੀ ਗਿਣਤੀ ਸੁਣ ਮੁਗ਼ਲ ਸੈਨਾ ਦੇ ਹੌਸਲੇ ਬਹੁਤ ਵਧ ਗਏ ਸਨ। ਉਹ ਵਾਰ-ਵਾਰ ਗੜ੍ਹੀ ’ਤੇ ਹਮਲਾ ਕਰਦੇ ਪਰ ਅੰਦਰੋਂ ਮੀਂਹ ਵਾਂਗ ਤੀਰਾਂ ਦੀ ਵਰਖਾ ਦੇਖ ਨੇੜੇ ਢੁੱਕਣ ਦਾ ਹੌਸਲਾ ਨਾ ਕਰਦੇ। ਗੜ੍ਹੀ ਦੀ ਓਟ ਵਿੱਚ ਸਿੰਘਾਂ ਦਾ ਜਾਨੀ ਨੁਕਸਾਨ ਬਹੁਤ ਘੱਟ ਹੋ ਰਿਹਾ ਸੀ। ਗਹਿਗੱਚ ਲੜਾਈ ਵਿੱਚ ਨਾਹਰ ਖ਼ਾਨ, ਗੈਰਤ ਖ਼ਾਨ ਅਤੇ ਖ਼ਵਾਜ਼ਾ ਮੁਹੰਮਦ ਮਰਦੂਦ ਨੇ ਮਿਲ ਕੇ ਤਿੰਨਾਂ ਪਾਸਿਆਂ ਤੋਂ ਇਕੱਠਾ ਹਮਲਾ ਕੀਤਾ। ਉਸੇ ਸਮੇਂ ਤੀਰਾਂ ਦੀ ਮਾਰ ਨਾਲ ਨਾਹਰ ਖ਼ਾਨ ਅਤੇ ਗੈਰਤ ਖ਼ਾਨ ਮਾਰੇ ਗਏ, ਪਰ ਮੁਹੰਮਦ ਮਰਦੂਦ ਗੜ੍ਹੀ ਦੀ ਦੀਵਾਰ ਦਾ ਆਸਰਾ ਲੈ ਕੇ ਬਚ ਨਿਕਲਿਆ। ਮੁਗ਼ਲਾਂ ਨੇ ਪੌੜੀਆਂ ਲਗਾ ਕੇ ਹਵੇਲੀ ਅੰਦਰ ਦਾਖਲ ਹੋਣ ਦਾ ਯਤਨ ਕੀਤਾ ਤਾਂ ਜਿਹੜਾ ਵੀ ਮੁਗ਼ਲ ਸੂਰਮਾ ਪੌੜੀ ਉੱਤੋਂ ਸਿਰ ਕੱਢਦਾ, ਤੀਰ ਨਾਲ ਵਿੰਨ੍ਹ ਦਿੱਤਾ ਜਾਂਦਾ। ਆਖ਼ਰ ਮੁਗ਼ਲਾਂ ਨੇ ਇਕੱਠੇ ਹੋ ਕੇ ਦਰਵਾਜ਼ੇ ਵਾਲੇ ਪਾਸਿਓਂ ਹਮਲਾ ਕਰਨ ਦੀ ਠਾਣੀ। ਗੁਰੂ ਜੀ ਨੇ ਵੀ ਪੰਜ ਪੰਜ ਸਿੰਘਾਂ ਦੇ ਜਥੇ ਬਣਾ ਕੇ ਰਣਖੇਤਰ ਵਿੱਚ ਜੂਝਣ ਦਾ ਫ਼ੈਸਲਾ ਕੀਤਾ। ਦੋ ਜਥਿਆਂ ਦੇ ਮੁਖੀ ਦੋਵਾਂ ਸਾਹਿਬਜ਼ਾਦਿਆਂ ਨੂੰ ਬਣਾਇਆ ਗਿਆ। ਇਸ ਤਰ੍ਹਾਂ ਪੰਜ ਪੰਜ ਸਿੰਘ ਜਾਂਦੇ, ਜਦੋਂ ਉਹ ਸ਼ਹੀਦ ਹੋ ਜਾਂਦੇ ਤਾਂ ਪੰਜਾਂ ਦਾ ਅਗਲਾ ਜਥਾ ਜੂਝਣ ਲਈ ਜੰਗੇ ਮੈਦਾਨ ’ਚ ਪਹੁੰਚ ਜਾਂਦਾ।ਇਸ ਸਮੇਂ ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਉਮਰ 17 ਸਾਲ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਉਮਰ 15 ਸਾਲ ਸੀ। ਜਦੋਂ ਵੈਰੀਆਂ ਦਾ ਦਲ ਮਾਰੋ-ਮਾਰ ਕਰਦਾ ਗੜ੍ਹੀ ਦੇ ਦਰਵਾਜੇ ਵੱਲ ਵਧ ਰਿਹਾ ਸੀ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਪੰਜ ਸਿੰਘਾਂ ਦੇ ਜਥੇ ਨਾਲ ਜੈਕਾਰੇ ਲਗਾਉਂਦਿਆਂ ਜੰਗੇ ਮੈਦਾਨ ਵਿੱਚ ਪਹੁੰਚ ਗਏ। ਸਾਹਿਬਜ਼ਾਦਾ ਅਜੀਤ ਸਿੰਘ ਆਪਣੇ ਸਾਥੀ ਸਿੰਘਾਂ ਸਮੇਤ ਤਲਵਾਰ ਦੇ ਜੌਹਰ ਵਿਖਾ ਰਹੇ ਸਨ। ਅਨੇਕਾਂ ਮੁਗ਼ਲਾਂ ਨੂੰ ਮਾਰਨ ਉਪਰੰਤ ਆਪ ਸ਼ਹੀਦੀ ਜਾਮ ਪੀ ਗਏ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਸਾਹਿਬਜ਼ਾਦਾ ਜੁਝਾਰ ਸਿੰਘ ਦਸਵੇਂ ਗੁਰੂ ਤੋਂ ਅਸੀਸ ਲੈ ਕੇ ਆਪਣੇ ਜਥੇ ਨਾਲ ਜੰਗ ਦੇ ਮੈਦਾਨ ਵਿੱਚ ਤਲਵਾਰ ਦੇ ਜੌਹਰ ਦਿਖਾਉਣ ਲੱਗੇ। ਲੱਖਾਂ ਨਾਲ ਮੁਕਾਬਲਾ ਕਰਦਿਆਂ ਆਪ ਵੀ ਸ਼ਹੀਦ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗ਼ਰੀਬ ਦੱਬੀ ਕੁਚਲੀ ਜਨਤਾ ਖ਼ਾਤਰ ਆਪਣੇ ਜਿਗਰ ਦੇ ਟੋਟਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਜੂਝਦੇ ਅਤੇ ਕੁਰਬਾਨ ਹੁੰਦੇ ਦੇਖ ਰਹੇ ਸਨ।

ਬਾਬਾ ਜੁਝਾਰ ਸਿੰਘ ਅਤੇ ਉਨ੍ਹਾਂ ਨਾਲ ਗਏ ਸਾਰੇ ਸਿੰਘਾਂ ਦੇ ਸ਼ਹੀਦ ਹੋਣ ਵੇਲੇ ਤੱਕ ਸੂਰਜ ਡੁੱਬ ਚੁੱਕਾ ਸੀ। ਪ੍ਰੋਫੈਸਰ ਸਾਹਿਬ ਸਿੰਘ ਲਿਖਦੇ ਹਨ ਕਿ ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਕੇਵਲ ਗਿਆਰਾਂ ਸਿੰਘ ਹੀ ਰਹਿ ਗਏ ਸਨ ਜਿਨ੍ਹਾਂ ਦੇ ਇਤਿਹਾਸ ਅਨੁਸਾਰ ਨਾਂ ਸਨ- ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਸੰਗਤ ਸਿੰਘ, ਭਾਈ ਰਾਮ ਸਿੰਘ, ਭਾਈ ਦਇਆ ਸਿੰਘ, ਭਾਈ ਸੰਤੋਖ ਸਿੰਘ, ਭਾਈ ਦੇਵਾ ਸਿੰਘ, ਭਾਈ ਜਿਊਣ ਸਿੰਘ, ਭਾਈ ਕਾਠਾ ਸਿੰਘ, ਭਾਈ ਸੰਤ ਸਿੰਘ ਅਤੇ ਭਾਈ ਕੇਹਰ ਸਿੰਘ। ਰਾਤ ਪੈਣ ’ਤੇ ਗੜ੍ਹੀ ਦੇ ਚੁਫ਼ੇਰੇ ਮੀਲਾਂ ਤੱਕ ਮੁਗ਼ਲ ਅਤੇ ਪਹਾੜੀ ਫ਼ੌਜਾਂ ਦੇ ਡੇਰੇ ਲੱਗੇ ਹੋਏ ਸਨ। ਦੁਸ਼ਮਣਾਂ ’ਚੋਂ ਬਚ ਕੇ ਨਿਕਲਣਾ ਅਸੰਭਵ ਲੱਗਦਾ ਸੀ। ਦੁਸ਼ਮਣ ਫ਼ੌਜਾਂ ਦੇ ਜਰਨੈਲ ਬੇਫ਼ਿਕਰ ਸਨ ਕਿਉਂਕਿ ਵੱਡੀ ਗਿਣਤੀ ਵਿੱਚ ਸਿੰਘ ਸ਼ਹੀਦ ਹੋ ਚੁੱਕੇ ਸਨ। ਦੁਸ਼ਮਣ ਸੋਚਦੇ ਸਨ ਕਿ ਹੁਣ ਗੁਰੂ ਜੀ ਨੂੰ ਫੜਨਾ ਸੌਖਾ ਹੋ ਗਿਆ ਸੀ ਪਰ ਗੜ੍ਹੀ ਵਿੱਚ ਮੌਜੂਦ ਗਿਆਰਾਂ ਸਿੰਘ ਜਾਣਦੇ ਸਨ ਕਿ ਇਹ ਰਾਤ ਜ਼ਿੰਦਗੀ ਦੀ ਆਖ਼ਰੀ ਰਾਤ ਹੈ।

ਸਿੰਘਾਂ ਨੇ ਫ਼ੈਸਲਾ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੜ੍ਹੀ ਛੱਡ ਕੇ ਚਲੇ ਜਾਣ ਦੀ ਬੇਨਤੀ ਕੀਤੀ। ਉਨ੍ਹਾਂ ਵੱਲੋਂ ਇਨਕਾਰ ਕਰਨ ’ਤੇ ਪੰਜ ਸਿੰਘਾਂ ਨੇ ਪੰਜ ਪਿਆਰਿਆਂ ਵਜੋਂ ਗੁਰੂ ਸਾਹਿਬ ਨੂੰ ਚਲੇ ਜਾਣ ਦਾ ਹੁਕਮ ਦਿੱਤਾ ਜਿਨ੍ਹਾਂ ਦਾ ਹੁਕਮ ਆਪ ਨੇ ਸਿਰ ਮੱਥੇ ਕਬੂਲ ਕੀਤਾ। ਫ਼ੈਸਲਾ ਹੋਇਆ ਕਿ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਗੁਰੂ ਜੀ ਦੇ ਨਾਲ ਜਾਣਗੇ। ਇਸ ਸਮੇਂ ਗੁਰੂ ਜੀ ਨੇ ਖ਼ਾਲਸਾ ਪੰਥ ਨੂੰ ਗੁਰਿਆਈ ਦੇ ਕੇ ਭਾਈ ਸੰਗਤ ਸਿੰਘ ਜੀ ਨੂੰ ਆਪਣੇ ਬਸਤਰ ਅਤੇ ਕਲਗੀ ਪਹਿਨਾ ਕੇ ਜਾਣ ਦੀ ਤਿਆਰੀ ਕੀਤੀ। ਸਿੰਘਾਂ ਨੂੰ ਸਾਵਧਾਨ ਕਰ ਕੇ ਗੁਰੂ ਜੀ ਆਪਣਾ ਧਨੁੱਖ ਤੀਰ ਅਤੇ ਸ੍ਰੀ ਸਾਹਿਬ ਲੈ ਕੇ ਕਮਰਕੱਸਾ ਕਰ ਮਾਛੀਵਾੜੇ ਵੱਲ ਚੱਲ ਪਏ। ਗੜ੍ਹੀ ਤੋਂ ਥੋੜ੍ਹੀ ਦੂਰ ਜਾ ਕੇ ਗੁਰੂ ਜੀ ਨੇ ਤਿੰਨ ਵਾਰ ਤਾੜੀ ਮਾਰ ਕੇ ਉੱਚੀ ਆਵਾਜ਼ ਵਿੱਚ ਕਿਹਾ, “ਸਿੱਖਾਂ ਦਾ ਗੁਰੂ ਨਿਕਲ ਚਲਿਆ ਜੇ।” ਜਾਣ ਲੱਗੇ ਜੇ ਕੋਈ ਤੁਰਕ ਸਾਹਮਣੇ ਆਇਆ ਉਸ ਨੂੰ ਮੌਤ ਦੇ ਘਾਟ ਉਤਾਰ ਆਪ ਅੱਗੇ ਨਿਕਲ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਤਿੰਨ ਸਿੰਘਾਂ ਦੇ ਨਿਕਲ ਜਾਣ ਤੋਂ ਬਾਅਦ ਦਿਨ ਚੜ੍ਹੇ ਤਾਂ ਮੁਗ਼ਲਾਂ ਨੇ ਗੜ੍ਹੀ ’ਤੇ ਹਮਲਾ ਕੀਤਾ। ਭਾਈ ਸੰਗਤ ਸਿੰਘ ਅਤੇ ਭਾਈ ਸੰਤ ਸਿੰਘ ਸਮੇਤ ਸਿੰਘਾਂ ਨੇ ਆਖ਼ਰੀ ਦਮ ਤੱਕ ਮੁਗ਼ਲਾਂ ਦਾ ਮੁਕਾਬਲਾ ਕੀਤਾ ਅਤੇ ਅੰਤ ਵਿੱਚ ਸ਼ਹੀਦੀਆਂ ਪਾ ਗਏ। ਸ਼ਹੀਦ ਸਿੰਘਾਂ ਨੂੰ ਦੇਖ ਅਤੇ ਭਾਈ ਸੰਗਤ ਸਿੰਘ ਦੀ ਮ੍ਰਿਤਕ ਦੇਹ ਦੇਖ ਮੁਗ਼ਲ ਬੁਰੀ ਤਰ੍ਹਾਂ ਨਾਲ ਟਪਲਾ ਖਾ ਗਏ ਕਿ ਸਿੱਖਾਂ ਦਾ ਗੁਰੂ ਸ਼ਹੀਦ ਹੋ ਗਿਆ ਹੈ। ਬਾਅਦ ਵਿੱਚ ਸਚਾਈ ਸਾਹਮਣੇ ਆਉਣ ’ਤੇ ਸੂਬਾ ਸਰਹਿੰਦ ਨੇ ਆਲੇ-ਦੁਆਲੇ ਦੇ ਇਲਾਕੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਭਾਲ ਵਿੱਚ ਆਪਣੇ ਆਦਮੀ ਭੇਜ ਦਿੱਤੇ ਪਰ ਗੁਰੂ ਜੀ ਨੰਗੇ ਪੈਰੀਂ ਰਾਤ ਦੇ ਹਨੇਰੇ ਵਿੱਚ ਕੰਢਿਆਲੀਆਂ ਝਾੜੀਆਂ ਨੂੰ ਪਾਰ ਕਰਦਿਆਂ ਪਿੰਡ ਚੂਹੜਵਾਲ ਨੇੜੇ ਜੰਗਲ ਵਿੱਚ ਸੰਘਣੇ ਝਾੜਾਂ ਦੀ ਓਟ ਲੈ ਕੇ ਕੁਝ ਪਲ ਆਰਾਮ ਲਈ ਲੇਟ ਗਏ। ਅੱਜਕੱਲ੍ਹ ਇਸ ਅਸਥਾਨ ’ਤੇ ਗੁਰਦੁਆਰਾ ਸ੍ਰੀ ਝਾੜ ਸਾਹਿਬ ਸੁਸ਼ੋਭਿਤ ਹੈ।

# ਇਤਿਹਾਸਕਾਰਾਂ ਦੀ ਨਜ਼ਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਨ ਇਨਕਲਾਬੀ ਤੇ ਰੂਹਾਨੀ ਰਹਿਬਰ

ਅੰਮ੍ਰਿਤਸਰ ਟਾਈਮਜ਼ ਬਿਊਰੋ

ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ ਨੇ ਆਪਣੀ ਪੁਸਤਕ ਹਿਸਟਰੀ ਆਫ ਪੰਜਾਬ (੧੯੮੯) ਵਿੱਚ ਲਿਖਿਆ ਹੈ:

ਸਾਰੇ ਇਤਿਹਾਸਕਾਰ ਗੁਰੂ ਗੋਬਿੰਦ ਸਿੰਘ ਦੇ ਮਹਾਨ ਗੁਣਾਂ ਦੀ ਸ਼ਲਾਘਾ ਕਰਦੇ ਹਨ। ਉਨ੍ਹਾਂ ਵਿੱਚ ਧਾਰਮਿਕ ਆਗੂ ਤੇ ਉੱਚ ਪਾਏ ਦੇ ਯੋਧੇ ਦੇ ਗੁਣਾਂ ਦਾ ਸੁਮੇਲ ਸੀ। ਉਹ ਉੱਚ ਕੋਟੀ ਦੇ ਧਰਮ ਉਪਦੇਸ਼ਕ ਤੇ ਮਹਾਂਬਲੀ ਸਨ; ਉਹ ਮਸਨਦ ਤੇ ਬੈਠੇ ਪਾਤਸ਼ਾਹ ਲਗਦੇ ਸਨ ਤੇ ਖਾਲਸ ੇ ਦੇ ਵਿਚਕਾਰ ਇੱਕ ਫਕੀਰ ਜਾਪਦੇ ਸਨ। ਗੁਰੂ ਜੀ ਸਮੇਂ ਦੀ ਲੋੜ ਨੂੰ ਭਲੀ ਭਾਂਤ ਸਮਝਦੇ ਸਨ। (ਪੰਨਾ ੨੭੦)

ਗੁਰੂ ਜੀ ਵਿੱਚ ਅਤਿ ਦੀ ਮੁਸੀਬਤਾਂ ਵੇਲੇ ਵੀ ਡੱਟੇ ਰਹਿਣ ਤੇ ਸਹਿਨ ਸ਼ਕਤੀ ਦੇ ਗੁਣ ਸਨ। ਉਹ ਸੰਕਟ ਕਾਲ ਵਿੱਚ ਵੀ ਸੂਰਮਤਾਈ ਨਾਲ ਪੇਸ਼ ਆਏ। ਭਾਵੇਂ ਉਹ ਆਪਣੀ ਪ੍ਰਾਪਤੀ ਨੂੰ ਅਖੀਂ ਨਹੀਂ ਵੇਖ ਸਕੇ, ਪਰ ਇਹ ਉਨ੍ਹਾਂ ਦੀ ਉੱਚ-ਪ੍ਰਾਪਤੀ ਹੀ ਸੀ ਜਿਸ ਨੇ ਖੇਤੀ ਕਰਨ ਵਾਲੇ ਤੇ ਅਨੁਸ਼ਾਸਨ ਹੀਨ ਜੱਟਾਂ ਨੂੰ ਰਾਜ ਕਰਨ ਦੀ ਸ਼ਕਤੀ ਬਖਸ਼ੀ। ਇਨ੍ਹਾਂ ਲੋਕਾਂ ਨੂੰ ਇੱਕ ਅਜਿੱਤ ਕੌਮ ਦਾ ਅਹਿਸਾਸ ਕਰਾ ਦੇਣਾ ਇਹ ਗੁਰੂ ਸਾਹਿਬ ਦੀ ਅਦੁੱਤੀ ਪ੍ਰਾਪਤੀ ਸੀ। (ਪੰਨਾ ੨੭੧)

ਮਸ਼ਹੂਰ ਇਤਿਹਾਸਕਾਰ, ਜੇ ਡੀ ਕਨਿੰਘਮ, ਆਪਣੀ ਪੁਸਤਕ, ਹਿਸਟਰੀ ਆਫ ਦੀ ਸਿੱਖਸ, ਵਿੱਚ ਲਿਖਦਾ ਹੈ:

'ਬੇਸ਼ੱਕ ਸਿੱਖਾਂ ਦੇ ਆਖਰੀ ਗੁਰੂ ਆਪਣੀ ਪ੍ਰਾਪਤੀਆਂ ਨੂੰ ਆਪਣੀ ਅਖੀਂ ਵੇਖ ਨਹੀਂ ਸਕੇ, ਪ੍ਰੰਤੂ ਉਨ੍ਹਾਂ ਆਪਣੇ ਕਾਰਨਾਮਿਆਂ ਰਾਹੀਂ ਹਾਰੇ ਹੋਏ ਲੋਕਾਂ ਦੀਆਂ ਸੁਤੀਆਂ ਸ਼ਕਤੀਆਂ ਨੂੰ ਜਗਾ ਦਿੱਤਾ। ਉਨ੍ਹਾਂ ਲਈ ਸਮਾਜਕ ਆਜ਼ਾਦੀ ਦੇ ਉੱਚੇ ਤੇ ਲਾਭਦਾਇਕ ਆਸ਼ੇ ਅਤੇ ਕੌਮੀ ਜਿੱਤ ਦੀ ਪ੍ਰਾਪਤੀ ਵਾਸਤੇ ਰਾਹ ਪਧਰਾ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਵੀ ਇਹੋ ਰਾਹ ਦਿਖਾਇਆ ਸੀ'। (ਪੰਨਾ੭੫)

ਲੈਫ. ਕਰਨਲ ਮੈਲਕਾਲਮ ਆਪਣੀ ਪੁਸਤਕ ਸਕੈਚ ਆਫ ਦੀ ਸਿੱਖਸ (੧੯੧੨) ਵਿੱਚ ਲਿਖਦਾ ਹੈ:

'ਗੁਰੂ ਜੀ ਨੇ ਹਿੰਦੂਆਂ ਨੂੰ ਪੱਖਪਾਤ ਅਤੇ ਕਟੜਪੁਣੇ ਦੇ ਸੰਗਲ ਤੋੜਨ ਦੀ ਤਾਕੀਦ ਕੀਤੀ ਅਤੇ ਕਿਹਾ ਕਿ ਹਥਿਆਰਾਂ ਦੀ ਵਰਤੋਂ ਕਰਕੇ ਜ਼ਾਲਮ ਮੁਗ਼ਲ ਹਕੂਮਤ ਦੇ ਅਤਿਆਚਾਰਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਆਪ ਨੇ ਉਨ੍ਹਾਂ ਨੂੰ ਸਮਝਾਇਆ ਕਿ ਜ਼ੁਲਮ ਵਿਰੁਧ ਇਹ ਜੰਗ ਜਾਰੀ ਰਹਿਣੀ ਚਾਹੀਦੀ ਹੈ। ਉਨ੍ਹਾਂ ਦੇ ਧਾਰਮਿਕ ਆਦੇਸ਼ ਮਨੁੱਖੀ ਬਰਾਦਰੀ ਦਾ ਸੰਦੇਸ਼ ਦਿੰਦੇ ਹਨ। ਇਸ ਕਰਕੇ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਦਾ ਭੇਦ ਭਾਵ ਖਤਮ ਹੋ ਗਿਆ'। (ਪੰਨਾ ੧੪੯-੧੫੦)

ਮਸ਼ਹੂਰ ਇਤਿਹਾਸਕਾਰ Duncan Greenless ਅਪਣੀ ਪੁਸਤਕ The Gospel of the Guru Granth Sahib (1975) ਵਿੱਚ ਲਿਖਦਾ ਹੈ:

'ਹਾਲਾਤ ਬਹੁਤ ਬਦਲ ਚੁਕੇ ਸਨ; ਹਿੰਦੁਸਤਾਨ ਵਿੱਚ ਇੱਕ ਹਠਧਰਮੀ ਤੇ ਨਿਰਦੱਈ ਬਾਦਸ਼ਾਹ, ਔਰੰਗਜ਼ੇਬ, ਦਾ ਰਾਜ ਸੀ। ਦੇਸ਼ ਦਾ ਕੋਈ ਵਿਧਾਨ ਨਹੀਂ ਸੀ ਜੋ ਹਿੰਦੂਆਂ ਨੂੰ ਉਸ ਦੇ ਜ਼ੁਲਮਾਂ ਤੋਂ ਬਚਾ ਸਕਦਾ। ਉਸ ਦੇ ਰਾਜ ਵਿੱਚ ਹਿੰਦੂਆਂ ਲਈ ਕੋਈ ਕਾਨੂਨੀ ਅਧਿਕਾਰ ਨਹੀਂ ਸੀ ਅਤੇ ਉਨ੍ਹਾਂ ਦੇ ਮੰਦਰਾਂ ਨੂੰ ਸਾੜਿਆ ਜਾ ਰਿਹਾ ਸੀ। ਉਨ੍ਹਾਂ ਲਈ ਡਰਪੋਕਾਂ ਵਾਂਗ ਈਨ ਮੰਨਣ ਜਾਂ ਬਹਾਦਰ ਪੁਰਸ਼ਾਂ ਵਾਂਗ ਮੁਕਾਬਲਾ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਮਜਬੂਰ ਹੋ ਕੇ ਗੁਰੂ ਜੀ ਨੇ ਈਰਖਾਲੂ ਪਹਾੜੀ ਰਾਜਿਆਂ ਦੇ ਲਗਾਤਾਰ ਹਮਲਿਆਂ ਦਾ ਮੁਕਾਬਲਾ ਕੀਤਾ। ਇਹ ਰਾਜੇ ਆਪਣੇ ਇਲਾਕੇ ਵਿੱਚ ਸਿੱਖਾਂ ਦੀ ਚੜ੍ਹਦੀ ਕਲਾ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਸਨ। ਜਿਵੇਂ ਡਾਕਟਰ ਮਜਬੂਰ ਹੋਕੇ ਆਪਰੇਸ਼ਨ ਕਰਦਾ ਹੈ ਉਸੇ ਤਰ੍ਹਾਂ ਗੁਰੂ ਜੀ ਨੇ ਲੜਾਈ ਲਈ ਕਿਰਪਾਨ ਉਠਾਈ। ਉਸ ਸਮੇਂ ਬੁਰਾਈ ਦੇ ਟਾਕਰੇ ਦਾ ਕੇਵਲ ਇਹੋ ਇੱਕ ਰਾਹ ਸੀ'।

W. Owen Cole ਆਪਣੀ ਪੁਸਤਕ Sikhism and its Indian Context (1984) ਵਿੱਚ ਲਿਖਦਾ ਹੈ:

'ਗੁਰੂ ਜੀ ਦੇ ਜੀਵਨ ਵਿੱਚ ਧਰਮ ਜਾਂ ਆਜ਼ਾਦੀ ਲਈ ਸੰਘਰਸ਼ ਦੀ ਮਹਤੱਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਗੁਰੂ ਜੀ ਦੀ ਤੀਬਰ ਇੱਛਾ ਸੀ ਕਿ ਉਨ੍ਹਾਂ ਦੇ ਸਿੱਖ ਸ਼ਾਂਤੀ ਨਾਲ ਆਪਣੇ ਧਾਰਮਿਕ ਕਰਤਵ ਨਿਭਾਉਣ ਤੇ ਪ੍ਰਫੁਲਤ ਹੋਣ'। (ਪੰਨਾ ੨੬੬)

ਡਾ. ਗੋਕਲ ਚੰਦ ਨਾਰੰਗ ਨੇ ਆਪਣੀ ਪੁਸਤਕ ਸਿੱਖ ਮਤ ਦਾ ਪਰਿਵਰਤਨ (੧੯੯੦) ਵਿੱਚ ਲਿਖਿਆ ਹੈ:

'ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿੱਚ ਵਿਗਸਣ ਵਾਲਾ ਬੀਜ ਗੁਰੂ ਨਾਨਕ ਨੇ ਬੀਜਿਆ ਸੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਸਿੰਜਿਆ ਸੀ। ਉਹ ਤੇਗ ਜਿਸ ਨੇ ਖਾਲਸੇ ਦੀ ਪ੍ਰਤਿਸ਼ਠਾ ਦਾ ਮਾਰਗ ਬਣਾਇਆ ਨਿਰਸੰਦੇਹ ਗੁਰੂ ਗੋਬਿੰਦ ਸਿੰਘ ਨੇ ਢਾਲੀ ਸੀ ਪਰੰਤੂ ਉਸ ਦਾ ਫੋਲਾਦ ਗੁਰੂ ਨਾਨਕ ਨੇ ਪ੍ਰਦਾਨ ਕੀਤਾ ਸੀ---' (ਪੰਨਾ ੧)

ਪੰਜਾਬ ਦੇ ਨਾਮੀ ਇਤਿਹਾਸਕਾਰ ਦੌਲਤ ਰਾਏ ਨੇ ਆਪਣੀ ਪੁਸਤਕ 'ਸਾਹਿਬੇ ਕਮਾਲ' ਵਿੱਚ ਲਿਖਿਆ ਹੈ:

'ਇਕੋ ਹੀ ਵਿਅਕਤੀ ਵਿੱਚ ਸਾਰੇ ਗੁਣ ਮਿਲਣੇ ਅਸੰਭਵ ਹਨ, ਪਰ ਗੁਰੂ ਜੀ ਹਰ ਪੱਖੋਂ ਕਾਮਿਲ ਸਨ। ਉੱਚ ਕੋਟੀ ਦੇ ਕਵੀ, ਧਾਰਮਿਕ ਆਗੂ, ਧਰਮ ਸੁਧਾਰਕ ਤੇ ਪਾਰਦਰਸ਼ਕ ਸਿਪਾਹ-ਸਾਲਾਰ, ਭਾਵ ਫੌਜੀ ਜਰਨੈਲ ਸਨ। ਕਵੀ ਵੀ ਐਸੇ ਕਿ ਬਾਣੀ ਵਿੱਚ ਵਿਸ਼ੇ -ਵਸਤੂ ਤੇ ਵਲਵਲੇ ਅਨੇਕ ਪਰਕਾਰ ਦੇ ਸਨ। ਬੜੀ ਸੂਝ ਤੇ ਤੀਖਣ ਬੁਧੀ ਵਾਲੇ ਰੀਫਾਰਮਰ ਸਨ, ਜੋ ਬੁਨਿਆਦੀ ਕਮਜ਼ੋਰੀ ਦੀ ਜੜ੍ਹ ਨੂੰ ਹੀ ਪਛਾਣਦੇ ਤੇ ਪਕੜਦੇ ਸਨ, ਅਤੇ ਉਸ ਨੂੰ ਜੜ੍ਹੋਂ ਹੀ ਉਖੜਦੇ ਸਨ। ਧਾਰਮਿਕ ਆਗੂ ਅਜਿਹੇ ਹਰ-ਮਨ ਪਿਅਰੇ ਕਿ ਉਨ੍ਹਾਂ ਦੇ ਅਨੇਕ ਸਿੱਖ ਸੇਵਕ ਉਨ੍ਹਾਂ ਤੋਂ ਪ੍ਰਾਣ ਨਿਛਾਵਰ ਕਰ ਗਏ। ਰਣ-ਖੇਤਰ ਦੇ ਅਦੁੱਤੀ ਤੇ ਨਿਡੱਰ ਫੌਜੀ ਕਮਾਂਡਰ। ਦੂਰ-ਦ੍ਰਿਸ਼ਟੀ ਵਾਲੇ ਸੂਝਵਾਨ। ਸੱਚੇ ਤੇ ਸੁੱਚੇ ਦੇਸ਼ ਭਗਤ, ਕੌਮ ਤੋਂ ਆਪਾ ਵਾਰਣ ਵਾਲੇ, ਸਭ ਕੁੱਝ ਘੋਲ ਘੁਮਾਣ ਵਾਲੇ ਸੱਚੇ ਆਸ਼ਕ, ਅਣਥੱਕ ਕੌਮੀ ਉਸਰਈਏ, ਸ਼ਹੀਦਾਂ ਵਿੱਚ ਸ਼ਹੀਦ'। (ਪੰਨਾ ੨੨੫)

'ਗੁਰੂ ਜੀ ਨੇ ਹਿੰਦੂਆਂ ਦੀ ਮੁਰਦਾ ਕੌਮ ਵਿੱਚ ਜੀਵਨ ਜੋਤਿ ਜਗਾਈ, ਜਿਸ ਨੇ ਐਸੇ ਕ੍ਰਿਸ਼ਮੇ ਕਰ ਵਿਖਾਏ, ਜੋ ਬਿਆਨ ਤੋਂ ਬਾਹਰ ਹਨ। ਮੁਰਦਾ ਹੋ ਚੁਕੀ ਹਿੰਦੂ ਜਾਤੀ ਦੀਆਂ ਰਗਾਂ- ਰੇਸ਼ਿਆਂ ਵਿੱਚ ਸਦੀਆਂ ਦਾ ਜੰਮਿਆ ਖ਼ੂਨ ਪਿਘਲ ਪਿਆ ਅਤੇ ਬਹਾਦਰੀ ਤੇ ਵੀਰਤਾ ਉਨ੍ਹਾਂ ਅੰਦਰੋਂ ਆਪ-ਮੁਹਾਰੇ ਜਵਾਲਾ ਰੂਪ ਹੋ ਕੇ ਲਾਵੇ ਵਾਂਗ ਫੁਟ ਨਿਕਲੀ'। (ਪੰਨਾ ੨੬੨)

ਹਰੀ ਰਾਮ ਗੁਪਤਾ ਆਪਣੀ ਪੁਸਤਕ ਹਿਸਟਰੀ ਆਫ ਦੀ ਸਿੱਖਸ ਭਾਗ ਪਹਿਲਾ (੧੯੮੪) ਵਿੱਚ ਲਿਖਦਾ ਹੈ:

'ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਬਰਾਬਰੀ ਤੇ ਨਿਘੇ ਭਾਈਚਾਰੇ ਦਾ ਵਰਦਾਨ ਦਿੱਤਾ। ਉਨ੍ਹਾਂ ਵਿੱਚ ਜਨਮ, ਜ਼ਾਤ, ਸ਼੍ਰੈਣੀ ਜਾਂ ਰੰਗ ਦਾ ਕੋਈ ਭੇਦ ਭਾਵ ਨਹੀਂ ਸੀ। ਸਮਾਜ ਵਿੱਚ ਸਾਰਿਆਂ ਦਾ ਇੱਕੋ ਜਿਹਾ ਆਦਰ ਸਤਿਕਾਰ ਸੀ ਅਤੇ ਹਰ ਇੱਕ ਦੇ ਬਰਾਬਰ ਦੇ ਹੱਕ ਤੇ ਅਧਿਕਾਰ ਸਨ। ਆਪ ਨੇ ਫਰਾਂਸੀਸੀ ਇਨਕਲਾਬ ਤੋਂ 90 ਸਾਲ ਪਹਿਲੇ ਉਸ ਦੇ ਮੁਢਲੇ ਸਿਧਾਤਾਂ- ਬਰਾਬਰੀ, ਆਜ਼ਾਦੀ ਤੇ ਭਾਈਚਾਰਾ- ਨੂੰ ਸਪਸ਼ਟ ਰੂਪ ਵਿੱਚ ਅਮਲ ਵਿੱਚ ਲੈ ਆਂਦਾ'। (ਪੰਨਾ੨੯੨)

'ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਮਹਾਨ ਕਾਰਨਾਮੇ ਇਸ ਪ੍ਰਕਾਰ ਹਨ: ੧. ਖਾਲਸੇ ਦੀ ਸਾਜਨਾ. ੨, ਖਾਲਸੇ ਨੂੰ ਰਾਜਸੀ ਸ਼ਕਤੀ ਦਾ ਵਰਦਾਨ. ੩. ਖਾਲਸਾ ਰਾਜ ਦੀ ਸਥਾਪਤੀ ਲਈ ਬੰਦਾ ਸਿੰਘ ਬਹਾਦਰ ਦੀ ਚੋਣ. ੪. ਪਵਿਤਰ ਗ੍ਰੰਥ ਨੂੰ ਸਦੀਵੀ ਗੁਰੂ ਦੀ ਪਦਵੀ ਦੇਣਾ'। (ਪੰਨਾ ੩੩੭)

ਬੰਗਾਲ ਦੇ ਮਸ਼ਹੂਰ ਇਤਿਹਾਸਕਾਰ ਅਨਿਲ ਚੰਦਰ ਬੈਨਰਜੀ ਆਪਣੀ ਪੁਸਤਕ ਗੁਰੂ ਨਾਨਕ ਐਂਡ ਹਿਜ਼ ਟਾਈਮਜ਼ (੧੯੮੪) ਵਿੱਚ ਲਿਖਦੇ ਹਨ:

'ਲੜਾਈ ਦੇ ਮੈਦਾਨ ਵਿੱਚ ਗੁਰੂ ਜੀ ਦੇ ਪ੍ਰਦਰਸ਼ਨ ਦਾ ਅੰਦਾਜ਼ਾ ਉਨ੍ਹਾਂ ਦੀ ਦੁਸ਼ਮਣ ਨੂੰ ਨੀਵਾਂ ਦਿਖਾਣ ਵਿੱਚ ਜ਼ਾਹਰੀ ਅਸਫਲਤਾ ਨੂੰ ਮੁੱਖ ਰਖ ਕੇ ਨਹੀਂ ਲਾਉਣਾ ਚਾਹੀਦਾ। ਉਨ੍ਹਾਂ ਨੇ ਆਜ਼ਾਦੀ ਦੀ ਜੰਗ ਲਈ ਤੇ ਆਪਣੇ ਅਕਾਲ ਚਲਾਣੇ ਤੋਂ ਬਾਅਦ ਆਜ਼ਾਦ ਸਿੱਖ ਰਾਜ ਦੀ ਸਥਾਪਨਾ ਲਈ ਰਾਹ ਪਧਰਾ ਕਰ ਦਿੱਤਾ ਸੀ'। ਪੰਨਾ (੩੪੧)




# ਤਿੰਨ ਵਿਸ਼ਵ ਕੱਪ ਜਿੱਤਣ ਵਾਲਾ ਬ੍ਰਾਜ਼ੀਲ ਦਾ ਫੁੱਟਬਾਲ ਖਿਡਾਰੀ ਪੇਲੇ ਚੱਲ ਵਸਿਆ

## ਜੁਰਾਬਾਂ ਤੋਂ ਬਣੀ ਫੁੱਟਬਾਲ ਨਾਲ ਖੇਡ ਕੇ ਬਣਿਆ ਸੀ ਮਹਾਨ ਖਿਡਾਰੀ

ਰਿਕਾਰਡ ਤਿੰਨ ਵਿਸ਼ਵ ਕੱਪ ਜਿੱਤਣ ਵਾਲੇ ਬ੍ਰਾਜ਼ੀਲ ਦੇ ਮਹਾਨ ਫ਼ੁੱਟਬਾਲਰ ਪੇਲੇ (82) ਦਾ ਬੀਤੇ ਦਿਨੀਂ ਸਾਲ 2022 ਦੇ ਆਖ਼ਰੀ ਹਫ਼ਤੇ ਦੇਹਾਂਤ ਹੋ ਗਿਆ। ਉਨ੍ਹਾਂ ਦਾ 2021 ਤੋਂ ਕੈਂਸਰ ਦਾ ਇਲਾਜ ਚੱਲ ਰਿਹਾ ਸੀ। ਉਹ ਪਿਛਲੇ ਮਹੀਨੇ ਤੋਂ ਹਸਪਤਾਲ ਦਾਖਲ ਸਨ। ਡਾਕਟਰਾਂ ਨੇ ਦੱਸਿਆ ਕਿ ਕੈਂਸਰ ਕਾਰਨ ਉਨ੍ਹਾਂ ਦੇ ਕਈ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਪੇਲੇ ਦਾ ਜਨਮ 23 ਅਕਤੂਬਰ, 1940 ਨੂੰ ਹੋਇਆ ਸੀ। ਉਨ੍ਹਾਂ ਦੇ ਪਿਤਾ ਫ਼ੁੱਟਬਾਲਰ ਅਤੇ ਮਾਂ ਘਰੇਲੂ ਸੁਆਣੀ ਸੀ।

ਮਾਂ-ਬਾਪ ਨੇ ਪੁੱਤਰ ਦਾ ਨਾਮ ਐਡਸਨ ਰੱਖਿਆ ਸੀ। ਉਨ੍ਹਾਂ ਦਾ ਪੂਰਾ ਨਾਮ ਐਡਸਨ ਅਰੇਟਾਸ ਡੂ ਨਾਸੀਮੈਂਟੋ ਸੀ। ਉਨ੍ਹਾਂ ਦਾ ਪੇਲੇ ਨਾਮ ਸੈਂਟੋਸ ਕਲੱਬ ਨਾਲ ਜੁੜਨ ਤੋਂ ਬਾਅਦ ਪਿਆ। ਫੁੱਟਬਾਲ ਦੇ ਸਭ ਤੋਂ ਮਹਾਨ ਖਿਡਾਰੀਆਂ 'ਚ ਸ਼ੁਮਾਰ ਪੇਲੇ ਨੇ ਲਗਭਗ ਦੋ ਦਹਾਕਿਆਂ ਤੱਕ ਆਪਣੀ ਖੇਡ ਰਾਹੀਂ ਪ੍ਰਸ਼ੰਸਕਾਂ ਦਾ ਮਨੋਰੰਜਨ ਕੀਤਾ। ਉਹ ਬ੍ਰਾਜ਼ੀਲ ਨੂੰ ਫੁੱਟਬਾਲ ਦੇ ਸਿਖਰ 'ਤੇ ਲੈ ਗਏ। ਬ੍ਰਾਜ਼ੀਲ ਨੇ 1958, 1962 ਅਤੇ 1970 ਵਿੱਚ ਪੇਲੇ ਦੀ ਅਗਵਾਈ ਹੇਠ ਵਿਸ਼ਵ ਕੱਪ ਜਿੱਤੇ। ਪੇਲੇ ਸਭ ਤੋਂ ਘੱਟ ਉਮਰ ਦੇ ਵਿਸ਼ਵ ਕੱਪ ਵਿੱਚ ਗੋਲ ਕਰਨ ਵਾਲੇ ਅਤੇ ਹੈਟ੍ਰਿਕ ਬਣਾਉਣ ਵਾਲੇ ਖਿਡਾਰੀ ਸਨ।

ਇਸ ਦੇ ਨਾਲ ਹੀ ਉਨ੍ਹਾਂ ਦਾ ਫਾਈਨਲ ਮੁਕਾਬਲੇ ਵਿੱਚ ਖੇਡਣ ਦਾ ਰਿਕਾਰਡ 60 ਸਾਲ ਬਾਅਦ ਵੀ ਉਨ੍ਹਾਂ ਦੇ ਹੀ ਨਾਮ ਹੈ। ਪੇਲੇ ਦੀ ਕਲਾ ਦੀ ਉਸ ਦੇ ਵਿਰੋਧੀ ਵੀ ਪ੍ਰਸ਼ੰਸਾ ਕਰਦੇ ਸਨ। ਜਦੋਂ ਫੁੱਟਬਾਲ ਦੇ ਮਹਾਨ ਖਿਡਾਰੀਆਂ ਦਾ ਜ਼ਿਕਰ ਕੀਤਾ ਜਾਂਦਾ ਹੈ ਤਾਂ ਪੇਲੇ ਦੇ ਨਾਲ ਸਿਰਫ਼ ਡਿਏਗੋ ਮੈਰਾਡੋਨਾ,



ਲਿਓਨਲ ਮੈਸੀ ਅਤੇ ਕ੍ਰਿਸਟਿਆਨੋ ਰੋਨਾਲਡੋ ਦੇ ਨਾਮ ਆਉਂਦੇ ਹਨ। 23 ਅਕਤੂਬਰ 1940 ਨੂੰ ਜਨਮੇ ਪੇਲੇ ਨੇ ਫੁੱਟਬਾਲ ਕਿੱਟ ਖਰੀਦਣ ਲਈ ਬੂਟ ਵੀ ਪਾਲਸ਼ ਕੀਤੇ। ਉਹ 11 ਸਾਲ ਦੀ ਉਮਰ ਵਿੱਚ ਸੈਂਟੋਸ ਦੀ ਨੌਜਵਾਨ ਟੀਮ ਦਾ ਹਿੱਸਾ ਬਣੇ ਅਤੇ ਜਲਦੀ ਹੀ ਸੀਨੀਅਰ ਟੀਮ ਲਈ ਚੁਣੇ ਗਏ। ਪੇਲੇ ਨੇ ਆਪਣੇ ਫੁੱਟਬਾਲ ਕੈਰੀਅਰ ਦੀ ਸ਼ੁਰੂਆਤ 15 ਸਾਲ ਦੀ ਉਮਰ ਵਿੱਚ ਸੈਂਟੋਸ ਕਲੱਬ ਨਾਲ ਕੀਤੀ ਸੀ। ਇਸ ਤੋਂ ਬਾਅਦ ਉਹ ਅਗਲੇ 19 ਸਾਲਾਂ ਤੱਕ ਉਸੇ ਕਲੱਬ ਨਾਲ ਖੇਡਦੇ ਰਹੇ।'ਦਿ ਕਿੰਗ' ਕਹੇ ਜਾਣ ਵਾਲੇ ਪੇਲੇ ਨੇ ਪਹਿਲੀ ਵਾਰ 17 ਸਾਲ ਦੀ ਉਮਰ ਵਿਚ 1958 ਵਿੱਚ ਸਵੀਡਨ ਵਿਚ ਹੋਏ ਵਿਸ਼ਵ ਕੱਪ ਵਿਚ ਆਪਣਾ ਲੋਹਾ ਮਨਵਾਇਆ ਸੀ। ਉਹ ਉਸ ਟੂਰਨਾਮੈਂਟ ਵਿਚ ਸਭ ਤੋਂ ਘੱਟ ਉਮਰ ਦੇ ਖਿਡਾਰੀ ਸਨ। ਉਨ੍ਹਾਂ ਬ੍ਰਾਜ਼ੀਲ ਲਈ 114 ਮੈਚਾਂ ਵਿਚ 95 ਗੋਲ ਕੀਤੇ। ਪੇਲੇ ਦੀ ਮੌਤ ਕਾਰਨ ਦੁਨੀਆ ਭਰ ਵਿਚ ਸੋਗ ਦੀ ਲਹਿਰ ਹੈ। ਇਸ ਦੌਰਾਨ ਪੁਰਤਗਾਲ ਦੇ ਮਹਾਨ ਫ਼ੁੱਟਬਾਲਰ ਕ੍ਰਿਸਟੀਆਨੋ ਰੋਨਾਲਡੋ ਨੇ ਕਿਹਾ, 'ਕਿੰਗ ਪੇਲੇ ਨੂੰ ਅਲਵਿਦਾ ਕਹਿਣਾ ਉਸ ਦੁੱਖ ਨੂੰ ਬਿਆਨ ਨਹੀਂ ਕਰ ਸਕਦਾ, ਜਿਸ ਤੋਂ ਪੂਰਾ ਫੁੱਟਬਾਲ ਜਗਤ ਇਸ ਸਮੇਂ ਗੁਜ਼ਰ ਰਿਹਾ ਹੈ। ਉਨ੍ਹਾਂ ਦੀ ਯਾਦ ਹਰ ਫੁੱਟਬਾਲ ਪ੍ਰੇਮੀ ਦੇ ਦਿਲ ਵਿਚ ਹਮੇਸ਼ਾ ਰਹੇਗੀ।' ਇਸ ਦੌਰਾਨ ਭਾਰਤ ਦੇ ਸਾਬਕਾ ਕ੍ਰਿਕਟਰ ਸਚਿਨ ਤੇਂਦੁਲਕਰ ਤੋਂ ਲੈ ਕੇ ਭਾਰਤੀ ਫੁੱਟਬਾਲ ਟੀਮ ਦੇ ਸਾਬਕਾ ਕਪਤਾਨ ਬਾਈਚੁੰਗ ਭੂਟੀਆ ਨੇ ਮਹਾਨ ਫ਼ੁੱਟਬਾਲਰ ਪੇਲੇ ਦੀ ਮੌਤ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ।' ਸਚਿਨ ਨੇ ਟਵੀਟ ਕੀਤਾ, 'ਸਿਰਫ਼ ਫੁੱਟਬਾਲ ਹੀ ਨਹੀਂ ਸਗੋਂ ਪੂਰੇ ਖੇਡ ਜਗਤ ਲਈ ਇਹ ਬਹੁਤ ਵੱਡਾ ਨੁਕਸਾਨ ਹੈ। ਪੇਲੇ ਵਰਗਾ ਕੋਈ ਹੋਰ ਨਹੀਂ ਹੋਵੇਗਾ।'

### ਪੇਲੇ ਬਾਰੇ ਕੁਝ ਖਾਸ ਗੱਲਾਂ



ਪੇਲੇ ਨੂੰ ਬ੍ਰਾਜ਼ੀਲ ਦੀ ਟੀਮ ਨੂੰ ਵਿਸ਼ਵ ਦੀ ਸਭ ਤੋਂ ਕਾਮਯਾਬ ਫੁੱਟਬਾਲ ਟੀਮ ਬਣਾਉਣ ਦਾ ਸਿਹਰਾ ਜਾਂਦਾ ਹੈ ਸਭ ਤੋਂ ਘੱਟ ਉਮਰ ਦੇ ਵਿਸ਼ਵ ਕੱਪ ਵਿੱਚ ਗੋਲ ਕਰਨ ਵਾਲੇ ਅਤੇ ਹੈਕਟਰ ਬਣਾਉਣ ਵਾਲੇ ਖਿਡਾਰੀ ਸਨ ਸਿਰਫ਼ 17 ਸਾਲ ਦੀ ਉਮਰ ਵਿੱਚ ਇੱਕ ਫੁੱਟਬਾਲ ਸਟਾਰ ਬਣ ਗਏ ਸਨ ਪੇਲੇ ਦੇ ਆਲੋਚਕ ਕਹਿੰਦੇ ਹਨ ਕਿ ਉਨ੍ਹਾਂ ਦਾ ਯੂਰਪ ਦੇ ਕਿਸੇ ਕਲੱਬ ਲਈ ਨਾ ਖੇਡਣਾ, ਉਨ੍ਹਾਂ ਲਈ ਫ਼ਾਇਦੇਮੰਦ ਸਾਬਿਤ ਹੋਇਆ, ਪੇਲੇ ਕਿਸੇ ਸਮੇਂ ਪਾਟੇ ਪੁਰਾਣੇ ਕੱਪੜਿਆਂ ਦੀ ਫੁੱਟਬਾਲ ਬਣਾ ਕੇ ਖੇਡਦੇ ਸਨ।

**50 ਸਾਲ ਦੀ ਉਮਰ ਵਿਚ ਬਣੇ ਬ੍ਰਾਜ਼ੀਲ ਦੇ ਕਪਤਾਨ**

ਪੇਲੇ ਆਪਣੇ ਨਾਮ ਬਾਰੇ ਲਿਖਦੇ ਹਨ, ਕੋਈ ਠੀਕ ਠਾਕ ਨਹੀਂ ਦੱਸ ਪਾਇਆ ਕਿ ਪੇਲੇ ਨਾਮ ਕਿੱਥੋਂ ਆਇਆ। ਪਰ ਮੇਰੇ ਮਾਮੇ ਜਾਰਜ ਨੇ ਜੋ ਦੱਸਿਆ ਉਸ ਉੱਪਰ ਵਿਸ਼ਵਾਸ ਕੀਤਾ ਜਾ ਸਕਦਾ ਹੈ।

# ਮਹਿਲਾ ਟੀ-20 ਕ੍ਰਿਕਟ ਵਿਸ਼ਵ ਕੱਪ ਲਈ ਭਾਰਤੀ ਟੀਮ ਦਾ ਐਲਾਨ

ICC WOMEN'S T20 WORLD CUP SOUTH AFRICA 2023

ਮਹਿਲਾ ਟੀ-20 ਵਿਸ਼ਵ ਕੱਪ ਲਈ ਬੀਤੇ ਦਿਨੀਂ ਟੀਮ ਇੰਡੀਆ ਦਾ ਐਲਾਨ ਹੋਇਆ। ਹਰਮਨਪ੍ਰੀਤ ਦੀ ਕਪਤਾਨੀ ਵਾਲੀ ਟੀਮ ਵਿਚ ਆਲਰਾਊਂਡਰ ਸ਼ਿਖਾ ਪਾਂਡੇ ਦੀ ਵਾਪਸੀ ਹੋਈ ਹੈ। ਸ਼ਿਖਾ ਨੇ ਆਖ਼ਰੀ ਵਾਰ ਅਕਤੂਬਰ 2021 ਵਿਚ ਟੀਮ ਇੰਡੀਆ ਲਈ ਖੇਡਿਆ ਸੀ। ਇਸ ਤੋਂ ਬਾਅਦ ਘਰੇਲੂ ਮੈਦਾਨਾਂ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਟੀਮ ਵਿਚ ਵਾਪਸੀ ਕੀਤੀ। ਪੂਜਾ ਵਸਤਰਕਾਰ ਨੂੰ ਵੀ ਫਿਟਨੈੱਸ ਦੇ ਆਧਾਰ 'ਤੇ ਟੀਮ ਵਿਚ ਸ਼ਾਮਲ ਕੀਤਾ ਗਿਆ ਹੈ। ਭਾਰਤੀ ਮਹਿਲਾ ਕ੍ਰਿਕਟ ਟੀਮ ਵਿਚ ਹਰਮਨਪ੍ਰੀਤ ਕੌਰ (ਕਪਤਾਨ), ਸਮ੍ਰਿਤੀ ਮੰਧਾਨਾ, ਸ਼ੈਫਾਲੀ ਵਰਮਾ, ਯਸਤਿਕਾ ਸ਼ਰਮਾ, ਰਿਸ਼ਾ ਘੋਸ਼, ਜੇਮਿਮਾ ਰੌਡਰਿਗਜ਼, ਹਰਲੀਨ ਦਿਓਲ, ਦੀਪਤੀ ਸ਼ਰਮਾ, ਦੀਪਿਕਾ ਵੈਦਿਆ, ਰਾਧਾ ਯਾਦਵ, ਰੇਣੁਕਾ ਸਿੰਘ, ਅੰਜਲੀ ਸਰਵਾਨੀ, ਪੂਜਾ ਵਸਤਰਕਾਰ, ਰਾਜੇਸ਼ਵਰੀ ਗਾਇਕਵਾੜ, ਸ਼ਿਖਾ ਪਾਂਡੇ।

ਰਿਜ਼ਰਵ: ਐਸ ਮੇਘਨਾ, ਸਨੇਹ ਰਾਣਾ, ਮੇਘਨਾ ਸਿੰਘ ਆਦਿ ਸ਼ਾਮਿਲ ਹਨ।

ਟੀਮ ਇੰਡੀਆ ਤਿੰਨ ਸੈਮੀਫਾਈਨਲ ਮੁਕਾਬਲੇ ਖੇਡ ਚੁਕੀ ਹੈ ਪਰ ਉਹ ਅਜੇ ਤੱਕ ਮਹਿਲਾ ਟੀ-20 ਵਿਸ਼ਵ ਕੱਪ ਨਹੀਂ ਜਿੱਤ ਸਕੀ। 2009, 2010 ਅਤੇ 2018 ਵਿਚ ਟੀਮ ਇੰਡੀਆ ਸੈਮੀਫਾਈਨਲ ਵਿਚ ਪਹੁੰਚੀ ਸੀ। ਇਸ ਫਾਰਮੈਟ 'ਤੇ ਸ਼ੁਰੂ ਤੋਂ ਹੀ ਆਸਟ੍ਰੇਲੀਆ ਦਾ ਦਬਦਬਾ ਰਿਹਾ ਸੀ, ਜੋ ਚਾਰ ਵਾਰ ਚੈਂਪੀਅਨ ਬਣ ਚੁੱਕਾ ਹੈ। ਆਸਟ੍ਰੇਲੀਆ ਨੇ 2010, 2012, 2014 ਅਤੇ 2018 ਵਿਸ਼ਵ ਕੱਪ ਜਿੱਤੇ ਸਨ।

# ਖ਼ਤਮ ਨਹੀਂ ਹੋ ਰਿਹਾ ਇਰਾਨ ਦਾ ਸੰਕਟ



ਮਨਜੀਤ ਮਾਨ
ਪਿੰਡ ਸਾਹਨੇਵਾਲੀ (ਮਾਨਸਾ)
ਮੋਬਾਈਲ 7009898044

ਈਰਾਨ ਏਸ਼ੀਆ ਦੇ ਦੱਖਣ ਪੱਛਮ ਖੰਡ ਵਿੱਚ ਸਥਿਤ ਦੇਸ਼ ਹੈ।ਸੰਨ 1935 ਤੱਕ ਇਸ ਨੂੰ ਫਾਰਸ ਦੇਸ਼ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਪਰ 1 ਅਪ੍ਰੈਲ 1979 ਨੂੰ ਇਸ ਨੂੰ ਇਸਲਾਮੀ ਗਣਤੰਤਰ ਐਲਾਨ ਦਿੱਤਾ ਹੈ। ਇਸ ਦੀ ਕੁਲ ਆਬਾਦੀ ਦਾ ਲਗਭਗ 15 ਪ੍ਰਤੀਸ਼ਤ ਹਿੱਸਾ ਇਸ ਦੀ ਰਾਜਧਾਨੀ ਤਹਿਰਾਨ ਵਿੱਚ ਹੀ ਰਹਿੰਦਾ ਹੈ। ਇਸ ਦੀ ਮਾਲੀ ਹਾਲਤ ਤੇ ਆਰਥਿਕਤਾ ਦਾ ਜ਼ਿਆਦਾ ਭਾਗ ਕੱਚੇ ਤੇਲ ਤੇ ਕੁਦਰਤੀ ਗੈਸ ਦੇ ਨਿਰਯਾਤ 'ਤੇ ਨਿਰਭਰ ਕਰਦਾ ਹੈ। ਇਰਾਨ ਦੀ ਵਿਰਾਸਤ ਤੇ ਸੱਭਿਆਚਾਰ ਸੈਂਕੜੇ ਸਾਲ ਪੁਰਾਣਾ ਹੈ ਤੇ ਇਹ ਪਹਿਲਾਂ ਇੱਕ ਸੁੰਨੀ ਦੇਸ਼ ਹੁੰਦਾ ਸੀ ਪਰ 15ਵੀਂ ਸਦੀ ਤੋਂ ਬਾਅਦ ਇਸਲਾਮ ਦੀ ਸ਼ੀਆ ਸ਼ਾਖਾ ਇੱਥੋਂ ਦਾ ਮੁੱਖ ਅਕੀਦਾ ਬਣ ਗਈ ਹੈ।ਇਸ ਕਰਕੇ ਹੀ 1 ਅਪ੍ਰੈਲ 1979 ਦੇ ਇਸਲਾਮੀ ਇਨਕਲਾਬ ਦੇ ਸਮੇਂ ਤੋਂ ਬਾਅਦ ਲਾਗੂ ਕੀਤੇ ਸੰਵਿਧਾਨ ਵਿੱਚ ਸ਼ੀਆ ਇਸਲਾਮ ਇੱਥੋਂ ਦਾ ਰਾਜ ਧਰਮ ਹੈ। ਇੱਥੇ ਭਾਵੇਂ ਇਸਲਾਮ ਦੀਆਂ ਦੂਸਰੀਆਂ ਸ਼ਾਖਾਵਾਂ ਦੇ ਲੋਕ ਵੀ ਥੋੜ੍ਹੇ ਥੋੜ੍ਹੇ ਰਹਿੰਦੇ ਹਨ ਪਰ ਅੱਸੀ ਤੋਂ ਨੱਬੇ ਫੀਸਦੀ ਲੋਕ ਸ਼ੀਆ ਮੁਸਲਮਾਨ ਹਨ। ਇਰਾਨ ਦੇ ਸ਼ੀਆ ਹੋਣ ਕਰਕੇ ਹੀ ਆਪਣੇ ਗੁਆਂਢੀ ਸਾਊਦੀ ਅਰਬ, ਯੂ ਏ ਈ ਸੁੰਨੀ ਦੇਸ਼ਾਂ ਨਾਲ ਕਦੇ ਵੀ ਸੰਬੰਧ ਸੁਖਾਵੇਂ ਨਹੀਂ ਰਹੇ ਹਨ। ਪਰ ਹੁਣ ਤਾਜ਼ਾ ਘਟਨਾਕ੍ਰਮ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਇਰਾਨ ਦੇ ਅੰਦਰੂਨੀ ਹਾਲਾਤ ਸੁਖਾਵੇਂ ਵੀ ਨਹੀਂ ਹਨ। ਇਸ ਦਾ ਕਾਰਨ ਸਤੰਬਰ ਮਹੀਨੇ ਵਿੱਚ ਕੁਰਦ ਜਾਤੀ ਦੀ ਇੱਕ ਇਰਾਨੀ ਵਿਦਿਆਰਥਣ ਮਾਹਸਾ ਅਮੀਨੀ ਨੂੰ ਔਰਤਾਂ ਦੇ ਲਿਬਾਸ ਤੇ ਧਾਰਮਿਕ ਮਾਮਲਿਆਂ ਬਾਰੇ ਨਿਗਰਾਨੀ ਕਰਨ ਵਾਲੀ ਪੁਲਿਸ 'ਗਸ਼ਤ ਏ ਇਰਸ਼ਾਦ' ਨੇ ਹਿਜਾਬ ਨਾ ਪਹਿਨਣ ਕਰਕੇ ਗ੍ਰਿਫ਼ਤਾਰ ਕਰ ਲਿਆ ਸੀ ਤੇ ਪੁਲਿਸ ਹਿਰਾਸਤ ਵਿੱਚ ਹੀ ਉਸਦੀ ਸ਼ੱਕੀ ਹਾਲਤਾਂ ਵਿੱਚ ਮੌਤ ਹੋ ਗਈ। ਉਸ ਦੀ ਮੌਤ ਮਗਰੋਂ ਔਰਤਾਂ ਸਮੇਤ ਦੂਜੇ ਵਰਗਾਂ ਦੇ ਲੋਕਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਵਿਰੋਧ ਧਰਨੇ, ਮੁਜ਼ਾਹਰਿਆਂ ਤੇ ਜਲੂਸਾਂ ਦੇ ਰੂਪ ਵਿੱਚ ਵਧਦਾ ਸਰਕਾਰ ਨਾਲ ਟਕਰਾਅ ਗਿਆ। ਇਸ ਟਕਰਾਅ ਵਿੱਚ ਹੁਣ ਤੱਕ 500 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਗ੍ਰਿਫ਼ਤਾਰ ਕੀਤੇ ਗਏ ਹਨ। ਹਿਜਾਬ ਦੇ ਖ਼ਿਲਾਫ਼ ਭੜਕੇ ਲੋਕਾਂ ਦੀ ਭੀੜ ਹੁਣ ਜਨ ਅੰਦੋਲਨ ਦਾ ਰੂਪ ਧਾਰਨ ਕਰ ਚੁੱਕੀ ਹੈ। ਲੋਕ ਸੜਕਾਂ 'ਤੇ ਆ ਕੇ ਹਿਜਾਬ ਦੇ ਨਾਲ ਆਇਤਉਲਾਹ ਖੁਮੀਨੀ ਵਿਰੁੱਧ ਵੀ ਬੋਲ ਰਹੇ ਹਨ। ਉਹ ਇਸ ਇਸਲਾਮੀ ਰਾਜ ਦਾ ਅੰਤ ਕਰਨ ਦੀ ਮੰਗ ਵੀ ਕਰ ਰਹੇ ਹਨ।ਇਹ ਅੰਦੋਲਨ ਇਸ ਸਮੇਂ ਇੰਨਾ ਉਗਰ ਰੂਪ ਧਾਰਨ ਕਰ ਗਿਆ ਹੈ ਕਿ ਇਸ ਨੇ ਮੌਜੂਦਾ ਰਾਸ਼ਟਰਪਤੀ ਇਬਰਾਹੀਮ ਰਈਸੀ ਦੀ ਕੁਰਸੀ ਨੂੰ ਖ਼ਤਰਾ ਪੈਦਾ ਕਰ ਦਿੱਤਾ ਹੈ। ਸਰਕਾਰ ਨੇ ਲੋਕ ਰੋਹ ਨੂੰ ਵੇਖਦਿਆਂ ਹੀ 'ਗਸ਼ਤ ਏ ਇਰਸ਼ਾਦ' ਪੁਲਿਸ ਨੂੰ ਭੰਗ ਕਰਨ ਦਾ ਐਲਾਨ ਕਰ ਦਿੱਤਾ ਹੈ। ਇਹ ਨੈਤਿਕ ਪੁਲਿਸ 'ਗਸ਼ਤ ਏ ਇਰਸ਼ਾਦ' ਦੀ ਸਥਾਪਨਾ 2006 ਵਿੱਚ ਰਾਸ਼ਟਰਪਤੀ ਮਹਿਮੂਦ ਅਹਿਮਦਨੇਜਾਦ ਨੇ ਇਸ ਲਈ ਕੀਤੀ ਸੀ ਕਿ ਇਹ ਔਰਤਾਂ ਦੇ ਲਿਬਾਸ ਦੇ ਨਾਲ ਇਸਲਾਮੀ ਕਾਨੂੰਨ ਤੇ ਰਵਾਇਤਾਂ ਦਾ ਪਾਲਣ ਕਰਵਾ ਸਕੇ। ਇਸ ਪੁਲਿਸ ਦੀਆਂ ਟੁਕੜੀਆਂ ਔਰਤਾਂ 'ਤੇ ਸਖ਼ਤ ਨਜ਼ਰ ਰੱਖਦੀਆਂ ਹਨ ਕਿ ਉਹ ਢੰਗ ਦਾ ਪਹਿਰਾਵਾ ਪਹਿਨਣ ਤੇ ਸਿਰ ਢਕਣ ਲਈ ਹਿਜਾਬ ਦੀ ਵਰਤੋਂ ਕਰਨ। ਪਰ ਹਿਜਾਬ ਦੇ ਵਿਰੋਧ ਵਿੱਚ ਭੜਕਿਆ ਇਹ ਅੰਦੋਲਨ ਹੁਣ ਸੱਤਾ ਲਈ ਖ਼ਤਰਾ ਬਣ ਗਿਆ ਹੈ। ਇਰਾਨ ਸਰਕਾਰ ਭਾਵੇਂ ਇਸ ਅੰਦੋਲਨ ਪਿੱਛੇ ਅਮਰੀਕਾ, ਇਜ਼ਰਾਈਲ ਸਮੇਤ ਦੂਜੀਆਂ ਵਿਦੇਸ਼ੀ ਤਾਕਤਾਂ ਨੂੰ ਜ਼ਿੰਮੇਵਾਰ ਠਹਿਰਾਅ ਰਹੀ ਹੈ ਪਰ ਉੱਥੋਂ ਦੇ ਆਮ ਲੋਕ ਇਸ ਗੱਲ ਨੂੰ ਸਹੀ ਨਹੀਂ ਮੰਨ ਰਹੇ ਹਨ। ਅਸਲ ਵਿੱਚ ਇਸ ਅੰਦੋਲਨ ਦੇ ਭੜਕਣ ਪਿੱਛੇ ਇਕੱਲਾ ਹਿਜਾਬ ਜਾਂ ਵਿਦੇਸ਼ੀ ਤਾਕਤਾਂ ਨਹੀਂ ਹਨ ਬਲਕਿ ਕੁਝ ਹੋਰ ਵੀ ਕਾਰਨ ਹਨ। ਇੱਕ ਤਾਂ ਇਹ ਹੈ ਕਿ ਅੱਜ ਦੇ ਸਮੇਂ ਵਿੱਚ ਇਰਾਨ ਦੇ ਲੋਕ ਆਧੁਨਿਕ ਹੋ ਗਏ ਹਨ ਤੇ ਉਹ ਹੁਣ ਦੇਸ਼ ਦੀਆਂ ਵਲਗਣਾਂ ਤੋਂ ਪਾਰ ਹੋ ਕੇ ਖਾਣਾ ਪੀਣਾ ਤੇ ਪਹਿਨਣਾ ਚਾਹੁੰਦੇ ਹਨ। ਪਰ ਇਰਾਨੀ ਸਰਕਾਰ ਉਨ੍ਹਾਂ ਨੂੰ ਰਵਾਇਤੀ ਸੱਭਿਆਚਾਰ ਤੇ ਵਿਰਾਸਤ ਨਾਲ ਜੋੜ ਕੇ ਰੱਖਣਾ ਚਾਹੁੰਦੀ ਹੈ।ਇਸ ਤਰ੍ਹਾਂ ਰਵਾਇਤੀ ਸੱਭਿਆਚਾਰ ਤੇ ਆਧੁਨਿਕਤਾ ਵਿਚਕਾਰ ਚੱਲ ਰਹੀ ਕਸ਼ਮਕਸ਼ ਵੀ ਇਸ ਅੰਦੋਲਨ ਦੇ ਖੜ੍ਹਾ ਹੋਣ ਦਾ ਕਾਰਨ ਬਣੀ ਹੈ। ਦੂਜਾ ਕਾਰਨ ਇਹ ਹੈ ਕਿ ਲੋਕ ਆਇਤਉਲਾਹ ਖੁਮੀਨੀ ਦੇ ਧਰਮ ਆਧਾਰਿਤ ਰਾਜ ਤੋਂ ਅੱਕ ਗਏ ਹਨ ਤੇ ਉਹ ਇਸ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਇਸ ਲਈ ਹੁਣ ਸਰਕਾਰ ਦਾ ਹਰ ਕਾਨੂੰਨ ਲੋਕਾਂ ਨੂੰ ਪਾਬੰਦੀ ਦੇ ਨਾਲ ਨਾਲ ਸਰਕਾਰੀ ਜ਼ਬਰ ਲੱਗਣ ਲੱਗ ਪਿਆ ਹੈ। ਇਸ ਤੋਂ ਇਲਾਵਾ ਔਰਤਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਅਜੇ ਵੀ ਦੇਸ਼ ਵਿੱਚ ਪੂਰੇ ਅਧਿਕਾਰ ਨਹੀਂ ਮਿਲੇ ਹਨ ਤੇ ਉਨ੍ਹਾਂ ਉੱਪਰ ਬਹੁਤ ਸਾਰੀਆਂ ਬੰਦਿਸ਼ਾਂ ਹਨ। ਇਸ ਕਰਕੇ ਹਿਜਾਬ ਤਾਂ ਲੋਕ ਰੋਹ ਦੇ ਫੁੱਟਣ ਦਾ ਇੱਕ ਜ਼ਰੀਆ ਬਣਿਆ ਹੈ ਜਦ ਕਿ ਲੋਕ ਅਸਲੀਅਤ ਵਿੱਚ ਤਾਂ ਸੱਤਾ ਤੋਂ ਮੁਕਤੀ ਪਾਉਣਾ ਚਾਹੁੰਦੇ ਹਨ।

# ਭਾਰਤ ਵਿਚ ਸਿੱਖ ਪੰਥ ਦੀ ਹਸਤੀ ਤੇ ਸੰਘਰਸ਼

ਵਰਿਆਮ ਸਿੰਘ



ਹਰ ਸੂਝਵਾਨ ਇਹ ਮਹਿਸੂਸ ਕਰ ਰਿਹਾ ਹੈ ਕਿ ਪੰਜਾਂ ਤੋਂ ਢਾਈ ਅਤੇ ਅੱਜ ਢਾਈਆਂ ਦਰਿਆਵਾਂ ਉੱਪਰ ਵੀ ਗੁਆਂਢੀ ਰਾਜਾਂ ਵੱਲੋਂ ਆਪਣਾ ਹੱਕ ਜਤਾਏ ਜਾਣ ਵਾਲੀ ਰਹਿ ਗਈ ਇਹ ਹਿੰਦੁਸਤਾਨੀ ਪੰਜਾਬ ਦੀ ਧਰਤੀ ਆਉਣ ਵਾਲੇ ਸਮੇਂ ਦੇ ਗੰਭੀਰ ਖ਼ਤਰਿਆਂ ਨੂੰ ਮਹਿਸੂਸ ਕਰ ਕੇ ਕੁਰਲਾਹਟ ਪਾ ਰਹੀ ਹੈ। ਪਰ ਇਹ ਸੁਣਦੀ ਉਸ ਨੂੰ ਹੀ ਹੈ ਜਿਸ ਦੇ ਅੰਦਰ ਸਵੱਛ ਹਿਰਦਾ ਹੈ, ਜਿਸ ਦੇ ਪਾਸ ਬਿਬੇਕ ਬੁੱਧ ਹੈ, ਹਰ ਕਿਸੇ ਨੂੰ ਇਹ ਕੁਰਲਾਹਟ ਸੁਣਦੀ ਮਹਿਸੂਸ ਨਹੀਂ ਹੁੰਦੀ।ਪ੍ਰਾਚੀਨ ਕਾਲ ਤੋਂ ਹੀ ਸੋਨੇ ਦੀ ਚਿੜੀ ਰੂਪੀ ਭਾਰਤ ਨੂੰ ਲੁੱਟਣ ਵਾਲੇ ਧਾੜਵੀਆਂ ਤੇ ਵਿਦੇਸ਼ੀ ਹਮਲਾਵਰਾਂ ਦਾ ਮੁੱਖ ਦਰਵਾਜ਼ਾ ਇਹ ਪੰਜਾਬ ਹੀ ਰਿਹਾ। ਦਰਵਾਜ਼ਾ ਵੀ ਕੇਵਲ ਚੁਗਾਠ ਬਾਹੀਆਂ ਵਾਲਾ, ਤਖ਼ਤਿਆਂ ਤੋਂ ਬਿਨਾਂ। ਜੋ ਵੀ ਆਇਆ, ਆਪਣੇ ਘੋੜਿਆਂ ਦੇ ਪੌੜਾਂ ਦੇ ਸੁੰਬਾਂ ਨਾਲ ਇਸ ਦਾ ਸੀਨਾ ਵਲੂੰਧਰ, ਬਗੈਰ ਕਿਸੇ ਰੋਕ-ਟੋਕ ਦੇ ਧਨ-ਮਾਲ ਨਾਲ ਮਾਲੋ-ਮਾਲ ਹੋ ਵਾਪਸ ਪਰਤਿਆ। ਗੁਰਮਤਿ ਦਾ ਪ੍ਰਕਾਸ਼ ਇਸ ਧਰਤੀ ’ਤੇ ਹੋਇਆ। ਡਰਪੋਕ ਬਣ ਕੇ ਜ਼ਲੀਲ ਹੋ ਰਹੀ ਮਨੁੱਖਤਾ ਨੇ ਅੰਗੜਾਈ ਲਈ, ਵਗਾਹ ਮਾਰਿਆ ਖ਼ੌਫ ਤੇ ਡਰ ਅਤੇ ਪਤ ਸੇਤੀ ਜਿਊਣ ਦਾ ਉਪਰਾਲਾ ਕੀਤਾ। ਗੁਰਮਤਿ ਦੇ ਧਾਰਨੀ, ਸਿੱਖ ਸੂਰਬੀਰਾਂ ਨੇ ਹਿੱਕ ਦੇ ਜ਼ੋਰ ਨਾਲ ਲੁੱਟਣ ਆਉਣ ਵਾਲੇ ਧਾੜਵੀਆਂ ਨੂੰ ਬੰਨ੍ਹ ਮਾਰਿਆ ਅਤੇ ਦੇਸ਼ ਦੇ ਅੰਦਰ ਫਿਰਕੂ ਲੀਹਾਂ ’ਤੇ ਚੱਲਣ ਵਾਲੀ ਤੇ ਜਨਤਾ ਦਾ ਲਹੂ ਪੀਣ ਵਾਲੀ ਸਮੇਂ ਦੀ ਜ਼ਾਲਮ ਸਲਤਨਤ ਦਾ ਮਹੱਲ ਵੀ ਢਾਹ-ਢੇਰੀ ਕਰ ਦਿੱਤਾ।

18ਵੀਂ ਸਦੀ ਦੇ ਘੱਲੂਘਾਰਿਆਂ ਦੇ ਦੌਰ ਵਿੱਚੋਂ ਲੰਘ ਕੇ ਜਦ ਸਿੱਖ ਰਾਜ ਦੀ ਸਥਾਪਨਾ ਹੋਈ ਤਾਂ ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਆਪਣੀਆਂ ਕੋਝੀਆਂ ਸਾਜ਼ਿਸ਼ਾਂ ਚੱਲ ਕੇ ਸਿੱਖਾਂ ਵਿਚ ਫੁੱਟ ਪਾਈ। ਸਿੱਖ ਰਿਆਸਤਾਂ ਦੇ ਸਰਦਾਰਾਂ ਦੀ ਆਪਸ ਵਿਚ ਏਕਤਾ ਨੂੰ ਤੋੜ ਦਿੱਤਾ ਜਿਸ ਕਾਰਨ ਕਈ ਸਿੱਖ ਰਿਆਸਤਾਂ ਦੇ ਸਰਦਾਰਾਂ ਨੇ ਅੰਗਰੇਜ਼ਾਂ ਦੀਆਂ ਕੋਝੀਆਂ ਸਾਜਿਸ਼ਾਂ ਨੂੰ ਨਾ ਸਮਝਦੇ ਹੋਏ ਆਪਣੇ ਭਰਾਵਾਂ ਨਾਲ ਮਿਲਣ, ਭਾਵ ਕਿ ਮਹਾਰਾਜਾ ਰਣਜੀਤ ਸਿੰਘ ਨਾਲ ਕੋਈ ਸੰਧੀ ਕਰ ਲੈਣ ਜਾਂ ਸਮੁੱਚਾ ਮੇਲ ਕਰ ਲੈਣ ਦੀ ਬਜਾਇ ਅੰਗਰੇਜ਼ਾਂ ਦੀ ਦੇਖ-ਰੇਖ ਹੇਠ ਰਹਿਣਾ ਜ਼ਿਆਦਾ ਪਸੰਦ ਕੀਤਾ। ਇਤਿਹਾਸਕ ਤੱਥਾਂ ਤੋਂ ਪਤਾ ਲਗਦਾ ਹੈ ਕਿ ਜੇਕਰ ਉਸ ਸਮੇਂ ਸਿੱਖ-ਸ਼ਕਤੀ ਇਸ ਤਰ੍ਹਾਂ ਖੇਰੂੰ-ਖੇਰੂੰ ਨਾ ਹੁੰਦੀ ਤਾਂ ਲਾਹੌਰ ਦੀ ਬਜਾਇ ਕੇਸਰੀ ਨਿਸ਼ਾਨ ਸਾਹਿਬ ਦਿੱਲੀ ਦੇ ਤਖ਼ਤ ਉੱਪਰ ਝੂਲਦਾ। ਇਸ ਨਾਲ ਕੌਮ ਦੀ ਹੋਰ ਵੀ ਚੜ੍ਹਦੀ ਕਲਾ ਹੁੰਦੀ ਅਤੇ ਦੇਸ਼ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਵਿਚ ਲੰਬਾ ਸਮਾਂ ਨਾ ਰਹਿਣਾ ਪੈਂਦਾ। ਜੇਕਰ ਮਿਸਲਾਂ ਦੇ ਸਮੇਂ ਵਰਗਾ ਚੱਜ-ਆਚਾਰ ਹੀ ਹੁੰਦਾ (ਉਹ ਇਹ ਸੀ ਕਿ ਬੇਸ਼ੱਕ ਸਿੱਖ ਸਰਦਾਰ ਆਪਸ ਵਿਚ ਕਦੇ ਖਹਿਬੜ ਵੀ ਪੈਂਦੇ ਸਨ, ਪਰ ਕੌਮ ਨੂੰ ਦਰਪੇਸ਼ ਕਿਸੇ ਬਾਹਰੀ ਖ਼ਤਰੇ ਸਮੇਂ ਉਹ ਇਕਮੁੱਠ ਹੋ ਜੂਝਦੇ ਸਨ) ਤਾਂ ਵੀ ਹਾਲਾਤ ਕੁਝ ਹੋਰ ਦੇ ਹੋਰ ਹੀ ਹੁੰਦੇ।

ਜੇਕਰ ਮਨੁੱਖ ਨੇ ਅੱਗੇ ਤੁਰਨਾ ਹੈ ਤਾਂ ਉਸ ਨੂੰ ਆਪਣੇ ਪਿਛਲੇ ਪੱਬ ਤੇ ਪਿੱਛੇ ਨੂੰ ਦੱਬ ਦੇਣੀ ਹੀ ਪੈਂਦੀ ਹੈ ਅਤੇ ਜੇਕਰ ਕਿਸੇ ਕੌਮ ਨੇ ਅੱਗੇ ਵਧਣਾ ਹੈ ਤਾਂ ਉਸ ਲਈ ਆਪਣੇ ਵਿਰਸੇ ਉੱਪਰ ਢੇਡੀ ਨਜ਼ਰ ਨਾਲ ਨਹੀਂ ਬਲਕਿ ਨੀਝ ਲਾ ਕੇ ਦੇਖਣਾ ਹੀ ਬਣਦਾ ਹੈ। ਉਸ ਕੌਮ ਦੇ ਵਾਰਸਾਂ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਉਹ ਗੌਰਵਮਈ ਪੈੜਾਂ ਤੇ ਪ੍ਰੰਪਰਾਵਾਂ ਨੂੰ ਅਪਣਾ ਲੈਣ ਅਤੇ ਜੇ ਕਿਧਰੇ ਨਜ਼ਰੀਂ ਕੋਈ ਪਲਿੱਤਣ ਵਾਲੀ ਗੱਲ ਪਈ ਹੈ ਤਾਂ ਉਸ ਤੋਂ ਸਬਕ ਸਿੱਖਿਆ ਜਾਵੇ ਤਾਂ ਕਿ ਗ਼ਲਤੀ ਫਿਰ ਨਾ ਦੁਹਰਾਈ ਜਾਵੇ।

ਅੱਜ ਫਿਰ ਤੋਂ ਸਿੱਖ ਪੰਥ ਵਿਚ ਫੁੱਟ ਪਾਉਣ ਦੀਆਂ ਕੋਝੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਅਨੇਕਾਂ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਈ, ਉਸ ਵਿਚ ਵੰਡੀਆਂ ਪਾਉਣ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਜਾਰੀ ਹਨ। ਸਾਡਾ ਮੱਥਾ ਤਾਂ ਲੱਗਾ ਹੈ ਬਹੁਤ ਹੀ ਚਤੁਰ ਤੇ ਨਿਪੁੰਨ ਨੀਤੀਵਾਨ ਸਿੱਖ-ਵਿਰੋਧੀ ਸ਼ਕਤੀਆਂ ਨਾਲ, ਪਰ ਅਸੀਂ ਆਪਸ ਵਿਚ ਹੋ ਰਹੇ ਹਾਂ ਖੇਰੂੰ-ਖੇਰੂੰ। ਹੋ ਸਕਦਾ ਹੈ ਕਿ ਇਸ ਪਿੱਛੇ ਵੀ ਉਪਰੋਕਤ ਮੰਦਭਾਵੀ ਨੀਤੀਵਾਨਾਂ ਦੀ ਕੋਈ ਚਾਲ ਹੀ ਕੰਮ ਕਰ ਰਹੀ ਹੋਵੇ, ਪਰ ਇਸ ਵਿਚ ਉਨ੍ਹਾਂ ਦਾ ਕੀ ਕਸੂਰ- ‘ਦੁਸ਼ਮਣ ਬਾਤ ਕਰੇ ਅਨਹੋਣੀ’ ਉਨ੍ਹਾਂ ਤਾਂ ਉਹ ਹਰ ਢੰਗ-ਤਰੀਕਾ ਵਰਤਣਾ ਹੈ, ਜਿਸ ਨਾਲ ਸਿੱਖਾਂ ਨੂੰ ਨੁਕਰੇ ਲਾਇਆ ਜਾ ਸਕੇ। ਇਸ ਸਮੇਂ ਤਾਂ ਸਾਨੂੰ ਸੋਚਣਾ ਚਾਹੀਦਾ ਹੈ ਕਿ ਨਫ਼ਾ ਕਿਸ ਗੱਲ ਵਿਚ ਹੈ ਤੇ ਨੁਕਸਾਨ ਕਿਸ ਵਿਚ ? ਜੇਕਰ ਅਸੀਂ ਸਾਰੇ ਹੀ ਪੰਥ ਦੀ ‘ਚੜ੍ਹਦੀ ਕਲਾ’ ਲੋਚਦੇ ਹਾਂ ਤਾਂ ਫਿਰ ਮਿਲ-ਬੈਠ ਕੇ ਛੋਟੇ-ਛੋਟੇ ਮਸਲਿਆਂ ਨੂੰ ਆਪੀਂ ਹੱਲ ਕਿਉਂ ਨਾ ਕਰ ਲਈਏ। ਇਹ ਬੜੀ ਗੰਭੀਰਤਾ ਅਤੇ ਬਾਰੀਕੀ ਨਾਲ ਵਿਚਾਰਨ ਦੀ ਲੋੜ ਹੈ ਕਿ ਕੀ ਕਦੇ ਵੀ ਕੋਈ ਕੌਮ ਐਸੀ ਘਾਤਕ ਫੁੱਟ ਦਾ ਸ਼ਿਕਾਰ ਹੋ ਕੇ ਕਿਸੇ ਮੰਜ਼ਲ ’ਤੇ ਪੁੱਜ ਸਕਦੀ ਹੈ ?

ਸਿੱਖਾਂ ਵੱਲੋਂ ਅਜ਼ਾਦ ਭਾਰਤ ਵਿਚ ਪੰਜਾਬ ਦੀ ਬਿਹਤਰੀ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਲਗਾਏ ਮੋਰਚਿਆਂ ਦੌਰਾਨ ਕੀਤੀਆਂ ਕੁਰਬਾਨੀਆਂ ਦਾ ਇਤਿਹਾਸ ਸਭ ਦੇ ਸਾਹਮਣੇ ਹੈ। ਪੰਜਾਬੀ ਸੂਬੇ ਦੇ ਮੋਰਚੇ, ਐਮਰਜੈਂਸੀ ਵਿਰੁੱਧ ਮੋਰਚੇ ਅਤੇ ਧਰਮ-ਯੁੱਧ ਮੋਰਚੇ ਦੌਰਾਨ ਕੌਮ ਵੱਲੋਂ ਕੁਰਬਾਨੀਆਂ ਦਾ ਤਾਂਤਾ ਹੀ ਲਗਾ ਦਿੱਤਾ ਗਿਆ ਅਤੇ ਇਸ ਨੇ ਲੋਕਤੰਤਰੀ ਅਸੂਲਾਂ ਅੰਦਰ ਰਹਿ ਕੇ ਸੰਘਰਸ਼ ਕਰਦਿਆਂ, ਦੁਨੀਆਂ-ਭਰ ਦੀਆਂ ਹੋਰ ਕੌਮਾਂ ਦੇ ਸੰਘਰਸ਼ਾਂ ਦੇ ਰੀਕਾਰਡ ਮਾਤ ਕਰ ਦਿੱਤੇ। ਪਰ ਸਮੇਂ ਦੀ ਹਕੂਮਤ ਨੇ ਸਾਡੇ ਅਤੀ ਪਵਿੱਤਰ ਅਤੇ ਸ਼ਰਧਾਮਈ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਉੱਪਰ ਫੌਜੀ ਹਮਲਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਥਾਪਤ ਕੀਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਢਾਹ-ਢੇਰੀ ਕਰਨਾ, ਹਜ਼ਾਰਾਂ ਸਿੰਘਾਂ ਦੀ ਸ਼ਹਾਦਤ ਅਤੇ ਫਿਰ ਸਮੁੱਚੇ ਪੰਜਾਬ ਵਿਚ ਸਿੱਖਾਂ ਨੂੰ ਚੁਣ-ਚੁਣ ਕੇ ਮਾਰਨ ਤੇ ਜ਼ਲੀਲ ਕਰਨ ਦਾ ਚੱਕਰ ਚਲਾਇਆ। ਅਜੇ ਇਹ ਜ਼ਖ਼ਮ ਅੱਲ੍ਹੇ ਹੀ ਸਨ ਕਿ ਨਵੰਬਰ 84 ਵਿਚ ਪੰਜਾਬ ਤੋਂ ਬਾਹਰਲੇ ਰਾਜਾਂ ਵਿਚਲੇ ਸਿੱਖਾਂ ਨੂੰ ਸਬਕ ਸਿਖਾਉਣ ਦਾ ਐਸਾ ਜ਼ਾਲਮਾਨਾ ਦੌਰ ਚਲਾਇਆ ਗਿਆ ਕਿ ਹਜ਼ਾਰਾਂ ਹੀ ਸਿੱਖਾਂ ਨੂੰ ਤਿੰਨ-ਚਾਰ ਦਿਨਾਂ ਵਿਚ ਸ਼ਹੀਦ ਕਰ ਦਿੱਤਾ ਗਿਆ, ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ ਅਤੇ ਘਰੋਂ-ਬੇਘਰ ਕਰ ਦਿੱਤਾ ਗਿਆ। ਇਤਨਾ ਕੁਝ ਹੋ ਕੇ, ਇਕ ਸਮਝੌਤਾ ਹੋਇਆ ਪਰ ਮਸਲਾ ਫਿਰ ਲੁੜਕ ਗਿਆ।

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਦੇ ਦਸਤਖ਼ਤਾਂ ਹੇਠ ਇਕ ਸਮਝੌਤਾ ਵੀ ਹੋਇਆ ਪਰ ਉਸਦਾ ਕੀ ਬਣਿਆ ? ਮਸਲੇ ਤਾਂ ਇਹ ਸਨ ਜੋ ਇਕਮੁੱਠ ਹੋ ਕੇ ਸਭ ਦੇ ਵਿਚਾਰ ਅਧੀਨ ਹੋਣੇ ਚਾਹੀਦੇ ਸਨ। ਪਰ ਇਹ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਇਨ੍ਹਾਂ ਮਸਲਿਆਂ (**ਬਾਕੀ ਸਫ਼ਾ 31 ’ਤੇ**)





ਮਨਜਿੰਦਰ ਸਿੰਘ ਸਰੌਦ
ਮਾਲੇਰਕੋਟਲਾ
9463463136

# ਪੰਜਾਬ ਦੇ ਗਵੱਈਆਂ 'ਤੇ ਭਾਰੀ ਰਿਹਾ 2022 ਦਾ ਵਰ੍ਹਾ

## ਲੰਘੇ ਵਰ੍ਹੇ ਲੱਚਰਤਾ ਭਰਪੂਰ ਗੀਤਾਂ ਤੋਂ ਕਲਾਕਾਰਾਂ ਨੇ ਵੱਟਿਆ ਪਾਸਾ

ਲੇਖਾ-ਜੋਖਾ 2022

ਹਰ ਵਾਰ ਦੀ ਤਰ੍ਹਾਂ ਬਾਕੀ ਵਰ੍ਹਿਆਂ ਵਾਂਗ 2022 ਵੀ ਸਾਡੇ ਤੋਂ 'ਅਛੋਪਲੇ' ਜਿਹੇ ਮੂੰਹ ਭੁਆ ਕੇ ਆਪਣੀਆਂ ਖੱਟੀਆਂ-ਮਿੱਠੀਆਂ ਯਾਦਾਂ ਨੂੰ ਕਲਾਵੇ ਵਿੱਚ ਲੈਂਦਿਆਂ ਤੁਰ ਚੱਲਿਐ। ਹਰ ਵਰ੍ਹੇ ਕਿਸੇ ਨਾ ਕਿਸੇ ਖੇਤਰ ਦੇ ਵਿਚ ਕਾਫ਼ੀ ਕੁਝ ਅਜਿਹਾ ਹੁੰਦਾ ਹੈ ਜਿਸ ਨੂੰ ਵੇਖ ਆਪਣੇ ਆਵਾਮ ਅਤੇ ਸਮਾਜ ਦਾ ਭਲਾ ਚਾਹੁਣ ਵਾਲਿਆਂ ਦੇ ਮੱਥੇ 'ਤੇ ਚਿੰਤਾ ਦੀਆਂ ਤਿਊੜੀਆਂ ਉਭਰੀਆਂ ਲਾਜ਼ਮੀ ਹੋ ਜਾਂਦੀਆਂ ਹਨ। ਜਿੱਥੇ ਲੰਘ ਚੁੱਕੇ ਵਰ੍ਹੇ ਦੌਰਾਨ ਬਾਕੀ ਖੇਤਰਾਂ ਅੰਦਰ ਕਾਫੀ ਉਲਟਫੇਰ ਵੇਖਿਆ ਗਿਆ। ਉਥੇ ਹੀ ਕਲਾ ਦੇ ਖੇਤਰ ਲਈ ਇਹ ਵਰ੍ਹਾ ਬੇਹੱਦ ਮਾੜਾ ਗਿਣਿਆ ਗਿਆ। ਕਈ ਵੱਡੇ ਕਲਾਕਾਰ ਪਿਛਲੇ ਦਿਨੀਂ ਆਪਣੇ ਚਾਹੁਣ ਵਾਲਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਅਤੇ ਕਈਆਂ ਨੂੰ ਸਰਕਾਰਾਂ ਨੇ ਆਪਣੇ ਮੱਕੜ ਜਾਲ਼ ਵਿੱਚ ਉਲਝਾ ਲਿਆ। ਬਹੁਤੇ ਕਲਾਕਾਰਾਂ ਦੇ ਗੀਤ ਆਏ ਅਤੇ ਗਏ ਪਰ ਆਮ ਜਨਤਾ ਅੰਦਰ ਕੋਈ ਖਾਸ ਪਛਾਣ ਨਾ ਬਣਾ ਸਕੇ। ਕਲਕਾਰੀ ਦੇ ਖੇਤਰ ਨੂੰ ਅਸੀਂ ਇਸ ਲਈ ਅਹਿਮ ਗਿਣਦੇ ਹਾਂ ਕਿਉਂਕਿ ਕਲਾਕਾਰ ਜਿੱਥੇ ਸਮਾਜਿਕ ਸਰੋਕਾਰਾਂ ਲਈ 'ਸੂਖਮਭਾਵੀ' ਹੁੰਦੇ ਹਨ ਉਥੇ ਹੀ ਉਨ੍ਹਾਂ ਨੂੰ ਸਮਾਜ ਦਾ ਸੀਸਾ ਵੀ ਮੰਨਿਆ ਜਾਂਦਾ। ਇਹ ਵਿਸ਼ਾ ਵੱਖਰਾ ਹੈ ਕਿ ਚਕਾਚੌਂਧ ਭਰੀ ਜ਼ਿੰਦਗੀ ਨੂੰ ਆਧਾਰ ਬਣਾ ਕੇ ਕਿ ਮਾਰੀ ਪਲਟੀ ਨਾਲ ਕਲਾਕਾਰੀ ਖੇਤਰ ਦੇ ਵਿੱਚ ਆਈ ਗਿਰਾਵਟ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

15 ਫ਼ਰਵਰੀ 2022 ਨੂੰ ਪੰਜਾਬੀ ਫਿਲਮ ਅਦਾਕਾਰੀ ਦੇ ਖੇਤਰ ਦਾ 'ਟਹਿਕਦਾ ਜੁਗਨੂੰ' ਦੀਪ ਸਿੱਧੂ ਦਿੱਲੀ ਤੋਂ ਵਾਪਸ ਪਰਤਦੇ ਸਮੇਂ ਇੱਕ ਸੜਕ ਹਾਦਸੇ ਵਿੱਚ ਸਦਾ ਲਈ ਖਾਮੋਸ਼ ਹੋ ਗਿਆ । ਕਲਾ ਦੇ ਖੇਤਰ ਅੰਦਰ ਦੀਪ ਸਿੱਧੂ ਦੀਆਂ ਪਾਈਆਂ ਪੈੜਾਂ ਲੰਮਾ ਸਮਾਂ 'ਤਵਾਰੀਖ ਦੇ ਚੇਤਿਆਂ' ਦਾ ਹਿੱਸਾ ਬਣੀਆਂ ਰਹਿਣਗੀਆਂ । ਕਿਸਾਨੀ ਸੰਘਰਸ਼ ਦੌਰਾਨ ਚਰਚਿਤ ਚਿਹਰਾ ਬਣ ਕੇ ਉਭਰੇ ਦੀਪ ਸਿੱਧੂ ਨੇ ਜੋਰਾ 10 ਨੰਬਰੀਆ ਵਰਗੀਆਂ ਕਈ ਪੰਜਾਬੀ ਫ਼ਿਲਮਾਂ ਵਿੱਚ ਚੰਗਾ ਕਿਰਦਾਰ ਨਿਭਾ ਕੇ ਆਪਣੇ ਸਰੋਤਿਆਂ ਦੇ ਦਿਲਾਂ ਦੇ ਦਿਲਾਂ 'ਤੇ ਵੱਖਰੀ ਛਾਪ ਛੱਡੀ। ਪੰਜਾਬੀ ਫ਼ਿਲਮ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਨਾਲ ਦੀਪ ਸਿੱਧੂ ਦੀ ਜੋੜੀ ਪੰਜਾਬੀ ਸਿਨੇਮੇ ਦੇ ਅੰਦਰ ਕੁਝ ਵੱਖਰਾ ਕਰਨ ਲਈ ਯਤਨਸ਼ੀਲ ਸੀ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਕਿ ਇਹ ਫ਼ਨਕਾਰ ਸਾਥੋਂ ਸਦਾ ਲਈ ਵਿਛੜ ਗਿਆ। ਦੀਪ ਸਿੱਧੂ ਦੀ ਜਿੰਦਗੀ ਦੇ ਆਖ਼ਰੀ ਦਿਨਾਂ ਅੰਦਰ ਉਸ ਨੇ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਹਲਕਾ ਅਮਰਗੜ੍ਹ ਦੀ ਚੋਣ ਨੂੰ ਵਿਸ਼ਵ ਪੱਧਰ 'ਤੇ ਖਿੱਚ ਦਾ ਕੇਂਦਰ ਬਣਾ ਦਿੱਤਾ ਸੀ ਦੀਪ ਸਿੱਧੂ ਦੇ ਚਹੇਤੇ ਅੱਜ ਵੀ ਉਸ ਦੀਆਂ ਯਾਦਾਂ ਨੂੰ ਕਿਸੇ 'ਸੋਹਣੇ ਸੱਜਣ' ਦੇ ਗਹਿਣੇ ਵਾਂਗਰਾਂ ਸਾਂਭੀ ਬੈਠੇ ਹਨ।

ਪੰਜਾਬੀ ਗਾਇਕੀ ਅਤੇ ਗੀਤਕਾਰੀ ਦੇ ਖੇਤਰ ਦੇ ਬੁਲੰਦ ਜਜ਼ਬਿਆਂ ਦਾ ਪ੍ਰਤੀਕ ਮੰਨੇ ਜਾਂਦੇ ਸਿੱਧੂ ਮੂਸੇਵਾਲਾ ਦੀ 29 ਮਈ ਨੂੰ ਹੋਈ ਦਰਦਨਾਕ ਮੌਤ ਨੇ ਪੰਜਾਬੀ ਮਾਂ ਬੋਲੀ ਦੇ ਉਪਾਸ਼ਕਾਂ ਨੂੰ ਬੁਰੀ ਤਰ੍ਹਾਂ 'ਝੰਭ' ਸੁੱਟਿਆ । ਇਹ ਪੰਜਾਬੀ ਕਲਾ ਦੇ ਖੇਤਰ 'ਤੇ ਦੂਜੀ ਵੱਡੀ ਸੱਟ ਸੀ । ਸਿੱਧੂ ਮੂਸੇਵਾਲਾ ਨੇ ਆਪਣੀ ਗਾਇਕੀ ਦੇ ਸਫ਼ਰ ਨੂੰ ਕੈਨੇਡਾ ਦੀ ਧਰਤੀ ਤੋਂ ਸ਼ੁਰੂ ਕਰਨ ਉਪਰੰਤ ਪੰਜਾਬ ਆ ਕੇ ਸਿਰੇ ਦੀਆ ਸਫਲਤਾਵਾਂ ਹਾਸਲ ਕੀਤੀਆਂ। ਇਸ ਹੋਣਹਾਰ ਨੌਜਵਾਨ ਗਾਇਕ ਦੇ ਗਾਏ ਗੀਤ ਪੂਰੀ ਦੁਨੀਆਂ ਦੇ ਅਸਮਾਨ ਤੇ ਸੁੱਚੇ ਮੋਤੀਆਂ ਦੀ ਤਰ੍ਹਾਂ ਚਮਕੇ। ਸਿੱਧੂ ਮੂਸੇ ਵਾਲੇ ਦੀ ਦਿਲੀ ਇੱਛਾ ਸੀ ਅਤੇ ਉਹ ਅਕਸਰ ਕਹਿੰਦਾ ਸੀ ਕਿ ਉਸ ਨੇ ਆਪਣੇ ਇਲਾਕੇ ਮਾਨਸਾ ਦੇ ਮੱਥੇ ਤੇ ਪਛੜੇਪਣ ਦੇ ਕਲੰਕ ਨੂੰ ਮਿਟਾਉਣ ਦੇ ਲਈ ਸਿਆਸਤ ਵਿੱਚ ਪੈਰ ਧਰਿਆ, ਪਰ ਇਹ ਚੰਦਰੀ ਸਿਆਸਤ ਵੀ ਉਸ ਨੂੰ ਰਾਸ ਨਾ ਆਈ। ਅੰਤ ਲੱਖਾਂ ਨੌਜਵਾਨਾਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਇਹ ਕਲਾਕਾਰ ਪੰਜਾਬ ਦੀਆਂ ਜੜ੍ਹਾਂ ਤੱਕ ਫੈਲੇ ਗੈਂਗਸਟਰਵਾਦ ਦੀ ਭੇਟ ਚੜ੍ਹ ਗਿਆ। ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਅੱਜ ਤੱਕ ਕਿੰਨੀਆਂ ਹੀ ਸੇਜਲ ਅੱਖਾਂ ਉਸ ਦੇ ਵੈਰਾਗ ਵਿਚ ਵਿਚ ਹੰਝੂ ਕੇਰ ਰਹੀਆਂ ਹਨ। ਯੁਗਾ ਜੁਗੰਤਰਾਂ ਬਾਅਦ ਪੈਦਾ ਹੁੰਦੇ ਨੇ ਅਜਿਹੇ ਕਲਾਕਾਰ।

ਪੰਜਾਬੀ ਗਾਇਕੀ ਦੇ ਖੇਤਰ ਅੰਦਰ ਦੋਗਾਣਾ ਜੋੜੀਆਂ ਦਾ ਲੰਬਾ ਸਮਾਂ ਬੋਲਬਾਲਾ ਰਿਹਾ ਅਤੇ ਕਈ ਦੋਗਾਣਾ ਜੋੜੀਆਂ ਨੇ ਦਹਾਕਿਆਂਬੱਧੀ ਲੋਕ ਮਨਾਂ ਤੇ ਰਾਜ ਕੀਤਾ। ਸਵਰਗੀ ਮਨਜੀਤ ਰਾਹੀ ਅਤੇ ਦਲਜੀਤ ਕੌਰ ਦੀ ਜੋੜੀ ਨੇ ਪੰਜਾਬ ਦੇ ਵਿਆਹਾਂ ਤੋਂ ਲੈ ਕੇ ਸਭਿਆਚਾਰਕ ਮੇਲਿਆਂ ਤੱਕ ਨਵੀਆਂ ਲੀਹਾਂ ਨੂੰ ਜਨਮ ਦਿੱਤਾ। ਦੋਗਾਣਾ ਜੋੜੀ ਟੁੱਟਣ ਤੋਂ ਬਾਅਦ ਮਨਜੀਤ ਰਾਹੀ ਪੰਜਾਬ ਦੇ ਅਮਲੋਹ ਸ਼ਹਿਰ ਦੇ ਲਾਗਲੇ ਪਿੰਡ ਮਾਜਰੀ ਅੰਦਰ ਮੰਦਹਾਲੀ ਭਰੀ ਜ਼ਿੰਦਗੀ ਦੀ ਦਿਨ-ਕਟੀ ਕਰਨ ਤੋਂ ਬਾਅਦ ਇਸ ਸੰਸਾਰ ਤੋਂ ਕੂਚ ਕਰ ਗਿਆ। ਮਨਜੀਤ ਰਾਹੀ ਦੇ ਗਾਏ ਗੀਤ ਅੱਜ ਵੀ 2 ਪੀੜ੍ਹੀਆਂ ਦੇ ਦਿਲਾਂ ਦਾ ਸ਼ਿਗਾਰ ਹਨ। ਇਹ ਕਲਾਕਾਰ ਵੀ 2022 ਦੌਰਾਨ ਸਦੀਵੀ ਵਿਛੋੜਾ ਦੇ ਗਿਆ। ਕਿਸੇ ਸਮੇਂ ਪੱਛਮੀ ਬੰਗਾਲ ਦੇ ਸਿਲੀਗੁੜੀ ਵਿੱਚ ਜਨਮ ਲੈ ਕੇ ਪੰਜਾਬੀ ਫਿਲਮਾਂ ਦੀ ਰਕਾਨ ਕਹਾਉਣ ਵਾਲੀ ਸੋਹਣੀ ਸੁਨੱਖੀ ਮੁਟਿਆਰ ਦਲਜੀਤ ਕੌਰ ਗੁੰਮਨਾਮੀ ਦੀਆਂ ਘੁੰਮਣ-ਘੇਰੀਆਂ ਨਾਲ ਖਹਿੰਦੀ ਹੋਈ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗੁਰੂਸਰ ਸੁਧਾਰ ਵਿਖੇ ਇਸ ਸੰਸਾਰ ਨੂੰ ਅਲਵਿਦਾ ਆਖ ਗਈ। ਉੱਚ ਕੋਟੀ ਦੀ ਪੜ੍ਹੀ-ਲਿਖੀ ਦਲਜੀਤ ਕੌਰ ਅਤੇ ਪੰਜਾਬੀ ਫਿਲਮਾਂ ਦੇ ਹੀਰੋ ਵਰਿੰਦਰ ਦੀ ਜੋੜੀ ਦੀ ਕਿਸੇ ਸਮੇਂ ਵੀ ਚਰਚਾ ਹੁੰਦੀ ਸੀ।

ਦਲਜੀਤ ਕੌਰ ਨੇ ਆਪਣੇ ਫ਼ਿਲਮੀ ਜੀਵਨ ਦੌਰਾਨ ਵੱਡੀ ਗਿਣਤੀ ਵਿੱਚ ਹਿੱਟ ਫ਼ਿਲਮਾਂ ਪੰਜਾਬੀ ਸਿਨੇਮਾ ਨੂੰ ਦਿੱਤੀਆਂ ਸਨ ਪਰ ਆਪਣੇ ਜੀਵਨ ਸਾਥੀ ਦੀ ਮੌਤ ਤੋਂ ਬਾਅਦ ਉਹ ਬੁਰੀ ਤਰ੍ਹਾਂ ਟੁੱਟ ਗਈ। ਦਲਜੀਤ ਕੌਰ ਦੇ ਆਪਣੀ ਕੋਈ ਔਲਾਦ ਨਾ ਹੋਣ ਕਾਰਨ ਉਸ ਨੇ ਆਪਣੀ ਜ਼ਿੰਦਗੀ ਦੇ ਪਿਛਲੇ ਪੱਖ ਨੂੰ ਮੁੰਬਈ ਵਿਖੇ ਬਿਤਾਉਣ ਤੋਂ ਬਾਆਦ ਪੰਜਾਬ ਆ ਕੇ ਆਪਣੇ ਸਰੋਤਿਆਂ ਨਾਲੋਂ ਹਮੇਸ਼ਾ ਲਈ ਨਾਤਾ ਤੋੜ ਲਿਆ। ਬਿਨਾਂ ਸ਼ੱਕ ਦਲਜੀਤ ਕੌਰ ਦੇ ਪੰਜਾਬੀ ਸਿਨੇਮਾ ਅੰਦਰ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਪਰ ਇਹ ਵਰ੍ਹਾ ਉਸ 'ਤੇ ਵੀ ਭਾਰੀ ਰਿਹਾ। ਨਾਮੀ ਗਾਇਕ ਗੁਰਮੀਤ ਸਣੇ ਕਈ ਹੋਰ ਪੁਰਾਣੇ ਕਲਾਕਾਰਾਂ ਦੇ ਵਿਛੋੜੇ ਨੇ ਪੰਜਾਬੀ ਸੰਗੀਤ ਇੰਡਸਟਰੀ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੱਤਾ।

2022 ਦੌਰਾਨ ਹੀ ਬਹੁਤੇ ਕਲਾਕਾਰਾਂ ਦੇ ਗੀਤ ਆਏ ਗਏ ਅਤੇ ਗਏ ਦੀ ਲੀਹ ਤੇ ਚਲਦਿਆਂ ਲੋਕ ਜੁਬਾਨ ਦਾ ਰਸ ਨਾ ਮਾਣ ਸਕੇ। ਕਈ ਚੰਗੇ ਕਲਾਕਾਰਾਂ ਦੇ ਗੀਤ ਵੀ ਲੋਕਾਂ ਨੇ ਨਕਾਰ ਦਿੱਤੇ । ਪੰਜਾਬੀ ਸੰਗੀਤ ਇੰਡਸਟਰੀ ਵਿਚ ਭਾਵੇਂ ਇਸ ਸਮੇਂ ਦਰਜਨ ਦੇ ਕਰੀਬ ਕਲਾਕਾਰਾਂ ਨੇ ਪੈਸੇ ਖਰਚ ਕੇ ਆਪਣੀ ਵੱਖਰੀ ਥਾਂ ਬਣਾਉਣ ਲਈ ਹੱਥ-ਪੈਰ ਜ਼ਰੂਰ ਮਾਰੇ ਪਰ ਉਨ੍ਹਾਂ ਦੀ ਵੀ ਗੱਲ ਨਾ ਬਣ ਸਕੀ। ਕਈਆਂ ਦੇ ਗਾਏ ਗੀਤ ਤਾਂ ਮਸ਼ਹੂਰੀ ਜੋਗਾ ਪੈਸਾ ਵੀ ਨਾ ਬਣਾ ਸਕੇ।ਕਈ ਪੰਜਾਬੀ ਗਾਇਕਾਂ ਨੇ ਇਸ ਵਰੇ ਗੀਤਾਂ ਵਿੱਚ ਬੁਰੀ ਤਰ੍ਹਾਂ ਮਾਰ ਖਾਣ ਤੋਂ ਬਾਅਦ ਪੰਜਾਬੀ ਫ਼ਿਲਮਾਂ ਅੰਦਰ ਹੱਥ ਅਜਮਾਉਣ ਦੀ ਕੋਸ਼ਿਸ਼ ਕੀਤੀ ਪਰ ਉਥੇ ਵੀ ਕੁਝ ਪੱਲੇ ਨਾ ਪਿਆ ਅਤੇ ਕਰਜਾਈ ਹੋ ਕੇ ਰਾਜਸਥਾਨ ਦੇ ਟਿੱਬਿਆਂ ਵੱਲ ਅੱਕੀਂ ਪਲਾਹੀਂ ਹੱਥ ਮਾਰਦੇ ਵੇਖੇ ਗਏ। ਹਾਂ ਕਈ ਸਦਾ ਬਹਾਰ ਗਾਇਕ ਗੁਰਦਾਸ ਮਾਨ, ਪੰਮੀ ਬਾਈ,ਸਤਿੰਦਰ ਸਰਤਾਜ, ਦਲਜੀਤ ਦੁਸਾਂਝ ਗਿੱਪੀ ਗਰੇਵਾਲ, ਸੁਖਵਿੰਦਰ ਸੁੱਖੀ, ਹਰਜੀਤ ਹਰਮਨ, ਹਰਭਜਨ ਮਾਨ, ਰਵਿੰਦਰ ਗਰੇਵਾਲ, ਰਣਜੀਤ ਬਾਵਾ, ਕੰਵਰ ਗਰੇਵਾਲ, ਰਾਜ ਕਾਕੜਾ ਆਦਿ ਵੱਲੋਂ ਆਪਣੇ ਗੀਤਾਂ ਰਾਹੀਂ ਭਰਵੀਂ ਹਾਜ਼ਰੀ ਲਵਾ ਕੇ ਦਰਸ਼ਕਾਂ ਦੇ ਚੇਤਿਆਂ ਵਿੱਚ ਵਸਣ ਦਾ ਯਤਨ ਜ਼ਰੂਰ ਕੀਤਾ ਗਿਆ। ਇਸ ਵਰ੍ਹੇ ਇਕ ਗੱਲ ਪੰਜਾਬੀ ਸੰਗੀਤ ਜਗਤ ਅੰਦਰ ਅਹਿਮ ਰਹੀ ਕਿ ਕਈ ਕਲਾਕਾਰਾਂ ਵੱਲੋਂ ਲੱਚਰਤਾ ਭਰਪੂਰ ਗੀਤਾਂ ਤੋਂ ਦੂਰੀ ਬਣਾ ਕੇ ਕੁਝ ਚੰਗਾ ਕਰਨ ਨੂੰ ਪਹਿਲ ਦਿੰਦਿਆਂ ਕਾਫ਼ੀ ਕੁਝ ਵੱਖਰਾ ਕਰਨ ਦਾ ਯਤਨ ਕੀਤਾ ਗਿਆ ਜਿਸਨੂੰ ਕਾਬਲੇ-ਤਰੀਫ਼ ਆਖਿਆ ਜਾ ਸਕਦਾ ਹੈ। ਇਸ ਵਰ੍ਹੇ ਦੇ ਆਖਰੀ ਦਿਨਾਂ ਦੌਰਾਨ ਕੇਂਦਰੀ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਵੱਲੋਂ ਕਈ ਨਾਮਵਰ ਪੰਜਾਬੀ ਕਲਾਕਾਰਾਂ ਦੇ ਘਰਾਂ 'ਤੇ ਮਾਰੇ ਛਾਪਿਆਂ ਦੀ ਚਰਚਾ ਕਈ ਦਿਨ ਹੁੰਦੀ ਰਹੀ। ਕੁੱਲ ਮਿਲਾ ਕੇ 2022 ਦਾ ਵਰ੍ਹਾ ਪੰਜਾਬੀ ਗਾਇਕੀ ਦੇ ਖੇਤਰ ਅੰਦਰ ਕਲਾਕਾਰਾਂ ਦੇ ਲੱਚਰਤਾ ਤੋਂ ਪਾਸਾ ਵੱਟਣ ਦੇ ਬਾਵਜੂਦ 'ਚੰਗੇ ਪਾਸੇ' ਨੂੰ ਕੋਈ ਵੱਖਰੀ ਪਛਾਣ ਨਾ ਬਣਾ ਸਕਿਆ। ਮਾਲਕ ਮੇਹਰ ਕਰੇ ਅਗਲੇ ਵਰ੍ਹੇ ਅੰਦਰ ਪੰਜਾਬੀ ਸੰਗੀਤ ਇੰਡਸਟਰੀ ਪੰਜਾਬੀ ਸਮਾਜ ਦੀ ਤਰਜਮਾਨੀ ਕਰਦਿਆਂ ਨਵੀਆਂ ਪਿਰਤਾਂ ਜ਼ਰੂਰ ਪਾਵੇ।

ਕਲਮਾਂ ਦੇ ਜਜ਼ਬਾਤ

ਗੋਬਿੰਦਰ ਸਿੰਘ ਢੀਂਡਸਾ
ਬਰੜਵਾਲ



# ਸਾਵਧਾਨੀ ਹਟੀ, ਦੁਰਘਟਨਾ ਘਟੀ

ਸਰਦੀਆਂ ਦੀ ਆਮਦ ਹੋ ਚੁੱਕੀ ਹੈ ਅਤੇ ਧੁੰਦ ਨੇ ਵੀ ਸੰਘਣੀ ਹੋਣਾ ਸ਼ੁਰੂ ਕਰ ਦਿੱਤਾ ਹੈ। ਅਖ਼ਬਾਰਾਂ ਅਤੇ ਚੈਂਨਲਾਂ ਉੱਪਰਰੋਜ਼ਾਨਾਂ ਹੀ ਸੜਕੀ ਹਾਦਸੇ ਖ਼ਬਰਾਂ ਦੀਆਂ ਸੁਰਖੀਆਂ ਬਣਦੇ ਹਨ ਅਤੇ ਕਿਸੇ ਨਾ ਕਿਸੇ ਘਰ ਸੱਥਰ ਵਿਛਾ ਛੱਡਦੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੇ ਅੰਕੜਿਆਂ ਅਨੁਸਾਰ ਸਾਲ 2021 ਦੌਰਾਨ ਦੇਸ ਵਿੱਚ 403116 ਸੜਕ ਹਾਦਸੇ ਵਾਪਰੇ ਅਤੇ 155622 ਮੌਤਾਂ ਹੋਈਆਂ। ਪੰਜਾਬ ਰੋਡ ਸੇਫਟੀ ਅਤੇ ਟ੍ਰੈਫਿਕ ਰਿਸਰਚ ਸੈਂਟਰ ਦੁਆਰਾ ਤਿਆਰ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 2011 ਤੋਂ 2020 ਤੱਕ 56,959 ਹਾਦਸੇ ਹੋਏ ਅਤੇ 46,550 ਲੋਕ ਸੜਕ ਹਾਦਸਿਆਂ ਵਿੱਚ ਮਾਰੇ ਗਏ। ਸੜਕ ਹਾਦਸਿਆਂ ਤੋਂ ਬਚਾਅ ਅਤੇ ਆਵਾਜਾਈ ਨੂੰ ਸੁਚਾਰੂ ਰੂਪ ਵਿੱਚ ਬਣਾਈ ਰੱਖਣ ਲਈ ਯਾਤਾਯਾਤ ਦੇ ਨਿਯਮ ਬਣਾਏ ਗਏ ਹਨ। ਇਹ ਨਿਯਮ ਹਰ ਵਿਅਕਤੀ ਦੁਆਰਾ ਪਾਲਣਾ ਕਰਨ ਲਈ ਹੁੰਦੇ ਹਨ ਜੋ ਸੜਕਾਂ ਤੇ ਚਲਦੇ ਹਨ ਅਤੇ ਟ੍ਰੈਫਿਕ ਦਾ ਹਿੱਸਾ ਬਣਦੇ ਹਨ।



ਸੜਕੀ ਹਾਦਸਿਆਂ ਪਿੱਛੇ ਜ਼ਿਆਦਾਤਰ ਸਿੱਧੇ ਤੌਰ 'ਤੇ ਲੋਕਾਂ ਦੀ ਆਵਾਜਾਈ ਨਿਯਮਾਂ ਸੰਬੰਧੀ ਵਰਤੀ ਜਾਂਦੀ ਅਣਗਹਿਲੀ ਅਤੇ ਪ੍ਰਸ਼ਾਸਨ ਦੀ ਦਿੱਤੀ ਜਾਂਦੀ ਢਿੱਲ ਜਿੰਮੇਵਾਰ ਹੈ। ਪੰਜਾਬ ਵਿੱਚ ਲੋਕਾਂ ਨੂੰ ਦੋ-ਪਹੀਆ ਵਾਹਨਾਂ ਨੂੰ ਬਿਨ੍ਹਾਂ ਹੈਲਮੈਂਟ ਚਲਾਉਂਦੇ ਆਮ ਵੇਖਿਆ ਜਾਂਦਾ ਹੈ ਅਤੇ ਸੂਬੇ ਵਿੱਚ ਪੁਲਿਸ ਪ੍ਰਸ਼ਾਸਨ ਤਰਫੋਂ ਵੀ ਹੈਲਮੈਂਟ ਦਾ ਚਾਲਾਨ ਨਾ-ਮਾਤਰ ਹੀ ਹੁੰਦਾ ਹੈ। ਇਹ ਵੀ ਕੋਈ ਅਤਿਕਥਨੀ ਨਹੀਂ ਕਿ ਸੜਕਾਂ ਉੱਤੇ ਵਾਹਨਾਂ ਨੂੰ ਚਲਾ ਰਹੇ ਲੋਕ ਬਹੁਤੇ ਆਵਾਜਾਈ ਦੇ ਨਿਯਮਾਂ ਤੋਂ ਅਣਜਾਣ ਹੀ ਹੁੰਦੇ ਹਨ ਅਤੇ ਪਿੰਡਾਂ ਸ਼ਹਿਰਾਂ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਵਾਹਨ ਚਲਾਉਂਦੇ ਆਮ ਨਜਰੀਂ ਪੈ ਜਾਂਦੇ ਹਨ।

ਮੌਜੂਦਾ ਸਮੇਂ ਧੁੰਦ ਕਾਰਨ ਵਿਜੀਵਿਲਿਟੀ ਉਂਝ ਹੀ ਘੱਟ ਹੋ ਜਾਂਦੀ ਹੈ ਸੋ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਸੁਰੱਖਿਅਤ ਸਫਰ ਕੀਤਾ ਜਾ ਸਕੇ। ਜ਼ਰੂਰਤ ਅਨੁਸਾਰ ਹੀ ਨਿੱਜੀ ਵਾਹਨ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜੇਕਰ ਸੰਭਵ ਹੋਵੇ ਤਾਂ ਸਫ਼ਰ ਲਈ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕੀਤੀ ਜਾਵੇ। ਕਦੇ ਵੀ ਤੇਜ਼ ਰਫ਼ਤਾਰ ਜਾਂ ਨਸ਼ਾ ਆਦਿ ਕਰਕੇ ਕੋਈ ਵਾਹਨ ਨਹੀਂ ਚਲਾਉਣਾ ਚਾਹੀਦਾ। ਆਵਾਜਾਈ ਦੇ ਹੋਰ ਨਿਯਮਾਂ ਦੇ ਨਾਲ ਨਾਲ ਹਾਰਨਾਂ ਦੀ ਢੁਕਵੀਂ ਵਰਤੋਂ, ਗੱਡੀਆਂ ਵਿੱਚ ਸੀਟ ਬੈਲਟਾਂ ਦੀ ਵਰਤੋਂ, ਚੌਕਾਂ ਵਿੱਚ ਲੱਗੀਆਂ ਬੱਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਪੈਦਲ ਚਲਦੇ ਸਮੇਂ ਜ਼ੈਬਰਾ ਕਰਾਸਿੰਗ ਤੋਂ ਮੁੱਖ ਸੜਕਾਂ ਨੂੰ ਪਾਰ ਕਰਨਾ ਚਾਹੀਦਾ ਹੈ ਕਿਉਂਕਿ ਕਿਸੇ ਹੋਰ ਥਾਂ ਤੋਂ ਸੜਕ ਪਾਰ ਕਰਨਾ ਦੁਰਘਟਨਾ ਨੂੰ ਸਿੱਧਾ ਸੱਦਾ ਸਾਬਤ ਹੋ ਸਕਦੀ ਹੈ।

ਸਰਦੀਆਂ ਦੇ ਮੌਸਮ ਵਿੱਚ ਵੱਖੋ ਵੱਖਰੇ ਸਮਾਗਮ ਚੱਲਦਿਆਂ ਸੜਕਾਂ ਤੇ ਚਾਹ ਆਦਿ ਦਾ ਲੰਗਰ ਲਾਉਣਾ ਆਮ ਗੱਲ ਹੈ ਪ੍ਰੰਤੂ ਇੱਥੇ ਜ਼ਰੂਰੀ ਹੈ ਕਿ ਮੁੱਖ ਸੜਕ ਤੋਂ ਥੋੜਾ ਪਿੱਛੇ ਹਟਕੇ ਲੰਗਰ ਲਾਇਆ ਜਾਵੇ ਅਤੇ ਲੋਕਾਂ ਨੂੰ ਰੋਕਣ ਲਈ ਜੋ ਮਿੱਟੀ ਦੇ ਉੱਚੇ ਉੱਚੇ ਬੰਨ੍ਹਨੁਮਾ ਹੰਪ ਬਣਾਏ ਜਾਂਦੇ ਹਨ, ਉਨ੍ਹਾਂ ਤੋਂ ਪ੍ਰਹੇਜ਼ ਕੀਤਾ ਜਾਵੇ ਤਾਂ ਜੋ ਕੋਈ ਸੜਕ ਦੁਰਘਟਨਾ ਨਾ ਵਾਪਰੇ।

ਸਿਹਤ ਪ੍ਰਤੀ ਸੁਚੇਤ ਨਾਗਰਿਕ ਚੰਗੀ ਗੱਲ ਹੈ ਪ੍ਰੰਤੂ ਸੜਕਾਂ 'ਤੇ ਸੈਰ ਕਰਨਾ ਕਦੇ ਵੀ ਸਹੀ ਨਹੀਂ ਕਿਹਾ ਜਾ ਸਕਦਾ, ਇਸਦੇ ਲਈ ਮੈਦਾਨ ਜਾਂ ਪਾਰਕ ਆਦਿ ਵਿੱਚ ਸੈਰ, ਟਹਿਲ ਕਦਮੀ ਆਦਿ ਕੀਤੀ ਜਾ ਸਕਦੀ ਹੈ। ਲੋਕਾਂ ਵਿੱਚ ਸਵੈ-ਜਾਗਰੂਕਤਾ, ਅਨੁਸ਼ਾਸਨ ਅਤੇ ਜਿੰਮੇਵਾਰੀ ਦੀ ਭਾਵਨਾ ਦੀਭਾਰੀ ਘਾਟ ਰੜਕਦੀ ਹੈ। ਸੜਕੀ ਨਿਯਮਾਂ ਸੰਬੰਧੀ ਅਣਗਹਿਲੀ ਲੋਕਾਂ ਦੇ ਸੁਭਾਅ ਦਾ ਹਿੱਸਾ ਬਣ ਗਈ ਹੈ ਪ੍ਰੰਤੂ ਜਿੱਥੇ ਸਖਤੀ ਹੁੰਦੀ ਹੈ ਉੱਥੇ ਇਹ ਤੀਰ ਵਾਂਗੂੰ ਸਿੱਧੇ ਹੋ ਜਾਂਦੇ ਹਨ ਕਿਉਂਕਿ ਚੰਡੀਗੜ੍ਹ ਵਿੱਚ ਪ੍ਰਸ਼ਾਸਨਿਕ ਸਖਤੀ ਦੇ ਚਲਦਿਆਂ ਆਪਣੇ ਵਾਹਨਾਂ ਨੂੰ ਚੰਡੀਗੜ੍ਹ ਦੇ ਖੇਤਰ ਵਿੱਚ ਲੈ ਕੇ ਜਾਂਦਿਆਂ ਹੀ ਇੱਕਦਮ ਜਿਆਦਾਤਰ ਲੋਕ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਨ ਲੱਗ ਜਾਂਦੇ ਹਨ ਅਤੇ ਪੰਜਾਬ ਵਿੱਚ ਉਹੀ ਨਿਯਮਾਂ ਨੂੰ ਛਿੱਕੇ 'ਤੇ ਟੰਗ ਕੇ ਰੱਖਦੇ ਹਨ।

ਸੜਕੀ ਨਿਯਮਾਂ ਦੀ ਪਾਲਣਾ ਦੂਜਿਆਂ ਦੇ ਨਾਲ ਨਾਲ ਸਾਡੀ ਆਪਣੀ ਜਾਨ ਦੀ ਸੁਰੱਖਿਆ ਲਈ ਜਰੂਰੀ ਹੈ। ਸੜਕੀ ਨਿਯਮਾਂ ਨੂੰ ਅਣਗੌਲ਼ਿਆਂ ਕਰਨ ਤੇ ਆਪਣੀ ਜਾਨ ਦੇ ਨਾਲ ਨਾਲ ਦੂਜੇ ਵਿਅਕਤੀਆਂ ਲਈ ਵੀ ਅਸੀਂ ਖਤਰਾ ਬਣ ਜਾਂਦੇ ਹਾਂ। ਆਦਰਸ਼ ਨਾਗਰਿਕ ਲਈ ਜ਼ਰੂਰੀ ਹੈ ਕਿ ਉਹ ਸੜਕੀ ਨਿਯਮਾਂ ਪ੍ਰਤੀ ਸੁਚੇਤ ਰਹੇ ਅਤੇ ਪਾਲਣਾ ਯਕੀਨੀ ਬਣਾਏ।

ਧੁੰਦ ਵਿੱਚ ਡ੍ਰਾਈਵਿੰਗ ਕਰਦਿਆਂ ਵਾਹਨ ਤੋਂ ਵਾਹਨ ਦਾ ਫਾਸਲਾ ਜਰੂਰ ਰੱਖਿਆ ਜਾਣਾ ਜ਼ਰੂਰੀ ਹੈ ਅਤੇ ਓਵਰਟੇਕ ਕਰਨ ਲੱਗਿਆਂ ਅੱਗੇ ਪਿੱਛੇ ਧਿਆਨ ਜਰੂਰ ਰੱਖਿਆ ਜਾਵੇ। ਡ੍ਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਨਾ ਕਰੋ, ਧੁੰਦ ਵਿੱਚ ਵਹੀਕਲ ਚਲਾਉਣ ਲੱਗਿਆ ਪੂਰਾ ਧਿਆਨ ਅੱਗੇ ਰੱਖੋ, ਧੁੰਦ ਵਿੱਚ ਕਦੀ ਵੀ ਸੜਕ ਦੇ ਵਿਚਕਾਰ ਵਹੀਕਲ ਨਾ ਰੋਕੋ ਜਦੋਂ ਵਹੀਕਲ ਰੋਕਣਾ ਹੋਵੇ ਤਾਂ ਇੰਡੀਕੇਟਰ ਜਾਰੀ ਰੱਖੋ ਤੇ ਵਹੀਕਲ ਨੂੰ ਸੜਕ ਤੋਂ ਸਾਇਡ 'ਤੇ ਹੀ ਰੋਕੋ ਅਤੇ ਵਹੀਕਲ ਚਲਾਉਂਦੇ ਸਮੇਂ ਲਾਇਟਾਂ ਚਲਾ ਕੇ ਰੱਖੋ। ਵਾਹਨਾਂ 'ਤੇ ਰਿਫਲੈਕਟਰ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਧੁੰਦ ਅਤੇ ਰਾਤ ਸਮੇਂ ਸੜਕ ਤੇ ਚਲਦੇ ਵਾਹਨ ਦਾ ਪਤਾ ਲੱਗ ਸਕੇ।

ਸੁਰੱਖਿਅਤ ਸਫਰ ਅਤੇ ਸੁਚੱਜੀ ਆਵਾਜਾਈ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜਰੂਰੀ ਹੈ ਕਿ ਲੋਕਾਂ ਵਿੱਚ ਇਸ ਸੰਬੰਧੀ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕੀਤੀ ਜਾਵੇ ਅਤੇ ਪ੍ਰਸ਼ਾਸਨ ਤਰਫੋਂ ਵਰਤੀ ਜਾਂਦੀ ਢਿੱਲ ਦੀ ਥਾਂ ਪੂਰੀ ਸਖਤੀ ਨੂੰ ਵੀ ਲਾਗੂ ਕੀਤਾ ਜਾਵੇ, ਇਹੀ ਸਮਾਜ ਅਤੇ ਲੋਕਾਂ ਦੇ ਹਿੱਤ ਵਿੱਚ ਹੈ ਅਤੇ ਵਾਹਨ ਚਲਾਉਂਦੇ ਸਮੇਂ ਟ੍ਰੈਫਿਕ ਨਿਯਮਾਂ ਦੀ ਕੀਤੀ ਪਾਲਣਾ ਨਾਲ ਸੜਕੀ ਹਾਦਸਿਆਂ ਨੂੰ ਬਹੁਤ ਹੱਦ ਤੱਕ ਠੱਲ੍ਹ ਪਾਈ ਜਾ ਸਕਦੀ ਹੈ ਅਤੇ ਕਈ ਘਰਾਂ ਵਿੱਚ ਸੋਗ ਪਸਰਨ ਤੋਂ ਬਚਾ ਹੋ ਸਕਦਾ ਹੈ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035




# ਸਮੁੰਦਰੀ ਤਬਦੀਲੀ ਨਾਲ ਉਜਾਗਰ ਚੁਣੌਤੀਆਂ

## ਕੋਪਰਨਿਕਸ ਓਸ਼ੀਅਨ ਸਟੇਟ ਰਿਪੋਰਟ ਅਨੁਸਾਰ

ਕੋਪਰਨਿਕਸ ਓਸ਼ੀਅਨ ਸਟੇਟ ਰਿਪੋਰਟ ਨੇ ਆਪਣੇ ਛੇਵੇਂ ਅੰਕ ਵਿਚ ਸਮੁੰਦਰੀ ਡਾਟਾ ਸਾਂਝਾ ਕੀਤਾ ਹੈ। ਕੋਪਰਨਿਕਸ ਸਮੁੰਦਰੀ ਸੇਵਾਵਾਂ ਲਾਗੂ ਕਰਨ ਵਾਲੀ ਸੰਸਥਾ, ਮਰਕੇਟਰ ਓਸ਼ਨ ਇੰਟਰਨੈਸ਼ਨਲ ਦੁਆਰਾ ਤਾਲਮੇਲ ਕੀਤਾ ਗਿਆ ਹੈ। ਇਹ ਸਾਲਾਨਾ ਪ੍ਰਕਾਸ਼ਨ ਪਿਛਲੇ ਦਹਾਕਿਆਂ ਅਤੇ ਹਾਲ ਹੀ ਦੇ ਸਾਲਾਂ ਵਿੱਚ, ਖਾਸ ਕਰਕੇ 2020 ਲਈ ਮੌਜੂਦਾ ਸਥਿਤੀ, ਭਿੰਨਤਾਵਾਂ, ਅਤੇ ਯੂਰਪੀ ਖੇਤਰੀ ਸਮੁੰਦਰਾਂ ਅਤੇ ਗਲੋਬਲ ਮਹਾਸਾਗਰ ਵਿੱਚ ਵਾਪਰ ਰਹੀਆਂ ਤਬਦੀਲੀਆਂ ਦੀ ਇੱਕ ਵਿਆਪਕ ਅਤੇ ਅਤਿ-ਆਧੁਨਿਕ ਸੰਖੇਪ ਜਾਣਕਾਰੀ ਪ੍ਰਦਾਨ ਕਰਦਾ ਹੈ। ਸਮੁੰਦਰੀ ਡਾਟਾ ਦੀ ਮਹੱਤਤਾ, ਕਿਵੇਂ ਸਮੁੰਦਰ ਦੇ ਵੱਖ-ਵੱਖ ਪਹਿਲੂਆਂ 'ਤੇ ਡਾਟਾ ਦਾ ਸੰਗ੍ਰਹਿ ਸਮੁੰਦਰੀ ਤਬਦੀਲੀ ਦੀਆਂ ਚੁਣੌਤੀਆਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਅਨੁਕੂਲ ਬਣਾਉਣ ਵਿੱਚ ਸਾਡੀ ਮਦਦ ਕਰ ਸਕਦਾ ਹੈ। ਇਸ ਰਿਪੋਰਟ ਵਿਚ ਨੀਲਾ, ਚਿੱਟਾ ਤੇ ਹਰੇ ਸਾਗਰ ਦੀ ਗੱਲ ਕੀਤੀ ਹੈ ਜਿਸ ਦੀ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ।

ਨੀਲਾ ਸਾਗਰ

2020 ਵਿੱਚ, ਭੂਮੱਧ ਸਾਗਰ ਵਿੱਚ ਦੋ ਗੰਭੀਰ ਤੂਫ਼ਾਨ ਦੇਖੇ ਗਏ। ਤੂਫ਼ਾਨ ਗਲੋਰੀਆ ਇੱਕ ਬੇਮਿਸਾਲ ਘਟਨਾ ਸੀ, ਜਿਸ ਨਾਲ ਸਪੈਨਿਸ਼ ਮੈਡੀਟੇਰੀਅਨ ਤੱਟ ਦੇ ਨਾਲ ਰਿਕਾਰਡ ਤੋੜਨ ਵਾਲੀਆਂ ਲਹਿਰਾਂ, ਸਮੁੰਦਰੀ ਕਰੰਟਾਂ, ਅਤੇ ਬਹੁਤ ਜ਼ਿਆਦਾ ਹੜ੍ਹ ਆਏ ਅਤੇ ਮਨੁੱਖੀ ਜਾਨੀ ਨੁਕਸਾਨ ਅਤੇ ਲੱਖਾਂ ਦਾ ਆਰਥਿਕ ਨੁਕਸਾਨ ਹੋਇਆ। ਮੈਡੀਕੇਨ ਆਇਨੋਸ-ਮੈਡੀਟੇਰੀਅਨ ਵਿੱਚ 1969 ਤੋਂ ਬਾਅਦ ਰਿਕਾਰਡ ਕੀਤੇ ਗਏ ਸਭ ਤੋਂ ਸ਼ਕਤੀਸ਼ਾਲੀ ਚੱਕਰਵਾਤਾਂ ਵਿੱਚੋਂ ਇੱਕ ਨੇ ਯੂਨਾਨੀ ਪ੍ਰਾਇਦੀਪ ਨੂੰ ਪ੍ਰਭਾਵਿਤ ਕੀਤਾ, ਜਿਸ ਨਾਲ 110 ਕਿਲੋਮੀਟਰ ਪ੍ਰਤੀ ਘੰਟਾ ਹਵਾਵਾਂ, ਭਾਰੀ ਮੀਂਹ ਅਤੇ ਬਹੁਤ ਜ਼ਿਆਦਾ ਹੜ੍ਹ ਆਏ, ਜਿਸ ਨਾਲ ਚਾਰ ਮੌਤਾਂ ਹੋਈਆਂ ਅਤੇ ਬੁਨਿਆਦੀ ਢਾਂਚੇ ਨੂੰ ਮਹੱਤਵਪੂਰਨ ਨੁਕਸਾਨ ਹੋਇਆ।

ਬਾਲਟਿਕ ਸਾਗਰ ਵਿੱਚ, 2019/2020 ਦੀਆਂ ਸਰਦੀਆਂ ਵਿੱਚ ਅਸਧਾਰਨ ਤੌਰ 'ਤੇ ਉੱਚ ਸਮੁੰਦਰੀ ਗਰਮੀ ਦੀਆਂ ਲਹਿਰਾਂ ਦਰਜ ਕੀਤੀਆਂ ਗਈਆਂ ਸਨ। ਸਮੁੰਦਰੀ ਗਰਮੀ ਵਿੱਚ ਬੇਮੌਸਮੀ ਵਾਧੇ ਨੇ ਖੇਤਰ ਵਿੱਚ ਸਰਦੀਆਂ ਦੀ ਸਮੁੰਦਰੀ ਬਰਫ਼ ਦੀ ਹੱਦ ਨੂੰ ਵਿਗਾੜ ਦਿੱਤਾ, ਜਿਸ ਨਾਲ 1720 ਤੋਂ ਬਾਅਦ ਰਿਕਾਰਡ 'ਤੇ ਸਭ ਤੋਂ ਘੱਟ ਸਮੁੰਦਰੀ ਬਰਫ਼ ਦਾ ਪੱਧਰ ਸਾਹਮਣੇ ਆਇਆ।

ਗਲੋਬਲ ਸਮੁੰਦਰੀ ਸਤਹ ਦਾ ਤਾਪਮਾਨ 1993 ਤੋਂ 2020 ਤੱਕ ਪ੍ਰਤੀ ਸਾਲ ਲਗਭਗ 0.016 ਡਿਗਰੀ ਸੈਲਸੀਅਸ ਦੀ ਦਰ ਨਾਲ ਵਧ ਰਿਹਾ ਹੈ। ਇਹ ਦੁਨੀਆ ਭਰ ਵਿੱਚ ਲਗਭਗ 0.43 ਡਿਗਰੀ ਸੈਲਸੀਅਸ ਦੇ ਵਾਧੇ ਦੇ ਬਰਾਬਰ ਹੈ। ਸਮੁੰਦਰੀ ਤਾਪਮਾਨ ਵਿੱਚ ਵਾਧਾ ਸਮੁੰਦਰੀ ਜੀਵਨ ਅਤੇ ਵਾਤਾਵਰਣ ਪ੍ਰਣਾਲੀਆਂ 'ਤੇ ਮਹੱਤਵਪੂਰਣ ਪ੍ਰਭਾਵ ਪਾ ਸਕਦਾ ਹੈ, ਸੰਭਾਵਿਤ ਤੌਰ 'ਤੇ ਉਨ੍ਹਾਂ ਜੀਵਾਂ ਲਈ ਮੌਤ ਦਰ ਵਧ ਸਕਦੀ ਹੈ ਜੋ ਠੰਡੇ ਪਾਣੀਆਂ ਵਿੱਚ ਨਹੀਂ ਜਾ ਸਕਦੇ।

ਪਿਛਲੇ 30 ਸਾਲਾਂ ਵਿੱਚ, 1993 ਤੋਂ ਵਿਸ਼ਵ ਪੱਧਰੀ ਸਮੁੰਦਰੀ ਪੱਧਰ ਵਿੱਚ 9 ਸੈਂਟੀਮੀਟਰ (3 ਇੰਚ) ਤੋਂ ਵੱਧ ਦੇ ਵਾਧੇ ਦੇ ਨਾਲ, ਸਮੁੰਦਰ ਦਾ ਪੱਧਰ ਤੇਜ਼ੀ ਨਾਲ ਵਧ ਰਿਹਾ ਹੈ। ਗਲੋਬਲ ਸਮੁੰਦਰੀ ਪੱਧਰ ਦੇ ਲਗਭਗ 30% ਵਾਧੇ ਦਾ ਕਾਰਨ ਸਮੁੰਦਰ ਦੇ ਥਰਮਲ ਵਿਸਥਾਰ ਨੂੰ ਮੰਨਿਆ ਜਾ ਸਕਦਾ ਹੈ। ਉਦਾਹਰਨ ਲਈ, ਬਾਕੀ 70% ਜ਼ਮੀਨੀ ਬਰਫ਼ ਦੇ ਪਿਘਲਣ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

ਗ੍ਰੀਨ ਸਾਗਰ

2020 ਵਿੱਚ ਉੱਚ ਸ਼ੁੱਧਤਾ ਦੇ ਨਾਲ ਸਮੁੰਦਰ ਦੀ ਨਿਗਰਾਨੀ ਕਰਨ ਲਈ ਨਵੇਂ ਟੂਲ, ਯੰਤਰ ਅਤੇ ਪਹੁੰਚ ਦੀ ਵਰਤੋਂ ਕੀਤੀ ਗਈ ਸੀ। ਸਮੁੰਦਰ ਵਿੱਚ ਕਲੋਰੋਫਿਲ-ਏ ਅਤੇ ਫਾਈਟੋਪਲੈਂਕਟਨ ਗਾੜ੍ਹਾਪਣ ਨੂੰ ਕਿਵੇਂ ਮਾਪਿਆ ਜਾਂਦਾ ਹੈ ਅਤੇ ਯੂਟ੍ਰੋਫਿਕੇਸ਼ਨ ਦੇ ਜੋਖਮਾਂ ਨੂੰ ਮੈਪ ਕਰਨ ਲਈ ਸੈਟੇਲਾਈਟ-ਅਧਾਰਿਤ ਸੂਚਕਾਂ ਦਾ ਇੱਕ ਨਵਾਂ ਸੈੱਟ ਵਿਕਸਿਤ ਕੀਤਾ ਗਿਆ ਸੀ। ਇਹ ਸੰਕੇਤਕ ਯੂਟ੍ਰੋਫਿਕੇਸ਼ਨ ਦੇ ਕਾਰਨ ਦੀ ਪਛਾਣ ਨਹੀਂ ਕਰਦੇ ਹਨ ਪਰ ਇਸ ਦੀ ਬਜਾਏ ਇੱਕ ਚੇਤਾਵਨੀ ਪ੍ਰਦਾਨ ਕਰਦੇ ਹਨ ਕਿ ਵਧੇ ਹੋਏ ਕਲੋਰੋਫਿਲ-ਏ ਅਤੇ ਫਾਈਟੋਪਲੈਂਕਟਨ ਵਾਧਾ ਹੋਇਆ ਹੈ, ਜੋ ਸੰਭਾਵੀ ਯੂਟ੍ਰੋਫਿਕ ਖੇਤਰਾਂ ਨੂੰ ਦਰਸਾ ਸਕਦਾ ਹੈ।

ਸਾਗਰ ਵਿੱਚ ਸਰਦੀਆਂ ਦੀ ਸਤ੍ਹਾ ਦੇ ਪੌਸ਼ਟਿਕ ਤੱਤ (ਅਰਥਾਤ, ਸਰਦੀਆਂ ਤੋਂ ਬਾਅਦ ਸਤਹ ਦੀਆਂ ਪਰਤਾਂ ਵਿੱਚ ਪੌਸ਼ਟਿਕ ਤੱਤਾਂ ਦੀ ਬਹੁਤਾਤ) ਨੂੰ ਇੱਕ ਉਤਪਾਦਕ ਅਤੇ ਸਿਹਤਮੰਦ ਵਾਤਾਵਰਣ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਇੱਕ ਖਾਸ ਖੇਤਰ ਦੀ ਸਮਰੱਥਾ ਦੀ ਭਵਿੱਖਬਾਣੀ ਕਰਨ ਲਈ ਇੱਕ ਪ੍ਰੌਕਸੀ ਵਜੋਂ ਵੀ ਵਰਤਿਆ ਗਿਆ ਸੀ। ਇਨ੍ਹਾਂ ਪੌਸ਼ਟਿਕ ਤੱਤ ਦੀ ਗਾੜ੍ਹਾਪਣ ਦਾ ਅੰਦਾਜ਼ਾ ਲਗਾਉਣ ਲਈ ਪ੍ਰੌਕਸੀ ਵਜੋਂ ਵਰਤਿਆ ਜਾ ਸਕਦਾ ਹੈ ਕਿ ਅਗਲੇ ਬਸੰਤ ਅਤੇ ਗਰਮੀਆਂ ਦੇ ਸਮੇਂ ਵਿੱਚ ਇੱਕ ਖਾਸ ਖੇਤਰ ਕਿੰਨਾ ਉਪਜਾਊ ਹੋਵੇਗਾ, ਸੰਭਾਵੀ ਤੌਰ 'ਤੇ ਸਮੁੰਦਰੀ ਉਤਪਾਦਕਤਾ ਦੀ ਨਿਗਰਾਨੀ ਲਈ ਨਵੇਂ ਸਾਧਨ ਵਿਕਸਿਤ ਕਰਨ ਵਿੱਚ ਮਦਦ ਕਰੇਗਾ।1985 ਅਤੇ 2020 ਦੇ ਵਿਚਕਾਰ, ਵੱਖ-ਵੱਖ ਮਨੁੱਖੀ ਗਤੀਵਿਧੀਆਂ ਤੋਂ ਉਤਪੰਨ ਹੋਏ ਸਮੁੰਦਰ ਦੁਆਰਾ 3®੨ ਦੇ ਵਧੇ ਹੋਏ ਪੱਧਰ ਨੂੰ ਜਜ਼ਬ ਕਰ ਲਿਆ ਗਿਆ ਹੈ। ਸਿੱਟੇ ਵਜੋਂ, ਉਦਯੋਗਿਕ ਕ੍ਰਾਂਤੀ ਤੋਂ ਬਾਅਦ ਸਮੁੰਦਰ ਦਾ ਤੇਜ਼ਾਬੀਕਰਨ ਲਗਭਗ 30% ਵਧਿਆ ਹੈ। pH ਪੱਧਰਾਂ (ਜਿਸ ਨੂੰ ਸਮੁੰਦਰੀ ਐਸਿਡੀਫਿਕੇਸ਼ਨ ਵੀ ਕਿਹਾ ਜਾਂਦਾ ਹੈ) ਦੇ ਘਟਣ ਨਾਲ ਸਮੁੰਦਰੀ ਵਾਤਾਵਰਣ ਪ੍ਰਣਾਲੀਆਂ 'ਤੇ ਨੁਕਸਾਨਦੇਹ ਪ੍ਰਭਾਵ ਪੈ ਸਕਦੇ ਹਨ, ਜਿਸ ਨਾਲ ਸਮੁੰਦਰ ਨੂੰ ਸਮੁੰਦਰੀ ਜੀਵਨ ਦੇ ਕਈ ਰੂਪਾਂ ਲਈ ਬਹੁਤ ਘੱਟ ਪਰਾਹੁਣਚਾਰੀ ਬਣਾਇਆ ਜਾ ਸਕਦਾ ਹੈ। ਉਦਾਹਰਨ ਲਈ, ਤੇਜ਼ਾਬੀ ਪਾਣੀ ਕੈਲਸ਼ੀਅਮ ਕਾਰਬੋਨੇਟ ਨੂੰ ਘੁਲਦਾ ਹੈ, ਜੋ ਕਿ ਸਮੁੰਦਰੀ ਪੌਦਿਆਂ ਅਤੇ ਕੋਰਲ, ਪਲੈਂਕਟਨ ਅਤੇ ਸ਼ੈਲਫਿਸ਼ ਵਰਗੇ ਜਾਨਵਰਾਂ ਲਈ ਇੱਕ ਜ਼ਰੂਰੀ ਤੱਤ ਹੈ।

ਸਫ਼ੈਦ ਮਹਾਂਸਾਗਰ

2019/2020 ਦੇ ਸੀਜ਼ਨ ਲਈ ਸਰਦੀਆਂ ਅਤੇ ਗਰਮੀਆਂ ਦੋਵਾਂ ਦੌਰਾਨ ਆਰਕਟਿਕ ਵਿੱਚ ਸਮੁੰਦਰੀ ਬਰਫ਼ ਦੀ ਹੱਦ ਘਟੀ, ਜਿਸ ਨਾਲ 1979 ਅਤੇ 2021 ਦੇ ਵਿਚਕਾਰ ਕੁੱਲ 2.14 ਮਿਲੀਅਨ ਕਿਮੀ ਸਮੁੰਦਰੀ ਬਰਫ਼ ਗੁਆਚ ਗਈ। 2020 ਵਿੱਚ, ਉੱਤਰੀ ਸਾਇਬੇਰੀਆ ਵਿੱਚ ਇੱਕ ਬੇਮਿਸਾਲ ਘਟਨਾ ਵਾਪਰੀ ਅਤੇ ਹਰ ਮਹੀਨੇ ਤਾਪਮਾਨ 5 ਡਿਗਰੀ ਸੈਲਸੀਅਸ ਤੋਂ ਵੱਧ ਗਿਆ ਹੈ। ਜੁਲਾਈ ਤੋਂ ਦਸੰਬਰ ਤੱਕ, ਆਰਕਟਿਕ ਵਿੱਚ ਸਮੁੰਦਰੀ ਬਰਫ਼ ਦਾ ਢੱਕਣ 1970 ਦੇ ਦਹਾਕੇ ਦੇ ਅਖੀਰ ਤੋਂ ਸੈਟੇਲਾਈਟ ਦੁਆਰਾ ਦੇਖੇ ਗਏ ਸਭ ਤੋਂ ਹੇਠਲੇ ਪੱਧਰਾਂ ਵਿੱਚੋਂ ਇੱਕ 'ਤੇ ਰਿਕਾਰਡ ਕੀਤਾ ਗਿਆ ਸੀ, ਜੋ ਕਿ ਰਿਕਾਰਡ ਤੋੜਨ ਵਾਲੀ ਹੀਟਵੇਵ ਦੇ ਨਾਲ ਮੇਲ ਖਾਂਦਾ ਹੈ ਅਤੇ ਲੈਪਟੇਵ ਸਾਗਰ ਵਿੱਚ ਸਮੁੰਦਰੀ ਬਰਫ਼ ਦੇ ਰਿਕਾਰਡ ਘੱਟ ਅਤੇ ਤੇਜ਼ੀ ਨਾਲ ਟੁੱਟਣ ਦਾ ਕਾਰਨ ਬਣਦਾ ਹੈ। 2021 ਸਭ ਤੋਂ ਹੇਠਲੇ ਸਮੁੰਦਰੀ ਬਰਫ਼ ਦੇ ਪੱਧਰਾਂ ਵਿੱਚੋਂ ਇੱਕ ਕਈ ਸਾਲਾਂ ਵਿੱਚ ਰਿਹਾ। ਜਿਵੇਂ ਕਿ ਆਰਕਟਿਕ ਵਿੱਚ, ਦੱਖਣੀ ਮਹਾਸਾਗਰ ਵਿੱਚ ਅੰਟਾਰਕਟਿਕ ਸਮੁੰਦਰੀ ਬਰਫ਼ ਗਲੋਬਲ ਜਲਵਾਯੂ ਅਤੇ ਧਰੁਵੀ ਸਮੁੰਦਰੀ ਵਾਤਾਵਰਣ ਨੂੰ ਨਿਯੰਤ੍ਰਿਤ ਕਰਨ ਵਿੱਚ ਇੱਕ ਜ਼ਰੂਰੀ ਭੂਮਿਕਾ ਨਿਭਾਉਂਦੀ ਹੈ। ਜਦੋਂ ਕਿ ਆਰਕਟਿਕ ਵਿੱਚ ਸਮੁੰਦਰੀ ਬਰਫ਼ ਦੀ ਹੱਦ ਗਰਮੀਆਂ ਅਤੇ ਸਰਦੀਆਂ ਦੋਵਾਂ ਦੌਰਾਨ ਘਟੀ ਹੈ, ਅੰਟਾਰਕਟਿਕ ਵਿੱਚ ਸਮੁੰਦਰੀ ਬਰਫ਼ ਦੇ ਰੁਝਾਨ ਇੰਨੇ ਸਪੱਸ਼ਟ ਨਹੀਂ ਸਨ। 2020 ਅਤੇ 2021 ਦੋਵਾਂ ਵਿੱਚ ਸਮੁੰਦਰੀ ਤਪਸ਼ ਦੇ ਬਾਵਜੂਦ, ਗਰਮੀਆਂ ਅਤੇ ਸਰਦੀਆਂ ਦੇ ਮੌਸਮ ਵਿੱਚ ਸਾਧਾਰਨ ਸਮੁੰਦਰੀ ਬਰਫ਼ ਦੀ ਹੱਦ ਦੇਖੀ ਗਈ। ਹਾਲਾਂਕਿ, ਫਰਵਰੀ 2022 ਵਿੱਚ, ਸਮੁੰਦਰੀ ਵੈੱਬਸਾਈਟ 'ਤੇ ਉਪਲਬਧ ਨਵਾਂ ਵਿਸ਼ਲੇਸ਼ਣ ਦਿਖਾਉਂਦਾ ਹੈ ਕਿ ਅੰਟਾਰਕਟਿਕਾ ਵਿੱਚ ਘੱਟੋ-ਘੱਟ ਗਰਮੀਆਂ ਦੀ ਸਮੁੰਦਰੀ ਬਰਫ਼ ਦੀ ਸੀਮਾ ਰਿਕਾਰਡ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ, ਜੋ ਕਿ 44-ਸਾਲ ਦੇ ਡਾਟਾ ਰਿਕਾਰਡ ਵਿੱਚ ਦੂਜੇ ਨੰਬਰ 'ਤੇ ਹੈ।

ਸਮੁੰਦਰੀ ਤਲ ਤੇ ਇਹ ਬਦਲਾਓ ਦਿਨ ਪ੍ਰਤੀ ਦਿਨ ਵੱਧ ਰਿਹਾ ਹੈ।

ਸਮੁੰਦਰ 'ਤੇ ਡਾਟਾ ਇਕੱਠਾ ਕਰਨਾ ਸਮੁੰਦਰੀ ਵਾਤਾਵਰਣਾਂ ਦੀ ਸਿਹਤ ਅਤੇ ਸਥਿਰਤਾ ਨੂੰ ਸਮਝਣ ਅਤੇ ਨਿਗਰਾਨੀ ਕਰਨ ਦਾ ਇੱਕ ਜ਼ਰੂਰੀ ਹਿੱਸਾ ਹੈ। ਇਹ ਡਾਟਾ ਟਿਕਾਊ ਸਮੁੰਦਰੀ ਪ੍ਰਬੰਧਕੀ ਲਈ ਬੁਨਿਆਦ ਪ੍ਰਦਾਨ ਕਰਦਾ ਹੈ, ਅਰਥਾਤ, ਅਸੀਂ ਸਮੁੰਦਰੀ ਸਰੋਤਾਂ ਦਾ ਪ੍ਰਬੰਧਨ, ਵਰਤੋਂ ਅਤੇ ਸੰਭਾਲ ਕਿਵੇਂ ਕਰਦੇ ਹਾਂ। ਮਰਕੇਟਰ ਓਸ਼ਨ ਇੰਟਰਨੈਸ਼ਨਲ ਅਤੇ ਕੋਪਰਨਿਕਸ ਮਰੀਨ ਸਰਵਿਸ ਦੁਆਰਾ ਪ੍ਰਦਾਨ ਕੀਤੇ ਗਏ ਸਮੁੰਦਰੀ ਡਾਟਾ ਇਹ ਦਰਸਾ ਸਕਦੇ ਹਨ ਕਿ ਸਮੁੰਦਰ ਵਿੱਚ ਕਿੱਥੇ ਤਬਦੀਲੀਆਂ ਹੋ ਰਹੀਆਂ ਹਨ।

ਇਸ ਡਾਟਾ 'ਤੇ ਕੰਮ ਕਰਨਾ ਸਾਨੂੰ ਸੰਯੁਕਤ ਰਾਸ਼ਟਰ ਦੇ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਨੂੰ ਪ੍ਰਾਪਤ ਕਰਨ ਦੇ ਨੇੜੇ ਲਿਆ ਸਕਦਾ ਹੈ ਅਤੇ ਸੰਯੁਕਤ ਰਾਸ਼ਟਰ ਮਹਾਸਾਗਰ ਦਹਾਕੇ ਦੇ ਹਿੱਸੇ ਵਜੋਂ 'ਸਾਨੂੰ ਚਾਹੁੰਦੇ ਹਾਂ' ਦੇ ਅਨੁਸਾਰ ਬਣਾਉਣ ਵਿੱਚ ਮਦਦ ਕਰ ਸਕਦਾ ਹੈ। ਸਮੁੰਦਰੀ ਨਿਗਰਾਨੀ ਸੂਚਕ ਅਤੇ ਸਮੁੰਦਰੀ ਪ੍ਰਬੰਧਕੀ ਸੰਯੁਕਤ ਰਾਸ਼ਟਰ SDG 14-ਪਾਣੀ ਦੇ ਹੇਠਾਂ ਜੀਵਨ - ਨੂੰ ਹੋਰ 16 SDGs ਨਾਲ ਸਬੰਧਤ, ਸਥਾਈ ਸਮੁੰਦਰੀ ਵਿਕਾਸ ਦੀ ਸਮਰੱਥਾ ਦਾ ਬਿਹਤਰ ਵਰਣਨ ਅਤੇ ਸੁਧਾਰ ਕਰਨ ਵਿੱਚ ਸਾਡੀ ਮਦਦ ਕਰ ਸਕਦੇ ਹਨ। ਰਿਪੋਰਟ ਟਿਕਾਊ ਵਿਕਾਸ ਦੇ ਖੇਤਰਾਂ ਦੀਆਂ ਉਦਾਹਰਣਾਂ ਦੀ ਪਛਾਣ ਕਰਦੀ ਹੈ ਜੋ ਸੰਭਾਵੀ ਤੌਰ 'ਤੇ ਸਮੁੰਦਰੀ ਡਾਟਾ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ, ਹਾਲਾਂਕਿ ਇਹ ਇੱਕ ਸੰਪੂਰਨ ਸੂਚੀ ਨਹੀਂ ਹੈ। ਅੱਪ-ਟੂ-ਡੇਟ ਸਮੁੰਦਰੀ ਡਾਟਾ ਜਲਵਾਯੂ ਅਨੁਕੂਲਨ ਰਣਨੀਤੀਆਂ ਨੂੰ ਲਾਗੂ ਕਰਨ ਲਈ ਖੇਤਰਾਂ ਦੀ ਪਛਾਣ ਕਰਨ ਵਿੱਚ ਮਦਦ ਕਰੇਗਾ ਅਤੇ ਕਿਵੇਂ ਸਮੁੰਦਰੀ ਸੰਚਾਲਨ ਵੱਡੇ ਸੰਯੁਕਤ ਰਾਸ਼ਟਰ SDG ਫਰੇਮਵਰਕ ਵਿੱਚ ਫਿੱਟ ਹੋ ਸਕਦਾ ਹੈ।

ਕੋਪਰਨਿਕਸ ਓਸ਼ੀਅਨ ਸਟੇਟ ਰਿਪੋਰਟ ਬਾਰੇ

ਕੋਪਰਨਿਕਸ ਓਸ਼ੀਅਨ ਸਟੇਟ ਰਿਪੋਰਟ ਕੋਪਰਨਿਕਸ ਸਮੁੰਦਰੀ ਸੇਵਾ ਦਾ ਸਲਾਨਾ ਪ੍ਰਕਾਸ਼ਨ ਹੈ, ਜੋ ਕਿ ਕੋਪਰਨਿਕਸ 1 ਲਈ ਯੂਰਪੀਅਨ ਕਮਿਸ਼ਨ ਦੁਆਰਾ 2014 ਵਿੱਚ ਸਥਾਪਿਤ ਕੀਤੀ ਗਈ ਸੀ ਅਤੇ ਕੋਪਰਨਿਕਸ 2 ਲਈ 2021 ਵਿੱਚ ਨਵੀਨੀਕਰਨ ਕੀਤੀ ਗਈ ਸੀ। ਇਹ ਰਿਪੋਰਟ ਇੱਕ ਵਿਆਪਕ, ਅਤਿ-ਆਧੁਨਿਕ, ਵਿਗਿਆਨਕ ਰਿਪੋਰਟ ਪ੍ਰਦਾਨ ਕਰਦੀ ਹੈ। ਰਿਪੋਰਟ ਦਾ ਟੀਚਾ 1970 ਦੇ ਦਹਾਕੇ ਤੋਂ ਲੈ ਕੇ ਹੁਣ ਤੱਕ ਦੇ ਡਾਟਾ ਨੂੰ ਖਿੱਚਦੇ ਹੋਏ, ਭਰੋਸੇਯੋਗ ਅਤੇ ਵਿਗਿਆਨਕ ਤੌਰ 'ਤੇ ਪ੍ਰਮਾਣਿਤ ਜਾਣਕਾਰੀ ਪ੍ਰਦਾਨ ਕਰਨਾ ਹੈ। ਇਹ ਰਿਪੋਰਟ 30 ਤੋਂ ਵੱਧ ਅੰਤਰਰਾਸ਼ਟਰੀ ਸੰਸਥਾਵਾਂ ਦੇ 150 ਤੋਂ ਵੱਧ ਵਿਗਿਆਨਕ ਮਾਹਰਾਂ ਦੁਆਰਾ ਲਿਖੀ ਗਈ ਹੈ।

ਯੂਰਪੀਅਨ ਸਮੁੰਦਰਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ, ਕਿਉਂਕਿ ਕੋਪਰਨਿਕਸ ਓਸ਼ੀਅਨ ਸਟੇਟ ਰਿਪੋਰਟ ਦਾ ਮਤਲਬ ਨਾ ਸਿਰਫ਼ ਇੱਕ ਵਿਸ਼ਵਵਿਆਪੀ ਦਰਸ਼ਕਾਂ ਲਈ ਇੱਕ ਸੰਦਰਭ ਵਜੋਂ ਕੰਮ ਕਰਨਾ ਹੈ, ਬਲਕਿ ਯੂਰਪੀਅਨ ਯੂਨੀਅਨ ਦੀਆਂ ਗਤੀਵਿਧੀਆਂ ਲਈ ਵਧੇਰੇ ਸਿੱਧੇ ਤੌਰ 'ਤੇ ਕੰਮ ਕਰਨਾ ਹੈ। ਪੂਰੀ ਕੋਪਰਨਿਕਸ ਓਸ਼ੀਅਨ ਸਟੇਟ ਰਿਪੋਰਟ ਟੇਲਰ ਅਤੇ ਫ੍ਰਾਂਸਿਸ ਗਰੁੱਪ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ ਜੋ ਭਵਿੱਖ ਦੀਆਂ ਸਮੁੰਦਰੀ ਤਬਦੀਲੀ ਨਾਲ ਆਉਣ ਵਾਲੀਆਂ ਚੁਣੌਤੀਆਂ ਬਾਰੇ ਬਿਆਨ ਕਰਦੀ ਹੈ।

**-ਸਰਬਜੀਤ ਕੌਰ ਸਰਬ**











ਹਰਦੇਵ ਗਰੇਵਾਲ

ਨਾਵਲ

ਕਿਸ਼ਤ-11

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਆਗਾਹ ਕਰਨੇ ਕੀ ਕੋਸ਼ਿਸ਼ ਕੀ ਤੋ ਇਨਹੋਂਨੇ ਨਾ ਕੇਵਲ ਉਨਕੀ ਬਾਤ ਸੁਨਨੇ ਸੇ ਇਨਕਾਰ ਕਰ ਦੀਆ, ਬਲਕਿ ਉਸ ਰਿਪੋਰਟਰ ਕੇ ਸਾਥ ਬਦਸਲੂਕੀ ਭੀ ਕੀ।'

ਏਨੇ ਨੂੰ ਦਰਵਾਜ਼ੇ 'ਤੇ ਦਸਤਕ ਹੋਈ ਅਤੇ ਚਾਹ ਦੇ ਗਿਲਾਸਾਂ ਵਾਲ਼ਾ ਛਿੱਕੂ ਹੱਥ ਵਿਚ ਫੜੀ ਚਾਹ ਵਾਲ਼ੇ ਮੁੰਡੂ ਨੇ ਅੰਦਰ ਪ੍ਰਵੇਸ਼ ਕਰਦਿਆਂ ਸਰਦੂਲ ਸਿੰਘ ਵੱਲ ਕਦਮ ਵਧਾਏ, ਪਰ ਟੀ.ਵੀ. ਚੱਲਦਾ ਹੋਣ ਕਰਕੇ ਉਸਦੀ ਨਜ਼ਰ ਅਤੇ ਧਿਆਨ ਦੋਵੇਂ ਟੀ.ਵੀ. ਵੱਲ ਖਿੱਚੇ ਗਏ।

'ਸਾਹਬ, ਟੀ.ਵੀ. ਮੇਂ ਤੋ ਆਪਕਾ ਫ਼ੂਟੂ ਆ ਰਹਾ ਹੈ।' ਮੂੰਡੂ ਨੇ ਦੰਦ ਕੱਢਦਿਆਂ ਆਖਿਆ।

ਵਿਚਾਰੇ ਮੁੰਡੂ ਨੇ ਤਾਂ ਬਿਨਾਂ ਕੁਝ ਜਾਣੇ-ਸਮਝੇ ਸਾਹਬ ਨੂੰ ਟੀ.ਵੀ. 'ਤੇ ਦੇਖਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ ਸੀ, ਪਰ ਹੁਣ ਤੱਕ ਇਹ ਚੰਗੀ ਤਰ੍ਹਾਂ ਨਾਲ਼ ਸਮਝ ਚੁੱਕੇ ਸਰਦੂਲ ਸਿੰਘ ਨੂੰ ਕਿ ਉਹ ਕੋਈ 'ਸਟਾਰ' ਨਹੀਂ ਬਲਕਿ 'ਜੋਕਰ' ਬਣ ਚੁੱਕਾ ਸੀ, ਮੁੰਡੂ ਦੇ ਇਸ ਅਣਭੋਲ ਜਿਹੇ ਕਥਨ ਵਿੱਚ ਵੀ ਕਟਾਖ਼ਸ਼ ਲੱਗਿਆ। ਉਸਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਇਹ ਚਾਹ ਵਾਲ਼ਾ ਮੁੰਡੂ ਵੀ ਸਾਰੀ ਚੌਂਕੀ ਵਾਂਗ ਹੀ ਉਸਦਾ ਮਜ਼ਾਕ ਉਡਾ ਰਿਹਾ ਹੋਵੇ।

'ਚੱਲ ਸਾਲ਼ਾ ਬਾਂਦਰ ਬੂਥੀ, ਗੜ੍ਹਿਆ ਟੀ.ਵੀ. ਦਾ। ਭੱਜ ਏਥੋਂ!' ਸਰਦੂਲ ਸਿੰਘ ਗਰਜਿਆ।

ਵਿਚਾਰੇ ਮੁੰਡੂ ਦੇ ਚਿਹਰੇ 'ਤੋਂ ਹਾਸਾ ਇਉਂ ਗਾਇਬ ਹੋਇਆ, ਜਿਵੇਂ ਗਧੇ ਦੇ ਸਿਰ 'ਤੋਂ ਸਿੰਗ।

ਸਾਹਬ ਦੇ ਗੁੱਸੇ ਦੀ ਵਜ੍ਹਾ ਸਮਝਣ ਦੀ ਅਸਫਲ ਕੋਸ਼ਿਸ਼ ਕਰਦਾ ਹੋਇਆ, ਉਹ ਚਾਹ ਦਾ ਗਿਲਾਸ ਧਰ, ਕਿਸੇ ਵਾਵਰੋਲ਼ੇ ਵਾਂਗ ਦਰਵਾਜ਼ਿਓਂ ਬਾਹਰ ਹੋ ਗਿਆ।

ਬੁੜ-ਬੁੜ ਕਰਦੇ ਹੋਏ ਸਰਦੂਲ ਸਿੰਘ ਨੇ ਰਿਮੋਟ ਚੁੱਕ ਟੀ.ਵੀ. ਚੈਨਲ ਬਦਲ-ਬਦਲ ਕੇ ਦੇਖੇ। ਹਰ ਚੈਨਲ 'ਤੇ ਲਫ਼ਜ਼ੀ ਹੇਰ-ਫੇਰ ਨਾਲ਼, ਇੱਕੋ ਜਿਹਾ ਹੀ ਰਾਗ ਅਲਾਪਿਆ ਜਾ ਰਿਹਾ ਸੀ। ਅੰਤ ਖਿਝ ਕੇ ਸਰਦੂਲ ਸਿੰਘ ਨੇ ਟੀ.ਵੀ. ਬੰਦ ਕਰ ਦਿੱਤਾ।

ਚੌਵੀ ਘੰਟੇ ਚੱਲਣ ਵਾਲ਼ੇ ਟੀ.ਵੀ. ਚੈਨਲਾਂ ਨੂੰ ਇੱਕ ਮੁੱਦਾ ਮਿਲ ਗਿਆ ਸੀ ਜੀਅ ਭਰ ਕੇ ਉਛਾਲਣ ਲਈ। ਇਹੋ ਜਿਹੇ ਮੌਕਿਆਂ ਦੀ ਤਲਾਸ਼ ਵਿੱਚ ਹੀ ਤਾਂ ਰਹਿੰਦੇ ਨੇ ਉਹ। ਬਿਨਾਂ ਸੋਚੇ-ਸਮਝਿਆਂ ਉਹ ਜੋ ਬੋਲ ਬੈਠਿਆ, ਉਸਦੇ ਕੀ ਦੇ ਕੀ ਅਰਥ ਕੱਢ ਲਏ ਗਏ ਸਨ। ਉਨ੍ਹਾਂ ਦੇ ਹੱਥ ਤਾਂ ਇੱਕ ਤਾਜ਼ਾ ਬੱਕਰਾ ਲੱਗ ਚੁੱਕਾ ਸੀ, ਜਿਸਨੂੰ ਹੁਣ ਉਹ ਬੜੇ ਇਤਮੀਨਾਨ ਨਾਲ਼ ਹਲਾਲ ਕਰਨ ਲੱਗੇ ਹੋਏ ਸਨ।

ਚੌਂਕੀ ਮੁਲਾਜ਼ਮਾਂ ਦੇ ਅਨੋਖੇ ਵਿਵਹਾਰ ਦਾ ਮਤਲਬ ਹੁਣ ਉਸਦੀ ਸਮਝ 'ਚ ਆ ਚੁੱਕਾ ਸੀ। ਇਹ ਸੋਚ-ਸੋਚ ਉਹ ਸ਼ਰਮ ਨਾਲ ਪਾਣੀ-ਪਾਣੀ ਹੋ ਰਿਹਾ ਸੀ ਕਿ ਉੱਤੋਂ-ਉੱਤੋਂ ਦੀ ਸਲਾਮ ਠੋਕਦੇ ਉਸਦੇ ਮਾਤਹਤ, ਕਿਵੇਂ ਅੰਦਰੋਂ-ਅੰਦਰੀਂ ਉਸ ਉੱਪਰ ਹੱਸ ਰਹੇ ਹੋਣਗੇ। ਆਪਣੇ ਰੋਅਬ ਦੀ ਇਉਂ ਫੂਕ ਨਿੱਕਲਦੀ ਦੇਖ, ਉਸਦਾ ਸਿਰ ਚਕਰਾਉਣ ਲੱਗ ਪਿਆ। ਪੁੜਪੁੜੀਆਂ ਦੀਆਂ ਨਾੜਾਂ ਦੀ ਟੱਸ-ਟੱਸ ਇਉਂ ਮਹਿਸੂਸ ਹੋਣ ਲੱਗ ਪਈ, ਜਿਵੇਂ ਦਿਮਾਗ਼ 'ਤੇ ਵਦਾਣ ਵੱਜ ਰਹੇ ਹੋਣ। ਆਪਣੀਆਂ ਕੂਹਣੀਆਂ ਸਾਹਮਣੇ ਪਏ ਟੇਬਲ 'ਤੇ ਟਿਕਾ, ਉਸਨੇ ਆਪਣਾ ਸਿਰ ਦੋਹਾਂ ਹੱਥਾਂ ਨਾਲ਼ ਘੁੱਟ ਕੇ ਫੜ ਲਿਆ ਅਤੇ ਅੱਖਾਂ ਮੀਚ ਕੇ ਇਹਨਾਂ ਸਭ ਬਦਮਜ਼ਾ ਖ਼ਿਆਲਾਂ ਨੂੰ ਆਪਣੇ ਦਿਮਾਗ਼ 'ਚੋਂ ਕੱਢਣ ਦੀ ਅਸਫਲ ਕੋਸ਼ਿਸ਼ ਕਰਨ ਲੱਗਾ।

'ਇਹ ਸਾਲ਼ੇ ਮੀਡੀਆ ਆਲ਼ੇ ਤਾਂ ਹਲ਼ਕਾਏ ਹੋਏ ਕੁੱਤਿਆਂ ਆਂਗੂੰ ਮੇਰੇ ਪਿੱਛੇ ਈ ਪੈ ਗਏ, ਇਨ੍ਹਾਂ ਨੂੰ ਤਾਂ 'ਕੱਲੇ-'ਕੱਲੇ ਨੂੰ, ਚੌਂਕ 'ਚ ਖੜ੍ਹੇ ਕਰਕੇ ਗੋਲ਼ੀ ਮਾਰ ਦੇਣੀ ਚਾਹੀਦੀ ਆ ਮੇਰੇ ਸਾਲ਼ਿਆਂ ਨੂੰ।'

ਉਵੇਂ ਸਿਰ ਫੜੀ ਉਸਨੇ ਥੋੜ੍ਹੀ ਦੇਰ ਬਾਅਦ ਅੱਖਾਂ ਖੋਹਲੀਆਂ, ਤਾਂ ਉਸਦੀ ਨਜ਼ਰ ਸਾਹਮਣੇ ਪਏ 'ਰੋਜ਼ਾਨਾ ਖ਼ਬਰਨਾਮਾ' 'ਤੇ ਜਾ ਪਈ।

ਫ਼ਰੰਟ ਪੇਜ 'ਤੇ ਹੀ ਤੇਜਵੀਰ ਦੀ ਬਾਈਲਾਈਨ ਹੇਠ ਛਪੀ ਕੱਲ੍ਹ ਦੇ ਹਾਦਸੇ ਦੀ ਖ਼ਬਰ 'ਤੇ ਨਜ਼ਰ ਪੈਂਦਿਆਂ ਹੀ ਉਸਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਤੇਜਵੀਰ ਦਾ ਚਿਹਰਾ ਉਸਦੀਆਂ ਨਜ਼ਰਾਂ ਸਾਹਮਣੇ ਆ ਗਿਆ ਅਤੇ ਉਸਦੇ ਕ੍ਰੋਧ ਦਾ ਪਾਰਾ ਸੱਤਵੇਂ ਅਸਮਾਨ 'ਤੇ ਜਾ ਚੜ੍ਹਿਆ।

'ਸਾਲ਼ੇ ਪਿੱਦੀ ਭਰ ਛੋਕਰੇ ਨੂੰ ਪਾੜ ਕੇ ਸੁੱਕਣੇ ਨਾ ਪਾਇਆ, ਤਾਂ ਸਰਦੂਲ ਸਿੰਘ ਏ.ਐੱਸ.ਆਈ. ਕੀਹਨੇ ਕਹਿਣਾ ਮੈਨੂੰ।'

ਦੰਦ ਕਰੀਚ-ਕਰੀਚ ਕੇ ਬੁੜਬੁੜਾਉਂਦੇ ਸਰਦੂਲ ਸਿੰਘ ਦੇ ਕ੍ਰੋਧ ਦਾ ਕੇਂਦਰ ਬਿੰਦੂ ਹੁਣ ਕੇਵਲ ਤੇਜਵੀਰ ਸੀ। ਉਸਦੇ ਅੰਤਰਮਨ ਨੇ ਕਥਾਰਸਿਸ ਲਈ ਨਿਸ਼ਾਨਾ ਚੁਣ ਲਿਆ ਸੀ। ਹੁਣ ਉਸਦੇ ਦਿਮਾਗ਼ 'ਚ ਕੇਵਲ ਇੱਕੋ ਖ਼ਿਆਲ ਸੀ ਕਿ ਤੇਜਵੀਰ ਨੂੰ ਠਿਕਾਣੇ ਕਿਵੇਂ ਲਗਾਇਆ ਜਾਵੇ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਸ ਸਾਰੇ ਪ੍ਰਸੰਗ 'ਚ ਉਸਨੂੰ ਇਹ ਜਾਨਣ ਦਾ ਖ਼ਿਆਲ ਤੱਕ ਨਾ ਆਇਆ ਕਿ ਆਖ਼ਿਰ ਮੌਕਾਏ-ਵਾਰਦਾਤ 'ਤੋਂ ਤੇਜਵੀਰ ਨੂੰ ਉਹ ਕਿਹੜੇ ਸੁਰਾਗ਼ ਮਿਲ਼ੇ ਸਨ, ਜਿਨ੍ਹਾਂ ਦੀ ਬੁਨਿਆਦ 'ਤੇ ਉਹ ਇਸਨੂੰ ਕਤਲ ਦੀ ਵਾਰਦਾਤ ਆਖ ਰਿਹਾ ਸੀ। ਇਹੋ ਜਿਹਾ ਹੀ ਢੀਠ ਆਦਮੀ ਸੀ ਸਰਦੂਲ ਸਿੰਘ ਏ.ਐੱਸ.ਆਈ.।

ਆਪਣੀ ਨਾਜਾਇਜ਼ ਕਿੜ ਕੱਢਣ ਦੀ ਜੁਗਤ ਬਣਾਉਣ ਵਿੱਚ ਰੁੱਝੇ ਸਰਦੂਲ ਸਿੰਘ ਨੂੰ ਆਪਣੀ ਡਿਊਟੀ ਨਿਭਉਣ ਦਾ ਖ਼ਿਆਲ ਤੱਕ ਨਾ ਆਇਆ।

ਵਿਨਾਸ਼ ਕਾਲ਼ੇ, ਵਿਪਰੀਤ ਬੁੱਧੀ।

ਕਿਸੇ ਘਾਤਕ ਜੁਗਤ ਦੀ ਵਿਉਂਤਬੰਦੀ 'ਚ ਜੁਟੇ ਸਰਦੂਲ ਸਿੰਘ ਦੀ ਬਿਰਤੀ ਮੁਣਸ਼ੀ ਨੇ ਭੰਗ ਕੀਤੀ।

'ਜਨਾਬ, ਐੱਸ.ਐੱਸ.ਪੀ. ਸਾਹਬ ਨੇ ਯਾਦ ਕੀਤਾ।' ਥੋੜ੍ਹਾ ਝਿਜਕਦਿਆਂ ਉਸਨੇ ਨਾਲ ਜੋੜਿਆ, 'ਨਾਲ਼ੇ ਫ਼ੌਰਨ ਪੇਸ਼ ਹੋਣ ਲਈ ਕਿਹਾ ਜਨਾਬ।'

ਆਖ ਕੇ ਮੁਣਸ਼ੀ ਪੁੱਠੇ ਪੈਰੀਂ ਵਾਪਿਸ ਪਰਤ ਗਿਆ।

ਮਨ ਹੀ ਮਨ ਭੱਦੀ ਜਿਹੀ ਗਾਲ਼ ਕੱਢਦਿਆਂ ਸਰਦੂਲ ਸਿੰਘ ਕੁਰਸੀਓਂ ਉੱਠਿਆ, ਆਪਣੀ ਭਾਰੀ ਭਰਕਮ ਗੋਗੜ 'ਤੋਂ ਢਿਲਕੀ ਪੈਂਟ ਨੂੰ ਬੈਲਟ ਤੋਂ ਫੜ ਕੇ ਉਤਾਂਹ ਚੁੱਕ, ਵਾਪਿਸ ਆਪਣੀ ਜਗ੍ਹਾ 'ਤੇ ਟਿਕਾਇਆ ਅਤੇ ਆਪਣੀ ਖ਼ਸਤਾਹਾਲ ਇਤਿਹਾਸਿਕ ਡਾਇਰੀ ਨੂੰ ਕੱਛ 'ਚ ਦੱਬ, ਐੱਸ.ਐੱਸ.ਪੀ. ਦੇ ਹਜ਼ੂਰ ਵਿਚ ਹਾਜ਼ਰੀ ਭਰਨ ਲਈ ਲਈ ਰਵਾਨਾ ਹੋ ਗਿਆ। ਪਿੱਛੇ ਟੇਬਲ 'ਤੇ ਅਣਪੀਤੀ ਰਹਿ ਗਈ ਚਾਹ ਠੰਡੀ ਹੁੰਦੀ ਰਹੀ।

ਦੂਸਰੇ ਦਿਨ ਸਵੇਰੇ ਦਸ ਵੱਜਦੇ ਨੂੰ ਤੇਜਵੀਰ ਤੇ ਗਗਨ ਐੱਸ.ਬੀ.ਐੱਸ. ਕਾਲਜ ਪਹੁੰਚੇ।

ਸਵੇਰੇ ਦਫ਼ਤਰ ਵਿੱਚ ਅੱਜ ਸਭ ਦੀ ਜ਼ੁਬਾਨ 'ਤੇ ਤੇਜਵੀਰ ਦਾ ਹੀ ਜ਼ਿਕਰ ਸੀ। ਸਾਰਿਕਾ ਦਾ ਤਾਂ ਗਗਨ ਦੇ ਕਥਨ ਅਨੁਸਾਰ 'ਵਿਆਹ 'ਚ ਆਈ ਮੇਲਣ' ਵਾਂਗੂੰ ਧਰਤੀ 'ਤੇ ਪੱਬ ਨਹੀਂ ਟਿਕ ਰਿਹਾ ਸੀ।

ਪੁਲਿਸ ਵੱਲੋਂ ਇੱਕ ਪੱਤਰਕਾਰ ਨਾਲ ਇਉਂ ਬੁਰਾ ਪੇਸ਼ ਆਉਣ ਬਾਰੇ ਸੰਪਾਦਕੀ ਵਿੱਚ ਵੀ ਰੋਸ ਪ੍ਰਗਟਾਇਆ ਗਿਆ ਸੀ। ਭੋਗਲ ਸਾਹਬ ਦੀ ਸੰਪਾਦਕੀ ਦਾ ਪੁਲਿਸ ਮਹਿਕਮੇ ਦੇ ਆਲਾ ਅਫ਼ਸਰਾਂ ਵੱਲੋਂ ਬੜੀ ਗੰਭੀਰਤਾ ਨਾਲ਼ ਨੋਟਿਸ ਲਿਆ ਗਿਆ ਸੀ ਅਤੇ ਡੀ.ਆਈ.ਜੀ. ਸਾਹਬ ਨੇ ਆਪ ਉਚੇਚੇ ਫ਼ੋਨ ਕਰਕੇ ਪੁਲਿਸ ਵੱਲੋਂ ਪੂਰੇ ਸਹਿਯੋਗ ਦਾ ਯਕੀਨ ਦੁਆਇਆ ਸੀ।

ਉਨ੍ਹਾਂ ਤੋਂ ਹੀ ਇਹ ਜਾਣਕਾਰੀ ਵੀ ਮਿਲੀ ਕਿ ਹੁਣ ਇਹ ਕੇਸ ਸਰਦੂਲ ਸਿੰਘ ਤੋਂ ਲੈ ਕੇ ਇੱਕ ਸਪੈਸ਼ਲ ਇਨਵੈੱਸਟਿਗੇਟਿੰਗ ਅੱਫ਼ਿਸਰ ਇੰਸਪੈਕਟਰ ਬਲਜੀਤ ਸਿੰਘ ਥਿੰਦ ਦੇ ਸਪੁਰਦ ਕਰ ਦਿੱਤਾ ਗਿਆ ਸੀ ਤੇ ਜਿਸ ਦੇ ਬਾਰੇ ਭੋਗਲ ਸਾਹਬ ਵਿਅਕਤੀਗਤ ਤੌਰ 'ਤੇ ਜਾਣਦੇ ਸਨ ਕਿ ਥਿੰਦ ਇੱਕ ਨਿਹਾਇਤ ਹੀ ਕਾਬਿਲ ਅਤੇ ਇਮਾਨਦਾਰ ਪੁਲਿਸ ਅਫ਼ਸਰ ਹੈ।



ਭੋਗਲ ਸਾਹਬ ਨੇ ਥਿੰਦ ਨਾਲ਼ ਗੱਲ ਕਰਕੇ ਤੇਜਵੀਰ ਅਤੇ ਗਗਨ ਦੀ ਮੌਕਾਏ-ਵਾਰਦਾਤ 'ਤੇ ਫੇਰੀ ਦਾ ਇੰਤਜ਼ਾਮ ਕਰ ਦਿੱਤਾ ਸੀ। ਉਨ੍ਹਾਂ ਮੁਤਾਬਿਕ ਥਿੰਦ ਸਗੋਂ ਇਸ ਵਕਤ ਆਪ ਵੀ ਮੌਕਾਏ-ਵਾਰਦਾਤ 'ਤੇ ਮੌਜੂਦ ਹੈ।

ਥਿੰਦ ਉਨ੍ਹਾਂ ਨਾਲ ਬੜੇ ਪ੍ਰੇਮ-ਭਾਵ ਨਾਲ ਮਿਲਿਆ।

'ਮੈਂ ਕੁਝ ਲੋਕਾਂ ਦੇ ਬਿਆਨ ਲੈ ਰਿਹਾਂ, ਸੋ ਇਨ ਦ ਮੀਨ ਟਾਈਮ ਤੁਸੀਂ ਕਮਰੇ ਅੰਦਰ ਜਾ ਕੇ ਜੋ ਮੁਆਇਨਾ ਕਰਨਾ ਚਾਹੁੰਦੇ ਹੋ, ਕਰ ਸਕਦੇ ਹੋ। ਹਾਂ, ਜੇ ਕੋਈ ਕੰਮ ਦੀ ਗੱਲ ਪਤਾ ਲੱਗੀ ਤਾਂ ਆਸ ਹੈ ਕਿ ਮੇਰੇ ਤੋਂ ਲੁਕੋਈ ਨਹੀਂ ਜਾਏਗੀ।'

'ਸ਼ਯੋਰ ਥਿੰਦ ਸਾਹਬ! ਸਾਨੂੰ ਵੀ ਪੂਰੀ ਆਸ ਹੈ ਕਿ ਥੋੜ੍ਹੀ-ਬਹੁਤ ਜਾਣਕਾਰੀ ਸਾਨੂੰ ਤੁਹਾਡੇ ਤੋਂ ਵੀ ਮਿਲ ਪਾਏਗੀ।'

'ਜ਼ਰੂਰ, ਕਿਉਂ ਨਹੀਂ? ਮੈਨੂੰ ਨੋਟਸ ਐਕਸਚੇਂਜ ਕਰਨ 'ਚ ਕੋਈ ਦਿੱਕਤ ਨਹੀਂ।'

ਦੋਵੇਂ ਕਮਰੇ 'ਚ ਪਹੁੰਚੇ।

ਤੇਜਵੀਰ ਨੇ ਇੱਕ ਭਰਪੂਰ ਨਜ਼ਰ ਪੂਰੇ ਕਮਰੇ 'ਚ ਦੌੜਾਈ।

ਕਮਰੇ ਦੀ ਹਾਲਤ ਤਕਰੀਬਨ ਉਹੋ ਜਿਹੀ ਹੀ ਸੀ, ਜਿਹੋ ਜਿਹੀ ਉਸਨੇ ਪਿਛਲੀ ਵਾਰ ਦੇਖੀ ਸੀ; ਸਿਵਾਏ ਇਸ ਗੱਲ ਦੇ ਕਿ ਮ੍ਰਿਤਕਾ ਦੀ ਲਾਸ਼, ਆਲਾਏ-ਕਤਲ ਰੱਸੀ ਅਤੇ ਮ੍ਰਿਤਕਾ ਦੇ ਅੰਦਰੂਨੀ ਵਸਤਰ ਉਥੋਂ ਨਦਾਰਦ ਸਨ।

ਸਿਗਰਟ ਦਾ ਟੋਟਾ ਅਤੇ ਕੰਡੋਮ ਦਾ ਖ਼ਾਲੀ ਪਾਊਚ ਆਪਣੀ ਜਗ੍ਹਾ 'ਤੇ ਉਵੇਂ ਪਏ ਸਨ। ਜ਼ਾਹਿਰ ਹੈ ਕਿ ਸਰਦੂਲ ਸਿੰਘ ਦੀ ਨਜ਼ਰ 'ਚ ਉਨ੍ਹਾਂ ਚੀਜ਼ਾਂ ਦੀ ਕੋਈ ਅਹਿਮੀਅਤ ਨਹੀਂ ਸੀ। ਸ਼ੁਕਰ ਹੈ ਕਿ ਕਮਰਾ ਸੀਲ ਕਰ ਦਿੱਤਾ ਗਿਆ ਸੀ, ਨਹੀਂ ਤਾਂ ਕਮਰੇ ਦੀ ਸਫ਼ਾਈ ਹੋਣ ਦੇ ਨਾਲ-ਨਾਲ ਇਨ੍ਹਾਂ ਸਬੂਤਾਂ ਦਾ ਵੀ ਸਫ਼ਾਇਆ ਹੋ ਜਾਣਾ ਸੀ। ਹੁਣ ਤਾਂ ਜ਼ਾਹਰ ਹੈ ਕਿ ਬਰੂਏ ਤੇਜਵੀਰ ਪੁਲਿਸ ਇਨ੍ਹਾਂ ਸਬੂਤਾਂ ਦਾ ਮਹੱਤਵ ਜਾਣ ਚੁੱਕੀ ਸੀ, ਸੋ ਜ਼ਰੂਰ ਥਿੰਦ ਇਨ੍ਹਾਂ ਨੂੰ ਫ਼ਾਰੈਂਸਿਕ ਐਕਸਪਰਟ ਕੋਲ਼ ਭੇਜਣ ਦਾ ਇੰਤਜ਼ਾਮ ਕਰੇਗਾ।

ਤੇਜਵੀਰ ਦੀ ਨਜ਼ਰ ਕੁਝ ਦੇਰ ਕਮਰੇ 'ਚ ਐਧਰ-ਓਧਰ ਭਟਕਦੀ ਰਹੀ ਤੇ ਫਿਰ ਖਿੜਕੀ 'ਤੇ ਜਾ ਕੇਂਦਰਿਤ ਹੋ ਗਈ।

ਖਿੜਕੀ ਦੇ ਪੱਲੇ ਪਿਛਲੀ ਵਾਰ ਵਾਂਗ ਰਤਾ ਕੁ ਹੀ ਖੁੱਲ੍ਹੇ ਸਨ, ਤੇ ਉਸ ਨਾਲ਼ ਬਣੀ ਝਿਰੀ 'ਚੋਂ ਉਵੇਂ ਹੀ ਗਰਿੱਲ ਦੇ ਦਰਸ਼ਨ ਹੋ ਰਹੇ ਸਨ।

ਤੇਜਵੀਰ ਖਿੜਕੀ ਕੋਲ਼ ਪੁੱਜਾ ਅਤੇ ਉਸਨੇ ਆਪਣੀ ਕਮੀਜ਼ ਦੀ ਜੇਬ 'ਤੇ ਟੰਗਿਆ ਪੈੱਨ ਉਤਾਰਿਆ ਅਤੇ ਉਸਦੀ ਸਹਾਇਤਾ ਨਾਲ਼ ਖਿੜਕੀ ਦੇ ਦੋਹਾਂ ਪੱਲਿਆਂ ਨੂੰ ਪੂਰੀ ਤਰ੍ਹਾਂ ਨਾਲ਼ ਖੋਲ੍ਹ ਦਿੱਤਾ।

ਖਿੜਕੀ ਦੀ ਚੁਗਾਠ ਵਿੱਚ ਲੱਗੀ ਮਜ਼ਬੂਤ ਲੋਹੇ ਦੀ ਗਰਿੱਲ ਹੁਣ ਪੂਰੀ ਤਰ੍ਹਾਂ ਨਾਲ ਉਜਾਗਰ ਹੋ ਚੁੱਕੀ ਸੀ। ਤੇਜਵੀਰ ਨੇ ਬੜੀਆਂ ਖ਼ੁਰਦਬੀਨੀ ਨਿਗਾਹਾਂ ਨਾਲ਼ ਗਰਿੱਲ ਦਾ ਮੁਆਇਨਾ ਕੀਤਾ। ਨਤੀਜਾ ਨਿੱਕਲਿਆ।

ਜਿਨ੍ਹਾਂ ਪੇਚਾਂ ਦੀ ਸਹਾਇਤਾ ਨਾਲ ਖਿੜਕੀ ਨੂੰ ਚੁਗਾਠ ਵਿੱਚ ਫਿੱਟ ਕੀਤਾ ਗਿਆ ਸੀ, ਉਨ੍ਹਾਂ ਵਿੱਚੋਂ ਬਹੁਤੇ ਆਪਣੀ ਜਗ੍ਹਾ 'ਤੋਂ ਨਦਾਰਦ ਸਨ। ਸਿਰਫ਼ ਖੱਬੇ ਪਾਸੇ ਦੀ ਹੇਠਲੀ ਨੁੱਕਰ ਅਤੇ ਸੱਜੇ ਪਾਸੇ ਦੀ ਉੱਪਰਲੀ ਨੁੱਕਰ ਵਾਲੇ ਦੋ ਪੇਚ ਹੀ ਆਪਣੀ ਜਗ੍ਹਾ ਤੇ ਮੌਜੂਦ ਸਨ। ਉਨ੍ਹਾਂ ਦੋਹਾਂ ਪੇਚਾਂ ਉੱਤੇ ਵੀ ਗਰਿੱਲ ਉੱਪਰ ਹੋਏ ਪੇਂਟ ਦੀ ਹੀ ਪਰਤ ਚੜ੍ਹੀ ਹੋਈ ਸੀ, ਪਰ ਪੇਚ ਦੇ ਸਿਰ ਦੇ ਵਿਚਕਾਰ ਵਾਲ਼ੀ ਝਿਰੀ ਅਤੇ ਉਸਦੇ ਆਸ-ਪਾਸ ਪੇਂਟ ਉੱਖੜਿਆ ਹੋਇਆ ਸੀ। ਇਸਤੋਂ ਸਾਫ਼ ਜ਼ਾਹਿਰ ਹੋ ਰਿਹਾ ਸੀ ਕਿ ਗਰਿੱਲ ਉੱਪਰ ਪੇਂਟ, ਗਰਿੱਲ ਨੂੰ ਖਿੜਕੀ ਦੀ ਚੁਗਾਠ 'ਤੇ ਫਿੱਟ ਕਰਨ ਤੋਂ ਬਾਅਦ ਕੀਤਾ ਗਿਆ ਸੀ। ਜਿਸ ਕਾਰਣ ਪੇਚਾਂ ਦੇ ਸਿਰ ਉੱਪਰ ਵੀ ਗਰਿੱਲ ਦੇ ਪੇਂਟ ਦੇ ਨਾਲ਼ ਦੀ ਹੀ ਪਰਤ ਚੜ੍ਹੀ ਹੋਈ ਸੀ। ਪਰ ਪੇਚਾਂ ਦੇ ਸਿਰ ਦੀ ਵਿਚਕਾਰਲੀ ਝਿਰੀ ਤੋਂ ਪੇਂਟ ਦਾ ਉੱਖੜਿਆ ਹੋਣਾ, ਇਹ ਸਾਫ਼ ਦਰਸਾ ਰਿਹਾ ਸੀ ਕਿ ਉਨ੍ਹਾਂ ਪੇਚਾਂ ਨੂੰ ਪੇਚਕਸ ਦੀ ਸਹਾਇਤਾ ਨਾਲ਼ ਬਾਅਦ ਵਿੱਚ ਖੋਲ੍ਹਿਆ-ਕਸਿਆ ਗਿਆ ਸੀ। ਪੇਚਾਂ 'ਤੇ ਲੱਗੀਆਂ ਝਰੀਟਾਂ ਦੀ ਹਾਲਤ 'ਤੇ ਗ਼ੌਰ ਕਰਦਿਆਂ ਤੇਜਵੀਰ ਨੇ ਅੰਦਾਜ਼ਾ ਲਗਾਇਆ ਕਿ ਪੇਚ ਇੱਕ ਤੋਂ ਵੱਧ ਵਾਰ ਖੋਲ੍ਹੇ ਤੇ ਕਸੇ ਜਾ ਚੱਕੇ ਸਨ, ਤੇ ਆਖ਼ਰੀ ਵਾਰ ਇਹ ਪ੍ਰਕਿਰਿਆ ਤਾਜ਼ੀ-ਤਾਜ਼ੀ ਹੀ ਦੁਹਰਾਈ ਗਈ ਸੀ ਕਿਉਂਕਿ ਝਿਰੀਆਂ 'ਤੇ ਲੱਗੀਆਂ ਝਰੀਟਾਂ ਵਿੱਚੋਂ ਦੀ, ਖਾਲੀ ਝਲਕਦੇ ਲੋਹੇ 'ਤੇ ਜ਼ੰਗ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ; ਸਗੋਂ ਉਹ ਸਾਫ਼ ਚਮਕ ਰਿਹਾ ਸੀ। ਕਾਤਿਲ ਦੀ ਆਮਦ ਦੀ ਗੁੱਥੀ ਸੁਲਝ ਚੁੱਕੀ ਸੀ। ਤੇਜਵੀਰ ਨੇ ਗਰਿੱਲ ਦੇ ਆਰ-ਪਾਰ ਬਾਹਰ ਦੇ ਨਜ਼ਾਰੇ 'ਤੇ ਝਾਤ ਮਾਰੀ।

ਖਿੜਕੀ ਤੋਂ ਕੋਈ ਚਾਰ ਕੁ ਫੁੱਟ ਹਟਕੇ, ਅਗਲੇ ਕੋਈ ਸੌ ਕੁ ਗਜ਼ ਤੱਕ ਗਹਿਰੀਆਂ ਝਾੜੀਆਂ ਨਜ਼ਰ ਆ ਰਹੀਆਂ ਸਨ, ਜਿਨ੍ਹਾਂ ਵਿੱਚ ਥਾਂ-ਥਾਂ 'ਤੇ ਕੁਝ ਵੱਡੇ-ਵੱਡੇ ਦਰਖ਼ਤ ਖੜ੍ਹੇ ਸਨ। ਝਾੜੀਆਂ ਦੇ ਉੱਪਰੋਂ ਦੀ, ਦਰਖ਼ਤਾਂ ਦੇ ਵਿਚਕਾਰਲੀ ਜਗ੍ਹਾ ਵਿੱਚੋਂ, ਕਾਲਜ ਦੀ ਚਾਰਦੀਵਾਰੀ ਦਾ ਉੱਪਰਲਾ ਸਿਰਾ ਦਿਖਾਈ ਦੇ ਰਿਹਾ ਸੀ।

'ਉਏ ਭਰਾਵਾ! ਆਪਾਂ ਐਥੇ ਆਏ ਕਮਰੇ ਦਾ ਮੁਆਇਨਾ ਕਰਨ ਆਂ, ਤੇ ਤੂੰ ਬਾਹਰ ਦੀ ਹਰਿਆਲੀ ਦੇ ਨਜ਼ਾਰੇ ਲਈ ਜਾਨਾਂ ਯਾਰ।'

ਗਗਨ ਆਪਣੇ ਚਿਰ-ਪਰਿਚਿਤ ਅੰਦਾਜ਼ 'ਚ ਬੋਲਿਆ ਤਾਂ ਪਲ ਦੇ ਪਲ ਤੇਜਵੀਰ ਦੇ ਚਿਹਰੇ ਦੀ ਗੰਭੀਰ ਮੁਦਰਾ ਮੁਸਕਰਾਹਟ 'ਚ ਤਬਦੀਲ ਹੋ ਗਈ। ਗਗਨ ਸੀ ਹੀ ਐਸਾ।

ਸਾਧਾਰਨ ਜਿਹੀ ਗੱਲ ਨੂੰ ਵੀ ਉਹ ਅਜਿਹੇ ਮਨੋਰੰਜਕ ਢੰਗ ਨਾਲ ਬਿਆਨ ਕਰਦਾ, ਕਿ ਸੁਣਨ ਵਾਲੇ ਦਾ ਚਿਹਰਾ ਮੱਲੋ-ਮੱਲੀ ਖਿੜ ਉੱਠਦਾ ਸੀ। ਜੇ ਉਸਨੂੰ ਕਿਸੇ ਮੁਰਦੇ ਦੇ ਸਿਰਹਾਣੇ ਵੀ ਦਸ ਮਿੰਟ ਬਿਠਾ ਦਿਓ, ਤਾਂ ਯਕੀਨਨ ਉਹ ਮੁਰਦਾ ਵੀ ਤਾੜੀ ਮਾਰ ਕੇ ਹੱਸਦਾ ਹੋਇਆ ਅਰਥੀ ਤੋਂ ਉੱਠ ਖਲੋਏਗਾ।

ਮੁਖ਼ਤਸਰ ਜਿਹੇ ਵਕਤ ਦੀ ਜਾਣ-ਪਛਾਣ ਦੇ ਬਾਵਜੂਦ ਵੀ ਗਗਨ ਦੀ ਇਸ ਖ਼ੁਸ਼ਰੰਗ ਤਬੀਅਤ ਨੇ ਤੇਜਵੀਰ ਨੂੰ ਇਉਂ ਆਪਣਾ ਬਣਾ ਲਿਆ ਸੀ, ਜਿਵੇਂ ਕਿ ਉਹ ਬਚਪਨ ਦੇ ਯਾਰ-ਬੇਲੀ ਹੋਣ।

'ਗਗਨ ਮੇਰੇ ਵੀਰ, ਜਿਹੜਾ ਸਵਾਲ ਅੱਜ ਆਪਾਂ ਨੂੰ ਏਥੇ ਦੋਬਾਰਾ ਲੈ ਕੇ ਆਇਆ, ਉਸਦਾ ਜਵਾਬ ਮਿਲ ਚੁੱਕਿਆ।'

'ਉਹ ਕਿਵੇਂ? ਨਾ ਕਾਲਜ ਆਲ਼ਿਆਂ ਨੇ ਬਾਹਰ ਝਾੜੀਆਂ 'ਚ ਵੀ ਬਲੈਕ ਬੋਰਡ ਗੱਡਿਆ ਹੋਇਆ ਤੇਰੇ ਲਈ, ਬਈ ਜੀਹਤੋਂ ਤੂੰ ਜਵਾਬ ਪੜ੍ਹ ਲਿਆ?'

'ਬਿਲਕੁਲ।'

'ਆਹੋ-ਆਹੋ! ਬਾਹਰ ਤੇਰੀ ਬੇਬੇ ਅਲਜਬਰੇ ਦੀ ਕਲਾਸ ਜੋ ਲਾਈ ਬੈਠੀ ਆ, ਯਾਰ, ਕੀ ਤੂੰ ਗੱਲ ਨੂੰ ਵਿੰਗ-ਵਲ਼ ਜਿਹੇ ਪਾ ਬਹਿੰਨਾਂ? ਸਿੱਧਾ-ਸਿੱਧਾ ਦੱਸਿਆ ਕਰ।'

'ਅੱਛਾ, ਤਾਂ ਗੱਲ ਨੂੰ ਵਿੰਗ-ਵਲ਼ ਮੈਂ ਪਾਉਨਾਂ?'

'ਓ ਗੁਰੂ ਜੀ, ਆਹ ਦੇਖ, ਹੱਥ ਬੰਨ੍ਹੇ ਤੇਰੇ ਅੱਗੇ। ਹੁਣ ਫੁੱਟ ਵੀ ਪੈ ਬਈ ਝਾੜੀਆਂ 'ਚੋਂ ਕਿਹੜੇ ਪੋਟਲੀ ਆਲ਼ੇ ਬਾਬੇ ਨੇ ਆਵਦੀ ਪੋਟਲੀ ਖੋਲ੍ਹਤੀ ਤੇਰੇ ਅੱਗੇ।'

'ਗਗਨ,' ਰਤਾ ਕੁ ਗੰਭੀਰ ਸੁਰ 'ਚ ਤੇਜਵੀਰ ਬੋਲਿਆ, 'ਕੱਲ੍ਹ ਜਦੋਂ ਆਪਾਂ ਕੌਫ਼ੀ ਹਾਊਸ 'ਚ ਚਰਚਾ ਕਰ ਰਹੇ ਸੀ ਤਾਂ ਤੂੰ ਚਰਚਾ ਦੇ ਅਖੀਰ ਵਿੱਚ ਇੱਕ ਸਵਾਲ ਕੀਤਾ ਸੀ, ਜਿਸਦਾ ਉਸ ਵਕਤ ਮੇਰੇ ਕੋਲ਼ ਕੋਈ ਜਵਾਬ ਨਹੀਂ ਸੀ।'

'ਤੇਰਾ ਮਤਲਬ ਬਈ ਕਾਤਿਲ ਆਇਆ ਕਿੱਥੋਂ ਦੀ? ਤੇ ਤੈਨੂੰ ਜਵਾਬ ਲੱਭ ਵੀ ਗਿਆ? ਖਿੜਕੀ 'ਚੋਂ ਬਾਹਰ ਝਾਕ ਕੇ?'

'ਗਗਨ, ਮੇਰੇ ਵੀਰ, ਇਹੀ ਤਾਂ ਓਹ ਰਸਤਾ ਏ, ਜਿੱਥੋਂ ਦੀ ਸਾਖ਼ਸ਼ਾਤ ਮੌਤ ਦੇ ਦੇਵਤਾ ਦੀ ਸਵਾਰੀ ਉੱਤਰੀ ਸੀ।'

'ਬੱਲੇ ਉਏ ਤੇਰੇ, ਅਖੇ ਵਾਹ ਉਏ ਕਿਸਮਤ ਦਿਆ ਬਲੀਆ, ਰਿੱਝੀ ਖੀਰ ਤੇ ਬਣ ਗਿਆ ਦਲ਼ੀਆ। ਤਾਂ ਹੁਣ ਇਹ ਵੀ ਆਖ ਦੇ ਬਈ ਉਹ ਮੌਤ ਦਾ ਪਰਕਾਲਾ ਕੋਈ ਹੋਰ ਨਹੀਂ ਬਲਕਿ ਰਾਜ ਕੁਮਾਰ ਕੋਹਲੀ ਆਲ਼ੀ 'ਨਾਗਿਨ' ਦਾ ਜਤਿੰਦਰ ਹੋਣਾ? ਇੱਛਾਧਾਰੀ ਨਾਗ? ਰੀਂਗਦਾ ਹੋਇਆ ਗਰਿੱਲ ਥਾਂਈਂ ਅੰਦਰ, ਬੰਦੇ ਦਾ ਰੂਪ ਧਾਰ ਕੇ ਸ਼ਾਬ-ਕਤਾਬ ਲਾਇਆ, ਤੇ ਨਾਗ ਬਣ ਫੇਰ ਗਰਿੱਲੋਂ ਬਾਹਰ। ਇਜ਼ੀ, ਨੋ?' ਜਵਾਬ ਵਿੱਚ ਤੇਜਵੀਰ ਨੇ ਪੇਚਾਂ ਵਾਲੀ ਕਥਾ ਕਹਿ ਸੁਣਾਈ।

'ਕਮਾਲ ਐ ਯਾਰ,' ਅੱਤ ਹੈਰਾਨੀ ਨਾਲ ਗਗਨ ਬੋਲਿਆ, 'ਕਿੰਨੀ ਆਸਾਨ ਜਿਹੀ ਬਾਤ ਦਾ ਬਤੰਗੜ ਬਣਿਆ ਪਿਆ ਸੀ? ਜਿਸ ਗੱਲ ਨੇ ਕੱਲ੍ਹ ਦੀ ਦਿਮਾਗ਼ ਦੀ ਚੱਕਰਘਿੰਨੀ ਘੁਮਾਈ ਪਈ ਆ, ਨਿੱਕਲੀ ਕੁਛ ਵੀ ਨਾ? ਖੋਦਿਆ ਪਹਾੜ, ਤੇ ਨਿਕਲ਼ਿਆ ਚੂਹਾ। ਮੈਂ ਤਾਂ ਸੋਚਿਆ ਸੀ

(ਚਲਦਾ)

ਕਹਾਣੀ

ਕਿਸ਼ਤ- ਪਹਿਲੀ

# ਸ਼ਾਇਦ ਰੰਮੀ ਮੰਨ ਜਾਏ



ਅਜਮੇਰ ਸਿੱਧੂ

ਮੈਨੂੰ ਕੱਲ੍ਹ ਦਾ ਸੱਤੇ ਦੀਆਂ ਅੱਖਾਂ ਦੀ ਲਾਲੀ ਤੋਂ ਭੈਅ ਨਹੀਂ ਆਇਆ। ਮੈਨੂੰ ਤਾਂ ਡਾਂਸਰ ਕੁੜੀ ਦੀ ਖ਼ੁਮਾਰੀ ਚੜ੍ਹੀ ਹੋਈ ਆ। ਭਰ ਜਵਾਨ, ਗੋਰੀ-ਚਿੱਟੀ, ਤਿੱਖੇ ਤਰਾਸ਼ੇ ਹੋਏ ਨਕਸ਼ ਸਨ ਉਹਦੇ। ਮੋਟੀਆਂ-ਮੋਟੀਆਂ ਬਿੱਲੀਆਂ ਅੱਖਾਂ, ਜਿਨ੍ਹਾਂ ਵਿੱਚ ਅਚੰਭੇ ਦੀ ਛੁਹ ਸੀ। ਸਿੱਧੇ-ਸਾਦੇ ਗੁੰਦੇ ਹੋਏ ਵਾਲ, ਚਿਤੜਾਂ ਤੱਕ ਡਿੱਗਦੀ ਗੁੱਤ। ਭੋਲੀ-ਭਾਲੀ, ਹੱਸ-ਮੁਖ, ਖੁੱਲ੍ਹਾ-ਡੁੱਲ੍ਹਾ ਸੁਭਾਅ। ਸਟੇਜ 'ਤੇ ਤਾਂ ਉਹ ਪੈਲਾਂ ਪਾਉਂਦੀ ਫਿਰਦੀ ਸੀ। ਕੋਈ ਨੰਗ ਨਹੀਂ, ਕੋਈ ਅਸ਼ਲੀਲ ਹਰਕਤ ਨਹੀਂ। ਬੱਸ ਉਹਦੀ ਕਲਾ ਨੇ ਮੈਨੂੰ ਮੋਹ ਲਿਆ ਸੀ। ਜਦੋਂ ਉਸਦੇ ਗਰੁੱਪ ਨੇ 'ਬੂਹੇ ਬਾਰੀਆਂ' ਗੀਤ 'ਤੇ ਕੋਰਿਓਗ੍ਰਾਫ਼ੀ ਟਾਈਪ ਡਾਂਸ ਪੇਸ਼ ਕੀਤਾ, ਮੈਂ ਤਾਂ ਅੱਸ਼-ਅੱਸ਼ ਕਰ ਉੱਠੀ। ਉਹਦੀ ਕਲਾਕਾਰੀ ਨੇ ਜਿਵੇਂ ਮੇਰੇ 'ਤੇ ਟੂਣਾ ਕਰ ਦਿੱਤਾ ਹੋਵੇ। ਉਸ ਟੂਣੇਹਾਰੀ ਨੇ ਰਾਤ ਵੀ ਮੈਨੂੰ ਸੌਣ ਨਹੀਂ ਦਿੱਤਾ। ਮੈਂ ਰੰਮੀ ਨਾਲ ਉਹਦੀਆਂ ਗੱਲਾਂ ਕਰਦੀ ਰਹੀ। ਵਾਰ-ਵਾਰ ਫ਼ਗਵਾੜੇ ਦੇ ਉਸ ਪੈਲੇਸ ਦਾ ਜ਼ਿਕਰ ਕਰਦੀ ਰਹੀ, ਜਿੱਥੇ ਵਿਆਹ ਵਾਲੀ ਪਾਰਟੀ 'ਤੇ ਉਹਤੇ ਮੈਂ ਮਰੀ। ਮੇਰਾ ਚਿੱਤ ਕਰੇ ਕਿ ਕੁਲਜੀਤ ਨੂੰ ਕਹਾਂ - ਸਾਰੀਆਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਆਖ਼ਰ ਸੁਹੱਪਣ ਵੀ ਕੋਈ ਚੀਜ਼ ਹੁੰਦੀ ਆ।ਕਲਾ ਵੀ ਕੋਈ ਚੀਜ਼ ਹੁੰਦੀ ਆ।

ਇੱਕ ਪਾਸੇ ਉਹ ਟੂਣੇਹਾਰਨ, ਦੂਜੇ ਪਾਸੇ ਰੱਜੂ ਤੇ ਲੱਭੂ......ਤੀਜੀ ਮੇਰੀ ਧੀ ਰੰਮੀ। ਮੇਰੀ ਧੀ ਕਿਹੜਾ ਕਿਸੇ ਨਾਲੋਂ ਘੱਟ ਆ। ਇਹ ਸਾਰੀ ਦੀ ਸਾਰੀ ਦਿਲਕਸ਼ੀ ਵਾਲੀ ਆ। ਕਾਲੇ ਸੰਘਣੇ ਵਾਲ ਹਨ। ਸਿੱਧੇ ਸਵਾਹਰੇ ਪਿੱਠ 'ਤੇ ਪੈਂਦੇ ਨੇ। ਰੰਗ ਸਾਂਵਲਾ ਆ। ਚਿਹਰੇ 'ਤੇ ਉਦਾਸੀ ਆ। ਅੱਖਾਂ ਮੋਟੀਆਂ, ਸੁਰਮਈ, ਸਵਾਲਾਂ ਭਰੀਆਂ। ਆਪਣੇ ਮਾਮੇ ਸੱਤੇ ਦੀਆਂ ਅੱਖਾਂ ਵਰਗੀਆਂ। ਸੱਤੇ ਦੀਆਂ ਅੱਖਾਂ ਬਿਲਕੁੱਲ ਸੁਖਦੇਵ ਵਰਗੀਆਂ। ਸੱਤਾ ਭਗਤ ਸਿੰਘ ਜਿੰਨਾ ਸੋਹਣਾ ਨਹੀਂ ਸੀ। ਪਰ ਸੁਖਦੇਵ ਤੇ ਉਹਦੀਆਂ ਅੱਖਾਂ ਦਾ ਭੁਲੇਖਾ ਪੈਂਦਾ। ਰੰਮੀ ਨੂੰ ਅੱਖਾਂ 'ਤੇ ਮਾਣ ਵੀ ਬੜਾ।

'ਇਨ੍ਹਾਂ ਅੱਖਾਂ ਨੇ ਕੰਮ ਦੇਣਾ।'

ਮੈਂ ਹੁਣ ਰੰਮੀ ਦੀਆਂ ਇਨ੍ਹਾਂ ਗੱਲਾਂ ਨੂੰ ਭੁੱਲਣਾ ਚਾਹੁੰਦੀ ਹਾਂ। ਉਸ ਟੂਣੇਹਾਰੀ ਦੀ ਕਲਾ...ਉਹਦੇ ਅੰਗ-ਅੰਗ ਵਿੱਚ ਖੁਭੀ ਹੋਈ ਆਂ। ਉਹ ਸਾਰਿਆਂ ਵਿੱਚੋਂ ਅਲੱਗ ਹੀ ਦਿਸਦੀ ਸੀ। ਜਦੋਂ ਉਹ ਸਟੇਜ 'ਤੇ ਆਉਂਦੀ। ਹਾਲ ਤਾੜੀਆਂ ਨਾਲ ਗੂੰਜ ਜਾਂਦਾ। ਉਹਦੇ ਟਾਇਮ ਮਸਤੀ ਕਰ ਰਹੇ ਸ਼ਰਾਬੀ ਬੀਬੇ ਬਣ ਜਾਂਦੇ। ਉਸ ਨੇ ਮੇਰੀ ਦੋਚਿੱਤੀ ਤੋੜੀ ਹੈ। ਨਹੀਂ ਤਾਂ ਮੈਂ ਕਈ ਮਹੀਨਿਆਂ ਤੋਂ ਆਪਣੇ ਆਪ ਨਾਲ ਘੁਲ ਰਹੀ ਹਾਂ। ਇੱਕ ਪਾਸੇ ਸੱਤੇ ਦੀਆਂ ਅੱਖਾਂ ਦੀ ਲਾਲੀ ਦਾ ਭੈਅ....ਦੂਜੇ ਪਾਸੇ ਬਿਮਲੇ ਦੇ ਚਿਹਰੇ ਦਾ ਨੂਰ। ਇਨ੍ਹਾਂ ਦੋਨਾਂ ਨੇ ਮੈਨੂੰ ਗਧੀ-ਗੇੜ ਵਿੱਚ ਪਾਇਆ ਹੋਇਆ ਸੀ। ਮੇਰੇ ਤੋਂ ਫ਼ੈਸਲਾ ਨਹੀਂ ਹੋ ਰਿਹਾ ਸੀ। ਵਾਹ ਨੀ, ਧੀਏ। ਰਾਜ਼ੀ ਰਹਿ। ਹੁਣ ਮੈਂ ਸੱਤੇ ਦੀਆਂ ਅੱਖਾਂ ਦੀ ਘੂਰ ਝੱਲ ਲਊਂ। ਮੇਰੀਆਂ ਅੱਖਾਂ ਵਿੱਚ ਸੁਪਨੇ ਦੀ ਧੁੰਦ ਏ। ਮੈਂ ਰੰਮੀ ਨੂੰ ਮਨਾ ਲੈਣਾ।

ਮੈਨੂੰ ਸਿਰਫ਼ ਬਿਮਲਾ ਦਿਸਦੀ ਆ। ਉਸ ਦੀਆਂ ਧੀਆਂ ਰੱਜੂ ਤੇ ਲੱਭੂ... ਕਾਰਾਂ ਕੋਠੀਆਂ। ਮੈਂ ਤਾਂ ਸੁੱਕੀ-ਸੁੱਕੀ, ਲਿੱਸੀ-ਲਿੱਸੀ, ਬੁਝੀ-ਬੁਝੀ...ਔੜਾਂ ਮਾਰੇ ਇਲਾਕੇ ਦੀ ਤੀਵੀਂ ਮਾਨੀ। ਚਿੜੀ ਦੇ ਬੋਟ ਵਾਂਗ ਸਹਿਮੀ-ਸਹਿਮੀ ਤੇ ਨਿਆਸਰੀ ਹੋਈ, ਨੁਚੜੀ-ਨੁਚੜੀ ਲਗਦੀ ਹਾਂ। ਸਾਡੇ ਘਰ ਦਾ ਹਾਲ ਦੇਖ ਲਓ। ਤਿੰਨ-ਤਿੰਨ ਖਣ ਦੇ ਦੋ ਕਮਰੇ ਆ। ਤੀਜਾ ਪਸ਼ੂਆਂ ਵਾਲਾ। ਵਿਆਹ ਤੋਂ ਪਹਿਲਾਂ ਰੰਮੀ ਦੇ ਡੈਡੀ ਨੇ ਪਤਾ ਨਹੀਂ ਇਹ ਕਿੱਦਾਂ ਬਣਾ ਲਏ। ਜਿਸ ਦਿਨ ਦੀ ਮੈਂ ਇਸ ਘਰ ਵਿੱਚ ਵਿਆਹੀ ਆਈ ਹਾਂ, ਆਹ ਇੱਕ ਰਸੋਈ ਤੇ ਗੁਸਲਖਾਨਾ ਬਣਾਏ ਆ। ਨਹੀਂ ਤਾਂ ਮੰਜਾ ਖੜ੍ਹਾ ਕਰਕੇ ਨਹਾਉਣਾ ਪੈਂਦਾ ਸੀ। ਮੱਝ ਅੜਿੰਗਣ ਲੱਗ ਪਈ ਹੈ।

ਪਹਿਲਾਂ ਤਾਂ ਇਹਨੂੰ ਪਾਣੀ ਪਿਲਾਵਾਂ। ਮਸ਼ੀਨ ਮੋਹਰੇ ਪੱਠੇ ਕੁਤਰੇ ਪਏ ਆ। ਉਹ ਇਹਨੂੰ ਪਾਵਾਂ। ਇਹਦੇ ਦੁੱਧ ਨਾਲ ਘਰ ਦਾ ਗੁਜ਼ਾਰਾ ਚੱਲਦਾ। ਰੰਮੀ ਨਾਲ ਬਾਅਦ 'ਚ ਗੱਲ ਕਰਦੀ ਆਂ। ਉਂਝ ਵੀ ਹੁਣ ਉਹ ਪੜ੍ਹਨ ਬੈਠ ਗਈ ਆ। ਇਹਦਾ ਚੌਥ ਨੂੰ ਹਿਸਟਰੀ ਦਾ ਪੇਪਰ ਆ।ਸਵੇਰ ਦੀ ਪੇਪਰ ਦੀ ਤਿਆਰੀ 'ਚ ਜੁਟੀ ਹੋਈ ਹੈ। ਮੁੰਡਾ ਵੀ ਆਉਣ ਵਾਲਾ। ਉਹਦੇ ਆਉਣ ਤੋਂ ਪਹਿਲਾਂ-ਪਹਿਲਾਂ ਪੜ੍ਹ ਲਏ। ਕਲੇਸ਼ ਦਾ ਕੀ ਪਤਾ...।

ਕਮਜਾਤ ਨੇ ਉਂਗਲੀ ਲਹੂ-ਲੁਹਾਣ ਕਰ ਦਿੱਤੀ। ਖੁਰਲੀ 'ਚ ਐਦਾਂ ਮੂੰਹ ਮਾਰਨ ਨੂੰ ਦੌੜੀ, ਜਿੱਦਾਂ ਪੱਠਿਆਂ ਦਾ ਟੋਕਰਾ ਮੈਂ ਨਾਲ ਹੀ ਲੈ ਜਾਣਾ ਹੁੰਦਾ। ਇਹਦੇ ਸੰਗਲ ਦੀਆਂ ਅੜੀਆਂ ਥਾਂ-ਥਾਂ ਤੋਂ ਟੁੱਟੀਆਂ ਹੋਈਆਂ। ਉਂਗਲੀ ਮੂੰਹ ਨਾਲ ਚੂਸੀ ਕਈ ਵਾਰ। ਚਿੱਤ ਕਰਦਾ ਆ, ਫਹੁੜੇ ਨਾਲ ਲੱਤਾਂ ਭੰਨ ਦੇਵਾਂ ਕਮਜ਼ਾਤ ਦੀਆਂ। ਰੋਜ਼ ਦਾ ਇਹੀ ਕੰਜਰਖਾਨਾ। ਮੈਨੂੰ ਮੌਤ ਵੀ ਨਹੀਂ ਆਉਂਦੀ। ਚਿੱਤ ਕਰਦਾ ਏ, ਸਾਰੇ ਚੌਣੇ ਨੂੰ ਛੱਡ ਕੇ ਭੱਜ ਜਾਂ ਕਿਤੇ। ਸੋਚਦੀ ਹਾਂ, ਬਿਮਲਾ ਨੂੰ ਕਹਾਂ 'ਭਾਬੋ ਰਾਣੀਏਂ, ਆਪਣੇ ਘਰ ਰੱਖ ਲੈ। ਭਾਵੇਂ ਨੌਕਰਾਣੀ ਬਣਾ ਕੇ ਰੱਖ ਲਈਂ।'

ਅੱਠ-ਨੌਂ ਮਹੀਨੇ ਪਹਿਲਾਂ, ਇਸ ਘਰ ਦੇ ਖਲਜਗਣ ਤੋਂ ਅੱਕੀ ਰੰਮੀ ਦੇ ਨਾਨਕੀਂ ਭਾਰਟੇ ਚਲੀ ਵੀ ਗਈ ਸੀ। ਬੀਜੀ ਤੇ ਬਾਊ ਜੀ ਵੱਲ ਵੇਖ ਕੇ ਮਨ ਹੋਰ ਖ਼ਰਾਬ ਹੋਇਆ ਸੀ। ਉਨ੍ਹੀਂ ਪੈਰੀਂ ਮੁੜਨ ਲੱਗੀ ਸੀ। ਪਰ ਹੇਮੇ ਵੀਰ ਦੇ ਘਰ ਜਾ ਵੜੀ ਸੀ। ਮੈਨੂੰ ਦੇਖ ਕੇ ਬਿਮਲਾ ਭਾਬੀ ਦੀਆਂ ਵਾਛਾਂ ਖਿੜ ਗਈਆਂ

'ਆ ਜਾ ਨਣਾਨੇਂ। ਕੋਈ ਕੋਲਡ ਡਰਿੰਕ ਪੀਣਾ ਜਾਂ..।'

ਮੈਂ ਉਹਦੀ ਜਾਂ ਤੋਂ ਡਰ ਗਈ ਸੀ। ਹੋਰ ਕਿਤੇ ਬਾਬਾ...।

ਕੋਕ ਪੀ ਕੇ ਸਾਹ ਆਇਆ ਸੀ। ਮੈਂ ਡਰਦੀ-ਡਰਦੀ ਨੇ ਕੁਲਜੀਤ ਦੀ ਦੱਸੀ ਹੋਈ ਲੱਭੂ ਤੇ ਰੱਜੂ ਵਾਲੀ ਗੱਲ ਛੇੜੀ। ਉਹ ਖਿੜ ਖਿੜਾ ਕੇ ਹੱਸ ਪਈ।

'ਕੁੜੇ ਤਾਰੋ, ਕਿਚਨ 'ਚ ਆਜਾ।'

ਲੱਭੂ ਤੇ ਰੱਜੂ ਵੀ ਉਸ ਮੌਕੇ ਘਰ ਆ ਵੜੀਆਂ ਸਨ। ਬਿਮਲਾ ਨੇ ਕੰਗਣੀ ਵਾਲੇ ਗਲਾਸ ਮੇਰੇ ਸਾਹਮਣੇ ਰੱਖੇ। ਦੁੱਧ ਦੇ ਭਰੇ। ਉਨ੍ਹਾਂ ਦੇ ਹੱਥਾਂ ਵਿੱਚ ਫੜਾ ਦਿੱਤੇ। ਉਹ ਪੀਈ ਜਾਣ। ਇਹ ਉਨ੍ਹਾਂ ਦੀ ਪਿੱਠ ਥਾਪੜੀ ਜਾਵੇ। ਉੱਥੋਂ ਦੂਜੇ ਦਿਨ ਘਰ ਮੁੜ ਆਈ।

ਮੇਰੇ ਸਾਹਮਣੇ ਟੂਣੇਹਾਰੀ, ਬਿਮਲਾ, ਲੱਭੂ, ਰੱਜੂ ਤੇ ਰੰਮੀ ਏ। ਮੈਂ ਬਿਮਲਾ ਵਾਂਗ ਕਰਨ ਲੱਗੀ ਹਾਂ। ਰਸੋਈ ਵਿੱਚ ਵੜੀ ਆਂ। ਕਿਸੇ ਨਾਲ ਕੰਬ ਗਈ ਆਂ।ਸ਼ੈਲਫ਼ ਤੇ ਗਲਾਸ ਰੱਖ ਦਿੱਤਾ। ਸੋਚਦੀ ਆਂ ਪਹਿਲਾਂ ਰੰਮੀ ਨਾਲ ਗੱਲ ਕਰ ਲਵਾਂ। ਗੱਲ ਵੀ ਕਿਸੇ ਤਰੀਕੇ ਨਾਲ ਕਰਨੀ ਪੈਣੀ ਆ।ਇਹਦਾ ਕਲਹਿਣੀ ਦਾ ਕੀ ਪਤਾ। ਨਾਲੇ ਸੱਤੇ ਦਾ....। ਮੈਨੂੰ ਇੱਕ ਗੱਲ ਸਮਝ ਨਹੀਂ ਲਗਦੀ। ਮੈਂ ਹੁਣ ਕਿਉਂ ਸੱਤੇ ਤੋਂ ਡਰਦੀ ਆਂ। ਦੇਖ ਖਾਂ ਤਾਂ ਰੂਪੇ ਨੂੰ।

ਡੇਢ ਕੁ ਸਾਲ ਪਹਿਲਾਂ, ਮੇਰਾ ਛੋਟਾ ਅਲਜੀਤ ਮੋਬਾਈਲ ਲੈਣ ਦੀ ਅੜੀ ਕਰਨ ਲੱਗ ਪਿਆ। ਮੋਬਾਈਲ਼ ਖ਼ਰੀਦਣ ਦੀ ਮੇਰੇ ਕੋਲ ਹਿੰਮਤ ਨਹੀਂ ਸੀ। ਥੇਹ ਪੈਣੇ ਨੇ ਅੱਤ ਚੁੱਕ ਲਈ।

'ਅੱਜ ਕੱਲ੍ਹ ਭਈਏ ਮੋਬਾਈਲ ਲਈ ਫਿਰਦੇ ਆ। ਨਾ ਘਰ ਵਿੱਚ ਲੈਂਡ ਫੋਨ ਆ। ਆਹ ਸਾਲਾ ਟੁੱਟਿਆ ਜਿਹਾ ਬਲੈਕ ਐਂਡ ਵਾਈਟ ਟੀ ਵੀ ਪਿਆ। ਭੁੱਖੇ ਨੰਗੇ ਕਿਤੋਂ ਦੇ। ਸਾਨੂੰ ਕਾਹਨੂੰ ਜਮਾਉਣਾ ਸੀ ਜੇ..।'

'ਤੂੰ ਪਟਿਆਲੇ ਵਾਲੇ ਮਹਾਰਾਜੇ ਦੇ ਘਰ ਜੰਮਿਆਂ ? ਪਿਓ ਤੇਰੇ ਦਾ ਕੋਈ ਚੱਜ ਆਚਾਰ ਨਹੀਂ। ਦਿਹਾੜੀ ਲਾਉਂਦਾ। ਡੱਫਣ ਬਹਿ ਜਾਂਦਾ। '

ਮੈਂ ਬਥੇਰਾ ਕਲਪੀ ਸੀ। ਪਰ ਇਹ ਮੁੰਡਾ ਟੱਸ ਤੋਂ ਮੱਸ ਨਾ ਹੋਇਆ। ਇਹਦੇ ਵੀ ਪਿਓ ਵਾਲੇ ਚਾਲੇ ਐ। ਮੈਂ ਸੋਚਦੀ ਆਂ, ਪੜ੍ਹ ਜਾਵੇ। ਕੋਈ ਨੌਕਰੀ ਮਿਲ ਜਾਊਗੀ। ਮੇਰਾ ਪੁਲਸੀਆ ਭਾਣਜਾ ਕਹਿੰਦਾ ਸੀ - ਭਰਤੀ ਕਰਵਾ ਦਊਂਗਾ। ਪਰ ਇਸ ਕੰਜਰ ਨੂੰ ਨਾ ਘਰ ਦੀ ਹਾਲਤ ਦਿਖਦੀ ਆ, ਨਾ ਮੈਂ ਭੰਸੜਾ ਭੰਨਾਉਂਦੀ। ਕਹਿੰਦਾ-ਪੜ੍ਹਨ ਤਾਂ ਜਾਣਾ, ਜੇ ਮੋਬਾਇਲ ਲੈ ਕੇ ਦਿਉਗੇ। ਮੈਂ ਇਹਦੇ ਪਿਉ ਨੂੰ ਕਿਹਾ। ਉਹ ਚਾਰੇ ਖੁਰ ਚੁੱਕ ਕੇ ਪੈ ਗਿਆ।

'ਤੇਰੇ ਪਿਉ ਨੇ ਮੈਨੂੰ ਨੋਟ ਦਿੱਤੇ ਸੀ। ਮੇਰੀ ਕਮਾਈ ਤਾਂ ਭਾਰਟੇ ਨੂੰ ਢੋਈ ਜਾਂਦੀ ਏ। ..ਆਹ ਗੰਦੀ ਔਲਾਦ ਪਤਾ ਨਹੀਂ ਕਿੱਥੋਂ ਲੈ ਆਈ।'

ਉਹਨੇ ਹੋਰੇ ਪੁਆੜਾ ਪਾ ਲਿਆ ਸੀ । ਰੰਮੀ ਨੇ ਪਿਓ ਵੱਲ ਡੇਲੇ ਕੱਢ ਕੇ ਦੇਖਿਆ ਸੀ। ਪਤਾ ਨਹੀਂ ਉਹਨੂੰ ਹੋਰ ਕੀ-ਕੀ ਬੋਲਦਾ। ਸਵੇਰੇ ਘੁੱਟ ਲਾਈ ਬੈਠਾ ਸੀ। ਉਹਨੂੰ ਭੌਂਕਦੇ ਨੂੰ ਛੱਡ ਕੇ ਮੈਂ ਭਾਰਟੇ ਨੂੰ ਤੁਰ ਪਈ। ਸੋਚਿਆ ਕਿ ਬਿਮਲਾ ਦੇ ਨਿਆਣਿਆਂ ਦਾ ਮਿੰਨਤ ਤਰਲਾ ਕਰਾਂ। ਉਹ ਤਾਂ ਸਾਰੇ ਜਣੇ ਦੋ -ਦੋ, ਤਿੰਨ-ਤਿੰਨ ਲਈ ਫਿਰਦੇ ਨੇ। ਕਿਸੇ ਨੇ ਇੱਕ ਕੰਨ ਨਾਲ ਲਾਇਆ ਹੁੰਦਾ ਤੇ ਦੂਜਾ ਗਲੇ 'ਚ ਲਟਕਾਇਆ ਹੁੰਦਾ। ਆਪਣੀ ਬੀਹੀ ਵੜੀ। ਬਿਮਲਾ ਉਪਰਲੀ ਮੰਜ਼ਿਲ ਤੇ ਟਹਿਲ ਰਹੀ ਸੀ। ਹੱਥ ਨਾਲ ਅੰਦਰ ਨੂੰ ਸੱਦੀ ਜਾਵੇ। ਫੋਨ ਸੁਨਣ ਵਿੱਚ ਮਸਤ ਸੀ। ਬਾਹਰੋਂ ਫੋਨ ਆਇਆ ਹੋਣਾ ਏ। ਉਹਦਾ ਮੁੰਡਾ ਕਿੰਦਾ ਇਟਲ਼ੀ ਆ । ਹੇਮਾ ਵੀਰ ਵੀ ਉਹਨੂੰ ਮਿਲਣ ਗਿਆ ਐ ਇਟਲੀ। ਉਨ੍ਹਾਂ ਦਾ ਹਊ ਜਾਂ...। ਇਨ੍ਹਾਂ ਦੇ ਬਥੇਰੇ..।

ਛੋਟਾ ਗੇਟ ਖੁੱਲ੍ਹਾ ਸੀ । ਮੈਂ ਅੰਦਰ ਜਾ ਵੜੀ। ਡਰਾਇੰਗ ਰੂਮ ਦੇ ਨਾਲ ਦੇ ਕਮਰੇ ਵਿੱਚ ਸੀ. ਡੀ. ਪਲੇਅਰ ਚੱਲ ਰਿਹਾ ਸੀ। ਮੈਂ ਦਰਵਾਜ਼ਾ ਖੋਲ੍ਹਿਆ, ਲੱਭੂ ਤੇ ਰੂਪਾ ਗੀਤ ਤੇ ਨੱਚ ਰਹੇ ਸਨ। ਗੁਆਂਢੀਆਂ ਦੇ ਸੱਤ-ਅੱਠ ਸਾਲ ਦੇ ਤਿੰਨ ਨਿਆਣੇ ਵੀ ਉਨ੍ਹਾਂ ਦੀ ਨਕਲ ਕਰ ਰਹੇ ਸਨ। ਪਹਿਲਾਂ ਤਾਂ ਮੈਨੂੰ ਕੁੜੀ ਦੇ ਕੱਪੜੇ ਵੇਖ ਕੇ ਤਰੇਲੀ ਆ ਗਈ। ਅੰਡਰ ਸ਼ਰਟ ਵਰਗੀ ਝੱਗੀ ਜਿਹੀ ਪਾਈ ਸੀ। ਸਾਰਾ ਲੱਕ ਤੇ ਢਿੱਡ ਨੰਗਾ। ਦਾਦੇ ਮਗਾਣਾ ਮੋਹਰੇ ਕੱਟ..। ਤੋਬਾ-ਤੋਬਾ....। ਦੋਨੋਂ ਛਾਤੀਆਂ ਬਾਹਰ ਡਿੱਗਣ ਨੂੰ ਫਿਰਨ। ਰੂਪਾ ਗੀਤ ਦੇ ਬੋਲਾਂ 'ਤੇ ਇਸ਼ਾਰੇ ਕਰੇ ਤਾਂ ਉਂਗਲੀ ਛਾਤੀ ਤੱਕ ਲੈ ਕੇ ਜਾਵੇ। ਜਦੋਂ ਸੰਗੀਤ ਦੀ ਧੁੰਨ ਵੱਜੇ, ਛਾਤੀਆਂ ਨੂੰ ਮੁੰਡੇ ਦੇ ਮੂਹਰੇ ਕਰਕੇ ਹਿਲਾਵੇ। ਜਿੱਦਾਂ ਸਟੇਜ ਤੇ ਡਾਂਸਰਾਂ ਹਿਲਾਉਂਦੀਆਂ ਹੁੰਦੀਆਂ। ਆਹ ਕੱਲ੍ਹ ਫਗਵਾੜੇ ਪੈਲੇਸ ਵਿੱਚ ਕੁੜੀ ਨੇ ਛਾਤੀ ਤੋਂ ਚੁੰਨੀ ਨਹੀਂ ਲਾਹੀ। ਬੰਦ ਗਲੇ ਦਾ ਸੂਟ ਪਾਇਆ ਸੀ। ਲੱਭੂ ਨੇ ਤਾਂ..। ਗੱਲ ਈ ਛੱਡੋ। ਧੁੰਨ ਤੇਜ਼ ਹੋਈ ਤਾਂ ਲੱਭੂ ਜ਼ਿਆਦਾ ਹਿਲਾਉਣ ਲੱਗ ਪਈ। ਉਸ ਦੀ ਰੀਸੇ ਨਿਆਣਿਆਂ ਵਿਚੋਂ ਦੋ ਬੱਚੀਆਂ ਵੀ ਹਿੱਕ ਹਿਲਾਉਣ ਲੱਗ ਪਈਆਂ। ਲੱਭੂ ਦੀ ਬਰਾ ਦੀ ਹੁੱਕ ਖੁੱਲ੍ਹ ਗਈ। ਉਹਨੇ ਸੀ. ਡੀ. ਪਲੇਅਰ ਬੰਦ ਕਰ ਦਿੱਤਾ।

'ਭੂਆ ਜੀ, ਨਮਸਤੇ। ਬੈਠੋ...। ਅਸੀਂ ਰੀਹਰਸਲ ਕਰਦੇ ਪਏ ਆਂ।' ਰੁਮਾਲ ਨਾਲ ਪਸੀਨਾ ਪੂੰਝਦੀ ਲੱਭੂ ਨੇ ਮੈਨੂੰ ਗਲਵਕੜੀ ਪਾਈ।

'ਪੈਰੀਂ ਪੈਂਦਾ, ਭੂਆ ਜੀ।' ਰੂਪਾ ਮੱਥਾ ਟੇਕ ਕੇ ਕੁਰਸੀ ਚੁੱਕ ਲਿਆਇਆ।

'ਰੂਪੇ, ਪਹਿਲਾਂ ਮੇਰੀ ਹੁੱਕ ਲਾ।' ਲੱਭੂ ਨੇ ਝੱਗੀ ਜਿਹੀ ਦਾ ਪਿਛਲਾ ਪਾਸਾ ਚੁੱਕ ਦਿੱਤਾ ਸੀ।

ਰੂਪੇ ਨੇ ਦੋਨਾਂ ਹੱਥਾਂ ਨਾਲ ਬੈਲਟਾਂ ਫੜੀਆਂ ਤੇ ਹੁੱਕ ਲਾ ਦਿੱਤੀ। ਮੇਰਾ ਉਪਰਲਾ ਸਾਹ ਉੱਪਰ ਤੇ ਹੇਠਲਾ ਹੇਠਾਂ।.... ਲੱਭੂ ਨੇ ਮੈਨੂੰ ਕੋਕ ਫੜਾਇਆ ਸੀ। ਸਵਿੱਚ ਆਨ ਕਰਕੇ ਫੇਰ ਰੀਹਰਸਲ ਕਰਨ ਲੱਗ ਪਏ ਸਨ। ਗੀਤ ਦੇ ਬੋਲ ਗੂੰਜੇ :-

'ਬਾਬਾ ਵੇ ਕਲਾ ਮਰੋੜ<br>
ਨਿੱਕੀਏ ਨੀ ਲਾ ਦੇ ਜ਼ੋਰ।'

ਬੋਲਾਂ 'ਤੇ ਉਨ੍ਹਾਂ ਦੇ ਐਕਸ਼ਨ ਦੇਖ-ਦੇਖ ਕੇ ਮੈਂ ਧਰਤੀ ਵਿੱਚ ਧਸਦੀ ਜਾਵਾਂ। ਹੈਂਅ, ਸਕੇ ਭੈਣ ਭਰਾ ਤੇ...। ਉਤੋਂ ਹੋਰ ਸਿੱਤਮ ਉਹ ਨਿੱਕੇ-ਨਿਕੇ ਨਿਆਣੇ ਵੀ ਉਨ੍ਹਾਂ ਵਾਂਗ ਕਰਨ। ਮੈਂ ਉੱਠ ਕੇ ਤੁਰਨ ਲੱਗੀ ਸੀ। ਹਸੂੰ-ਹਸੂੰ ਕਰਦੀ ਬਿਮਲਾ ਅੰਦਰ ਵੜੀ। ਮੇਰਾ ਕਲਾਵਾ ਭਰ ਕੇ ਮੈਨੂੰ ਤੋਲ ਦਿੱਤਾ। ਉਹ ਮੈਨੂੰ ਡਰਾਇੰਗ ਰੂਮ 'ਚ ਸੋਫੇ 'ਤੇ ਲੈ ਕੇ ਬਹਿ ਗਈ। ਮੋਬਾਇਲ ਫੋਨ ਨੂੰ ਟੇਬਲ 'ਤੇ ਰੱਖ ਕੇ ਬੋਲੀ-

'ਅਮਰੀਕਾ ਤੋਂ ਕੁੜੀਆਂ ਦੇ ਪ੍ਰੋਮੋਟਰਾਂ ਦਾ ਫੋਨ ਸੀ। ਰੱਜੂ ਨੂੰ ਛੇ ਮਹੀਨੇ ਲਈ ਅਮਰੀਕਾ ਲੈ ਕੇ ਜਾਣਾ। ਸੱਭਿਆਚਾਰਕ ਪ੍ਰੋਗਰਾਮ ਕਰਨੇ।' ਉਹਦਾ ਚਿਹਰਾ ਦਗ-ਦਗ ਕਰ ਰਿਹਾ ਸੀ।

ਮੈਂ ਵਧਾਈਆਂ ਦੇ ਦਿੱਤੀਆਂ, ਪਰ ਮੈਂ ਅੰਦਰ ਵਾਲੇ ਦ੍ਰਿਸ਼ਾਂ ਨਾਲ ਦੋ ਚਾਰ ਹੋ ਰਹੀ ਸੀ। ਬਿਮਲਾ ਸੀਡੀਆਂ ਚੁੱਕ ਲਿਆਈ। ਕੰਪਿਊਟਰ 'ਤੇ ਲਾ ਕੇ ਵਿਖਾਉਣ ਲੱਗ ਪਈ। ਉਹ ਸੀਡੀਆਂ ਲੱਭੂ ਤੇ ਰੱਜੂ ਦੇ ਵੱਖ-ਵੱਖ ਸਟੇਜੀ ਪ੍ਰੋਗਰਾਮਾਂ ਦੀਆਂ ਸਨ। ਕਈ ਸੀਨ ਦੇਖ ਕੇ ਮੈਂ ਸਿਰ ਗੋਡਿਆਂ ਵਿੱਚ ਦੇ ਲੈਂਦੀ। ਬਿਮਲਾ ਖਿੜੀ ਪਈ ਸੀ। ਉਹ ਇਕੱਲੇ-ਇਕੱਲੇ ਪ੍ਰੋਗਰਾਮ ਬਾਰੇ ਦੱਸ ਰਹੀ ਸੀ। ਰੂਪਾ ਤੇ ਲੱਭੂ ਪਸੀਨੋ ਪਸੀਨਾ ਹੋਈ ਡਰਾਇੰਗ ਰੂਮ ਵਿੱਚ ਆ ਵੜੇ ਸਨ।

'ਪੁੱਤ, ਕਿਚਨ ਵਿੱਚ ਤੁਹਾਡਾ ਦੁੱਧ ਪਿਆ।' ਬਿਮਲਾ ਨੇ ਲੱਭੂ ਦੀਆਂ ਗੱਲ੍ਹਾਂ ਥਪਥਪਾਈਆਂ ਸਨ।

'ਓ ਨੋ ਮੰਮ....। ਚਿਲਡ ਬੀਅਰ...।' ਲੱਭੂ ਨੇ ਗਲਮਾ ਕੂਲਰ ਮੋਹਰੇ ਕੀਤਾ। ਬਰਾ ਦੀ ਬੈਲਟ ਨੂੰ ਠੀਕ ਕੀਤਾ।

'ਦੇਖ ਲੈ ਨਣਾਨੇ। ਨਿਆਣਿਆਂ ਦੇ ਟੇਸਟ। ਅਸੀਂ ਪੰਜ ਕਿਲੋ ਦੁੱਧ ਲੈਂਦੇ ਆਂ। ਪੀਂਦੇ ਨਹੀਂ। ਕੁੱਤਿਆਂ ਬਿੱਲਿਆਂ ਦੇ ਮੂੰਹ ਲਗਦਾ।'

ਮੱਝ ਤਾਂ ਸਾਡੀ ਵੀ ਪੰਜ ਕਿਲੋ ਦੁੱਧ ਦਿੰਦੀ ਆ। ਚਾਰ ਕਿਲੋ ਵੇਚ ਦੇਈਦਾ ਆ। ਕਿਲੋ ਨਾਲ ਗੁਜ਼ਾਰਾ ਕਰੀਦਾ ਆ। ਮੈਂ ਘਰ ਨੂੰ ਭੁੱਲਣਾ ਚਾਹੁੰਦੀ ਹਾਂ। ਪਰ ਘਰ ....।

ਲੱਭੂ ਕੂਲਰ ਮੋਹਰੇ ਬਹਿ ਗਈ। ਰੂਪਾ ਠੋਡੀ ਉਹਦੇ ਮੋਢੇ ਉੱਤੇ ਰੱਖ ਕੇ ਬਹਿ ਗਿਆ। ਉਹਦੀ ਨੱਥ ਨਾਲ ਛੇੜਖਾਨੀ ਕਰਨ ਲੱਗ ਪਿਆ। ਮੈਂ ਕਦੇ ਰੂਪੇ ਵੱਲ ਦੇਖਾਂ ਤੇ ਕਦੇ ਲੱਭੂ ਵੱਲ। ਚਿਹਰੇ ਤੇ ਮੁਸਕਰਾਹਟ ਵੀ ਲਿਆਂਦੀ। ਮੇਰੇ ਅੰਦਰ ਖੌਰੂ ਪੈਣ ਲੱਗਾ। ਜੇ ਸੱਤਾ ਆ ਜਾਵੇ।

ਸਾਡੀ ਗਲੀ ਵਿੱਚ ਨੰਜੋ ਦੇ ਭਰਾ ਕਾਲੇ ਦਾ ਵਿਆਹ ਸੀ। ਬਰਾਤ ਵਿਆਹੁਣ ਗਈ ਹੋਈ ਸੀ। ਨੰਜੋ ਮੇਰੇ ਨਾਲ ਸਕੂਲ 'ਚ ਦਸਵੀਂ ਤੱਕ ਪੜ੍ਹਦੀ ਰਹੀ ਆ। ਮੇਲਣਾਂ ਨੇ ਨੱਚ-ਨੱਚ ਵਿਹੜਾ ਨੀਵਾਂ ਕੀਤਾ ਪਿਆ ਸੀ। ਨੰਜੋ ਨੇ ਮੈਨੂੰ ਵੀ ਖਿੱਚ ਲਿਆ ਸੀ। ਮੈਂ ਸਿਰ 'ਤੇ ਚੁੰਨੀ ਦੀ ਪੱਗ ਬੰਨ੍ਹੀ।

'ਸਭਨਾਂ ਨੇ ਪੀਤੀ ਤਿਪਕਾ ਤਿਪਕਾ, ਕਾਲੇ ਨੇ ਪੀਤੀ ਬਾਟੇ ਨਾਲ।

ਚੜ੍ਹ ਗਈ ਓ ਛਰਾਟੇ ਨਾਲ, ਚੜ੍ਹ ਗਈ ਓ....।'

ਮੈਂ ਅਜੇ ਸ਼ਰਾਬੀ ਦੇ ਸਵਾਂਗ ਦੀ ਨਕਲ ਉਤਾਰਨ ਲਈ ਬੋਲੀ ਚੁੱਕੀ ਹੀ ਸੀ। ਸੱਤਾ ਮੇਰੇ ਮੋਹਰੇ ਖੜ੍ਹਾ ਸੀ। ਲਾਲ ਅੱਖਾਂ...। ਅੱਖਾਂ ਵਿੱਚੋਂ ਅੰਗਿਆਰ ਡਿੱਗਣ। ਮੇਰਾ ਉਹਦੀਆਂ ਅੱਖਾਂ ਵੱਲ ਮੁੜ ਦੇਖਣ ਦਾ ਹੀਆ ਨਹੀਂ ਪਿਆ। ਘਰ ਨੂੰ ਭੱਜ ਲਈ ਸੀ। ਦੌੜਦੀ ਦੀ ਮੇਰੀ ਚੁੰਨੀ ਵੀ ਉੱਥੇ ਰਹਿ ਗਈ ਸੀ। ਭਰਾ ਤਾਂ ਉਹ ਮੇਰਾ ਸੀ। ਪਰ ਬੀਹੀ ਦੀਆਂ ਸਾਰੀਆਂ ਕੁੜੀਆਂ ਉਹਤੋਂ ਡਰਦੀਆਂ ਸਨ।

ਸੱਤੇ ਦੇ ਨਾਲ ਇੱਕ ਕੁਚ ਦਾੜ੍ਹੀ ਵਾਲਾ ਭਾਈ ਘਰ ਆਉਂਦਾ ਹੁੰਦਾ ਸੀ। ਉਹਦੇ ਨਾਲ ਇੱਕ ਸੋਹਣੀ ਜਿਹੀ ਜ਼ਨਾਨੀ ਹੁੰਦੀ ਆ। ਉਹਦਾ ਨਾਂ ਚੇਤਨਾ ਹੈ।। ਰੰਮੀ ਉਨ੍ਹਾਂ ਨਾਲ ਤੁਰੀ ਫਿਰਦੀ ਏ। ਸੱਤੇ ਦੇ ਕਤਲ ਤੋਂ ਬਾਅਦ ਮੈਂ ਟੁੱਟ ਗਈ ਸੀ। ਉਦੋਂ ਉਨ੍ਹਾਂ ਮੈਨੂੰ ਸਾਂਭਿਆ ਸੀ। ਉਹਨੀਂ ਮੈਨੂੰ ਤੱਕੜੀ ਕੀਤਾ ਸੀ। ਉਨ੍ਹਾਂ ਦੇ ਆਖੇ ਲੱਗ ਕੇ ਮੈਂ ਵੀ ਸੱਤੇ ਦੇ ਰਾਹ ਤੁਰਨ ਦਾ ਫ਼ੈਸਲਾ ਕੀਤਾ ਸੀ। ਮੈਂ ਪਿੰਡੋਂ ਸੱਤੇ ਦੀਆਂ ਕਿਤਾਬਾਂ ਚੁੱਕ ਲਿਆਈ ਸੀ। ਉਹ ਦੋਨੋਂ ਘਰ ਆਉਂਦੇ। ਪਰਚਾ ਦੇ ਜਾਂਦੇ ਤੇ ਹੋਰ ਕਿਤਾਬਾਂ ਦੇ ਜਾਂਦੇ। ਰੰਮੀ ਦੇ ਪਿਓ ਨੂੰ ਮਰਦ ਜਾਤ ਬਹੁਤੀ ਭਾਉਂਦੀ ਨਹੀਂ। ਮੇਰੇ 'ਤੇ ਕਈ ਰੋਕਾਂ ਲੱਗ ਗਈਆਂ ਸਨ। ਫੇਰ ਮੈਂ ਘਰ ਦੇ ਖਲਜਗਣ ਵਿੱਚ ਉਲਝ ਕੇ ਰਹਿ ਗਈ ਸੀ। ਹੁਣ ਰੰਮੀ ਉਨ੍ਹਾਂ ਨਾਲ ਧਰਨਿਆਂ ਮੁਜ਼ਾਹਰਿਆਂ 'ਤੇ ਜਾਂਦੀ ਏ। ਆਪਣੇ ਕਾਲਜ ਦੀ ਸਟੂਡੈਂਟ ਯੂਨੀਅਨ ਦੀ ਲੀਡਰ ਹੈ। ਪਿੰਡ ਬੁੱਤ 'ਤੇ ਸ਼ਹੀਦੀ ਦਿਨ ਮਨਾਉਣ ਲਈ ਮੋਹਰੇ ਹੁੰਦੀ ਏ। ਮਜ਼ਦੂਰਾਂ ਦੇ ਬਿਜਲੀ ਬਿੱਲ ਮੁਆਫ ਕਰਾਉਣ ਲਈ ਘੋਲ ਚੱਲ ਰਿਹਾ ਏ। ਉਥੇ ਤਾਂ ਮੈਨੂੰ ਵੀ ਲੈ ਜਾਂਦੀ ਏ। ਮੈਨੂੰ ਸੁਖਦੇਵ ਹੁਰਾਂ ਦੀ ਸਿਆਸਤ ਸਮਝਾਉਣ ਲੱਗ ਪੈਂਦੀ ਆ।ਉਹ ਰੱਜੂ ਤੇ ਲੱਭੂ ਵੀ ਕਿਸੇ ਦੀਆਂ ਕੁੜੀਆਂ ਆ। ਜਿਹੜੀਆਂ ਲੋਕਾਂ ਨੂੰ ਉਂਗਲੀਆਂ ਤੇ ਨਚਾਈ ਫਿਰਦੀਆਂ ਹਨ।

ਸਾਡੇ ਪਿੰਡ ਵਾਲਾ ਰੇਵਲ ਸਿੰਘ ਸੰਧੂ ਦਾ ਪਰਿਵਾਰ ਮੁੰਡੇ ਦਾ ਵਿਆਹ ਕਰਨ ਇੰਗਲੈਂਡ ਤੋਂ ਆਇਆ ਹੋਇਆ ਸੀ। ਮੇਰੇ ਸਹੁਰੇ ਉਨ੍ਹਾਂ ਦੇ ਲਾਗੀ ਰਹੇ ਆ। ਵਿਆਹ 'ਤੇ ਸਾਨੂੰ ਵੀ ਸੱਦਾ ਸੀ। (ਚਲਦਾ)





# ਕਾਵਿ ਸੰਸਾਰ



## ਨਵਾਂ ਸਾਲ ਮੁਬਾਰਕ

ਬਲਵਿੰਦਰ ਪਾਲ ਸਿੰਘ

ਨਵਾਂ ਸਾਲ ਮੁਬਾਰਕ ਹੋਵੇ
ਉਹਨਾਂ ਨੂੰ ਵੀ
ਜਿਹਨਾਂ ਦੇ ਖੇਤ -ਜ਼ਮੀਨ ਤੇ
ਬਣਨਗੇ ਵਿਕਾਸ ਦੇ ਉੱਚੇ ਮਹਿਲ
ਨਦੀ ,ਟੋਭੇ ਬਣਨਗੇ,
ਮਾਲ, ਰਿਸੋਰਟ
ਜਿਹਨਾਂ ਦੇ ਬੱਚੇ ਆਪਣੀਆਂ ਹੀ
ਜ਼ਮੀਨਾਂ ਤੇ ਲਗਾਉਣਗੇ
ਝਾੜੂ ਪੋਚਾ
ਧੀਆਂ ਵਿਕਨਗੀਆਂ ਉੱਚੀ ਲਾਗਤ ਤੇ
ਸ਼ੇਅਰ ਬਜ਼ਾਰ ਛੂਏਗਾ ਅਸਮਾਨ

ਨਵਾਂ ਸਾਲ ਮੁਬਾਰਕ ਹੋਵੇ
ਉਹਨਾਂ ਨੂੰ ਵੀ
ਜੋ ਇਕੱਤੀ ਦਸੰਬਰ ਦੀ ਰਾਤ
ਸੁੰਗੜਦੇ ਵੇਚਦੇ ਹਨ ਗੁਬਾਰੇ
ਢੂੰਡਦੇ ਹਨ ਬੀਅਰ ਦੀਆਂ ਬੋਤਲਾਂ
ਤੇ ਪੈਪਸੀ ਦੇ ਟਿਨ
ਗੰਦ ਦੇ ਢੇਰ ਵਿਚੋਂ
ਕੁਚਲੇ ਜਾਂਦੇ ਹਨ
ਧਨਾਢਾਂ ਦੀਆਂ
ਗਡੀਆਂ ਨਾਲ
ਫੁਟਪਾਥਾਂ ਤੇ ਸੌਂਦੇ ਹੋਏ
ਬਚੇ ਹੋਏ ਅਣਹੋਏ
ਪਾਉਂਦੇ ਹਨ ਮੁਆਵਜ਼ਾ

ਨਵਾਂ ਸਾਲ ਮੁਬਾਰਕ ਹੋਵੇ
ਉਹਨਾਂ ਨੂੰ ਵੀ
ਜਿਹਨਾਂ ਦੇ ਦੰਗਿਆਂ ਵਿਚ ਮਾਰੇ ਗਏ
ਨਸਲਕੁਸ਼ੀ ਦੇ ਬਾਅਦ
ਜੋ ਬਿਰਖ ਹੋ ਗਏ
ਨਿਆਂ ਦੇ ਇੰਤਜ਼ਾਰ ਵਿਚ
ਜਿਹਨਾਂ ਦਾ ਜੀਵਨ ਗੁਜ਼ਰ ਗਿਆ
ਇਕ ਲੰਬੇ ਸੰਘਰਸ਼ ਵਿਚ
ਇਕੱਤੀ ਸਾਲਾਂ ਤੋਂ ਅਟਕਿਆ ਹੋਇਆ ਹੈ
ਇਕੱਤੀ ਦਸੰਬਰ ਜਿਹਨਾਂ ਦੇ ਸੰਸਾਰ ਵਿਚ

ਨਵਾਂ ਸਾਲ ਮੁਬਾਰਕ ਹੋਵੇ
ਉਹਨਾਂ ਨੂੰ ਵੀ
ਜੋ ਸਰਕਾਰ ਦੀਆਂ ਡਾਗਾਂ ਖਾਂਦੇ ਹੋਏ
ਅੰਦੋਲਨ ਵਿਚ ਮਾਰੇ ਗਏ
ਰੁਜ਼ਗਾਰ ਦੀ ਤਲਾਸ਼ ਵਿਚ
ਅੱਤਵਾਦੀ ਸਮਝ ਮਾਰੇ ਗਏ
ਵਿਸਫੋਟ ਤੋਂ ਬਚੇ
ਤਾਂ ਭੀੜ ਵਿਚ ਮਾਰੇ ਗਏ
ਮਰਨ ਤੋਂ ਪਹਿਲਾਂ ਮਰਨ ਤੋਂ ਬਾਅਦ ਵੀ
ਉਹਨਾਂ ਨੂੰ ਨਵਾਂ ਸਾਲ ਮੁਬਾਰਕ ਹੋਵੇ।

## ਕਵਿਤਾ

ਸੁਰਜੀਤ ਪਾਤਰ

ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ
ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ
ਪਰਬਤ ਤੋਂ ਸਾਗਰਾਂ ਵੱਲ ਨਦੀਆਂ ਨੇ ਰੋਜ਼ ਵਹਿਣਾ
ਇਕ ਦੂਜੇ ਮਗਰ ਘੁੰਮਣਾ ਰੁੱਤਾਂ ਤੇ ਮੌਸਮਾਂ ਨੇ
ਇਹ ਸਿਲਸਿਲਾ ਜੁਗੋ ਜੁਗ ਏਦਾਂ ਹੀ ਚੱਲਦਾ ਰਹਿਣਾ।
ਰੁਕਣੀ ਨਹੀਂ ਕਹਾਣੀ, ਬੱਝੇ ਨ ਰਹਿਣੇ ਪਾਣੀ
ਰੂਹੋਂ ਬਗੈਰ ਸੱਖਣੇ, ਬੁਤ ਨਾ ਬਣਾ ਕੇ ਰੱਖਣੇ
ਪਾਣੀ ਨੇ ਰੋਜ਼ ਤੁਰਨਾ, ਕੰਢੀਆਂ ਨੇ ਰੋਜ਼ ਖੁਰਨਾ
ਖੁਰਦੇ ਨੂੰ ਦੇ ਦਿਲਾਸਾ, ਤੁਰਦੇ ਨੇ ਨਾਲ ਰਹਿਣਾ।
ਚੰਨ ਤਾਰਿਆਂ ਦੀ ਲੋਏ, ਇਕਰਾਰ ਜਿਹੜੇ ਹੋਏ
ਤਾਰੇ ਉਨਾਂ ਤੇ ਹੱਸੇ ਦੀਵੇ ਉਨ੍ਹਾਂ ’ਤੇ ਰੋਏ
ਟੁੱਟਦੇ ਕਰਾਰ ਦੇਖੇ, ਅਸਾਂ ਬੇਸ਼ੁਮਾਰ ਦੇਖੇ
ਲਫਜਾਂ ਦਾ ਬਣਿਆ ਦੇਖੀਂ ਕੱਲ ਇਹ ਮਹਿਲ ਵੀ ਢਹਿਣਾ,
ਇਨ੍ਹਾਂ ਦੀਵਿਆਂ ਨੂੰ ਦੱਸ ਦੇ, ਇਨਾਂ ਤਾਰਿਆਂ ਨੂੰ ਕਹਿ ਦੇ
ਇਨ੍ਹਾਂ ਹੱਸਦੇ ਰੋਂਦਿਆਂ ਨੂੰ ਤੂੰ ਸਾਰਿਆਂ ਨੂੰ ਕਹਿ ਦੇ
ਅਸੀਂ ਜਾਨ ਵਲੋਂ ਦੀਵੇ, ਈਮਾਨ ਵਲੋਂ ਤਾਰੇ
ਅਸੀਂ ਦੀਵੇ ਵਾਂਗ ਬੁਝਣਾ, ਅਸੀਂ ਤਾਰੇ ਵਾਂਗ ਰਹਿਣਾ
ਸੁਣ ਹੇ ਝਨਾਂ ਦੇ ਪਾਣੀ, ਤੂੰ ਡੁੱਬ ਗਏ ਨ ਜਾਣੀਂ
ਤੇਰੇ ਪਾਣੀਆਂ ਤੇ ਤਰਨੀ ਇਸ ਪਿਆਰ ਦੀ ਕਹਾਣੀ
ਹੈ ਝੂਠ ਮਰ ਗਏ ਉਹ, ਡੁੱਬ ਕੇ ਤਾਂ ਤਰ ਗਏ ਉਹ
ਨਿੱਤ ਲਹਿਰਾਂ ਤੇਰੀਆਂ ਨੇ ਪਾ ਪਾ ਕੇ ਸ਼ੋਰ ਕਹਿਣਾ।

## ਇਸ ਵਰਗੇ ਆਏ ਤੇ ਗਏ ਬੜੇ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.



ਇਸ ਵਰਗੇ ਆਏ ’ਤੇ ਗਏ ਬੜੇ,
ਨਾ ਹਿਸਾਬ ਕੋਈ ਬੇਵਫਾਵਾਂ ਦਾ,
ਉਹ ਪਤਾ ਨਹੀਂ ਕਿੱਥੇ ਜਾ ਗਰਕੇ,
ਕੋਈ ਥਾਂ ਨਹੀਂ ਉਨ੍ਹਾਂ ਨਿਥਾਵਾਂ ਦਾ।
ਕਈ ਚੌਂਹਟੇ ਸਾਡੇ ਚੁਕਾ ਗੁਜ਼ਰੇ,
ਕਈ ਗੇੜ ਚੁਰਾਸੀ ਚਾੜ੍ਹ ਗਏ,
ਅਸੀਂ ਲੱਖ ਅਰਦਾਸਾਂ ਕਰ ਥੱਕੇ,
ਹੋਇਆ ਨਾ ਅਸਰ ਦੁਆਵਾਂ ਦਾ।
ਪਰਲੋਆਂ ਅਤੇ ਆਫਤਾਂ ਨੇ,
ਨਹੀਂ ਛੱਡੀ ਕੋਈ ਕਸਰ ਬਾਕੀ,
ਕਰੋਨੇ ਤੇ ਕਰੋਨਾ ਚੜ੍ਹੀ ਬੈਠਾ,
ਭਾਵੇਂ ਲਾ ਲਓ ਢੇਰ ਦਵਾਵਾਂ ਦਾ।
ਨਾ ਜਾਦੂਗਰ ਕੁੱਝ ਰੋਕ ਸਕੇ,
ਨਾ ਬਾਬੇ ਮੰਜੀ ਠੋਕ ਸਕੇ,
ਵਗ ਰਿਹਾ ਤੂਫਾਨ ਜੋ ਦੁਨੀਆ ਤੇ,
ਜ਼ਹਿਰੀਲੀਆਂ ਤੇਜ਼ ਹਵਾਵਾਂ ਦਾ।
ਕਈ ਚੜ੍ਹਾਈ ਖ਼ੂਬ ਚੜ੍ਹਾ ਗੁਜ਼ਰੇ,
ਕਈ ਉਤਰਨ ਲੱਗੇ ਵੀ ਨਹੀਂ ਰੜਕੇ,
ਸਾਲਾਂ ਦੀਆਂ ਮਨਹੂਸ ਜਿਹੀਆਂ,
ਦਾ ਨਾ ਮਿਲਿਆ ਥਹੁ ਬਲਾਵਾਂ ਦਾ।
ਲੱਖ ਪਿਆਰ ਅਤੇ ਲਾਡ ਕਰੋ ਭਾਵੇਂ,
ਨਾ ਰੱਖਿਓ ਆਸ ਵਫ਼ਾ ਵਾਲੀ,
ਇਹ ਵੀ ਬੇਵਫ਼ਾ ਹੀ ਨਿਕਲੇਗਾ,
ਗੌਰ ਕਰ ਲਿਓ ਮੇਰੀਆਂ ਸਲਾਵਾਂ
ਦਾ।
ਚਾਅ ਕਰ ਲਓ ਨਵੇਂ ਪ੍ਰਾਹੁਣੇ ਦਾ,
ਜਿੰਨਾ ਵੀ ਮਰਜ਼ੀ ਰੱਜ ਰੱਜ ਕੇ,
ਇਹ ਸਾਲ ਤੋਂ ਵੱਧ ਨਹੀਂ ਜੀਵੇਗਾ,
ਮੁੱਲ ਇੰਨਾ ਹੀ ਪਵੇਗਾ ਚਾਵਾਂ ਦਾ।

## ਭਰਾਵਾਂ ਦੇ ਨਾ ਕੁਝ ਸ਼ਿਕਵੇ

ਅਰਵਿੰਦਰ ਸਿੰਘ

ਕੁਝ ਗੱਲਾਂ ਤੇ ਸ਼ਿਕਵੇ ਸੱਚ ਨੇ,
ਸਭ ਦੇ ਦਿਲ ਵਿੱਚ ਦਰਦ ਹੈ ਕੌਮੀ,
ਪਰ ਬੋਲਾਂ ਦੇ ਵਿੱਚ ਭਾਸ਼ਣ ਕੱਚ ਨੇ।
ਨੀਵੇਂ ਚੁਭਵੇਂ ਸ਼ਬਦ ਬੋਲ ਕੇ,
ਕਈ ਮਿੱਠੇ-ਮੱਲਾਂ ਨੂੰ ਕਹਿਣਾ ਉਹ ਖੱਚ ਨੇ।
ਸੰਗਤਾਂ ਨੂੰ ਧੜਿਆਂ ਵਿੱਚ ਵੰਡਣਾ,
ਨਾਲੇ ਸਾਂਝਾ ਹੋਕਾ ਦੇ ਕੇ,
ਨਾਲੇ ਕਲੱਬਾਂ ਦੇ ਵਿੱਚ ਭੰਡਣਾ।
ਕੋਈ ਲੰਗਰ ਘਰੇ ਹੀ ਲਾ ਕਿਵੇਂ ਸਕਦੈ,
ਗੁਰੂ ਅੰਗਦ ਦੀਆਂ ਪਿਰਤਾਂ ਦੇ ਵਿੱਚ,
ਤੇਰ ਮੇਰ ਕੋਈ ਪਾ ਕਿਵੇਂ ਸਕਦੈ ?
ਬੁੱਢੇ ਦੱਲ ਨੂੰ ਕਾਇਰ ਕਹਿਕੇ,
ਤਰਨਾ ਦੱਲ ਕੋਈ ਕਹਾ ਕਿਵੇਂ ਸਕਦੈ ?
ਉਹ ਸਮੇ ਜਦੋਂ ਸ੍ਰਿਸ਼ਟੀ ਸਾਰੀ,
ਨਾਨਕ ਨਾਮ ਕਿਰਦਾਰ ਮੂਹਰੇ ਹਾਰੀ,
ਦੁਨੀਆ ਦੇ ਵਿੱਚ ਬੀਜ ਬਣੇ ਹਾਂ,
ਉੱਗੀ ਨਾਨਕ ਨਾਮ ਕਿਆਰੀ।
ਕਿਆ ਉਹ ਜਰਨੈਲ ਜੋ,
ਚੜ ਆਏ ਭਗਵੇਂ ਨਾ ਵੇਖੇ,
ਪਰ ਧਮਕਾਵੇ ਘੱਟ-ਗਿਣਤੀ ਸਾਰੀ ?
ਕੁਝ ਵੀ ਕਰਨ ਦੀ ਤੇਜ਼ੀ ਦੇ ਵਿੱਚ,
ਵਿਚਾਰੇ ਨਾ ਚੱਕਰਵਿਊ ਦੀ ਹੋਈ ਤਿਆਰੀ।
ਜੇਕਰ ਕੋਈ ਸਿੱਖ ਨਾ ਕਿਸੇ ਦਾ ਭੇਖ ਬਣਾਵੇ,
ਮੰਨ ਅੰਦਰ ਸਬਰ ਸੰਤੋਖ ਧਰਮ ਦਇਆ ਟਿਕਾਵੇ,
ਕਿਰਦਾਰ ਹੀ ਜੋੜੇ ਸੰਗਤ ਸਾਰੀ।
ਸੰਤਾਂ ਦੀ ਘਾਲ ਤਪ ਨੂੰ ਸਿਮਰੇ,
ਸੋਧੇ ਬਿਰਤੀ ਘੜੇ ਸੁਰਤ ਨਿਆਰੀ।
ਖਾਲਸਾ ਅਕਾਲ ਪੁਰਖ ਕਾ ਜੋ ਦੀਸੈ ਰੂਪ,
ਤੇ ਅੰਦਰੋਂ ਡੁੱਲੇ ਨਾਮ ਖੁਮਾਰੀ।
ਫੇਰ ਸੰਤ ਹੀ ਕੋਈ ਜਰਨੈਲ ਕਹਾਵੇ,
ਬਿਨ ਮੰਗਿਆਂ ਸਿਰ ਚੜ ਚੜ ਆਵੈਂ।
ਮੇਰ ਤੇਰ ਦੇ ਚੱਕਰ ਉੱਠ ਜਾਵਣ,
ਖਾਲਸਾ ਅਕਾਲ ਰੂਪ ਹੋਏ ਆਵੈ।
ਬਿਨ ਨਵਾਬੀ ਕੀ ਆਸਾਂ ਲਾਵੈ,
ਪਾਤਸ਼ਾਹੀਆਂ ਪਾਤਸ਼ਾਹ ਕਹਾਵੈ।
ਪਰ ਜਰਨੈਲ ਅਭਿਮਾਨ ਤਿਆਗੈ
ਸੰਗਤ ਰੂਪ ਸੰਗਤ ਹੋਏ ਜਾਵੈਂ।
ਗੁਰ ਨਾਨਕ ਗੁਰ ਗੋਬਿੰਦ ਧਿਆਵੈ,
ਤੇਰ ਮੇਰ ਕੇ ਬੰਧਨ ਤੂਟੈਂ,
ਜਲਤੀ ਜਗਤ ਮੈਂ ਠਾਂਢ ਕਰਾਵੈਂ।
ਪਾਂਚੋਂ ਚੋਰ ਕੇ ਸੀਸ ਕਾਟ ਕੈਂ,
ਆਵਣ ਜਾਣ ਮੁਕਤ ਹੋਏ ਜਾਵੈਂ।
ਗੁਰ ਨਾਨਕ ਨਾਮ ਧਿਆਵੈਂ।

## ਬੀਤੇ ਦੀਆਂ ਗੱਲਾਂ

ਕੁਲਵਿੰਦਰ ਸਿੱਧੂ ਕਾਮੇ ਕਾ

ਅਸੀਂ ਤਾਂ ਹਾਂ ਭਾਈ
ਬਾਟੇ ਛੰਨੇ ਵਾਲੀਆਂ
ਸਾਨੂੰ ਨਾ ਪਸੰਦ
ਗਲਾਸੀਆਂ ਪਿਆਲੀਆਂ।
ਹੁਣ ਦੀਆਂ ਵਾਂਗ ਸਾਨੂੰ
ਆਉਂਦੇ ਚੱਜ ਨਾ
ਭਰੀ ਬਾਟੀ ਪੀਤੇ ਬਿਨ੍ਹਾਂ
ਸਾਨੂੰ ਆਵੇ ਰੱਜ ਨਾ।
ਰੱਜ ਕੇ ਹੈ ਖਾਧਾ
ਪੂਰੇ ਕੰਮ ਕਰੇ ਨੇ
ਬਹੁਤੀਆਂ ਬਿਮਾਰੀਆਂ ਤਾਂ
ਤਾਂ ਹੀ ਪਰ੍ਹੇ ਨੇ।
ਚਿਹਰੇ ਤੇ ਕਰੀਮਾਂ
ਨਾ ਦਵਾਈਆਂ ਮਲੀਆਂ
ਲਾਲੀ ਮੁੱਖੜੇ ਦੀ ਦੱਸੇ
ਜੋ ਮਲਾਈਆਂ ਮਲੀਆਂ।
ਸੀ ਸਹੂਲਤਾਂ ਦੀ ਘਾਟ
ਤਾਂ ਵੀ ਪੂਰੇ ਡਟੇ ਸੀ
ਕਦੇ ਔਂਕੜਾਂ ਨੂੰ ਵੇਖ
ਨਾ ਬਲੱਡ ਘਟੇ ਸੀ।
ਤੰਦੂਰ ਕਦੇ ਤਵੀ ਤੇ ਸੀ
ਲਾਹੀਆਂ ਰੋਟੀਆਂ
ਗਿਣੀਆਂ ਨੀ ਸਦਾ ਚਿਣਕੇ
ਪਕਾਈਆਂ ਰੋਟੀਆਂ।
ਬੁੜ੍ਹੇ ਸੀ ਅੜ੍ਹਬ
ਵੱਡੇ ਟੱਬਰਾਂ ਦਾ ਪੰਗਾ ਸੀ
ਕੁਲਵਿੰਦਰਾ ਜਮਾਨਾ ਸਾਡਾ
ਤਾਂ ਵੀ ਚੰਗਾ ਸੀ।

## ਬਾਜ਼ ਪਿਆ ਕੁਰਲਾਵੇ

ਸਰਬਜੀਤ ਸਿੰਘ ਜਰਮਨੀ

ਲੱਭਦਾ ਗੋਬਿੰਦ ਸਿੰਘ ਨੂੰ
ਇੱਕ ਬਾਜ਼ ਪਿਆ ਕੁਰਲਾਵੇ
ਲੱਭਦਾ ਗੋਬਿੰਦ ਸਿੰਘ ਨੂੰ।
ਲੱਭਦਾ ਲੁਭਾਉਂਦਾ ਉਹ
ਅਨੰਦਪੁਰ ਆ ਗਿਆ
ਕੇਸਗੜ੍ਹ ਤੇ ਉਡਾਰੀਆਂ ਲਾਵੇ
ਲੱਭਦਾ ਗੋਬਿੰਦ ਸਿੰਘ ਨੂੰ,
ਇੱਕ ਬਾਜ਼ ਪਿਆ ਕੁਰਲਾਵੇ
ਲੱਭਦਾ ਗੋਬਿੰਦ ਸਿੰਘ ਨੂੰ।
ਲੱਭਦਾ ਲੁਭਾਉਂਦਾ ਉਹ,
ਚਮਕੌਰ ਸਾਹਿਬ ਆ ਗਿਆ
ਖ਼ੂਨੀ ਗੜ੍ਹੀ ਨੂੰ ਵੇਖ ਕੁਰਲਾਵੇ
ਲੱਭਦਾ ਗੋਬਿੰਦ ਸਿੰਘ ਨੂੰ
ਇੱਕ ਬਾਜ਼ ਪਿਆ ਕੁਰਲਾਵੇ
ਲੱਭਦਾ ਗੋਬਿੰਦ ਸਿੰਘ ਨੂੰ।
ਲੱਭਦਾ ਲੁਭਾਉਂਦਾ ਉਹ
ਸਰਹਿੰਦ ਵਿਖੇ ਆ ਗਿਆ
ਨੀਂਹਾਂ ਵਿੱਚ ਵੇਖ ਖੜੇ ਲਾਲਾ ਨੂੰ
ਰੱਤ ਦੇ ਅੱਥਰੂ ਵਹਾਉਂਦਾ ਜਾਵੇ
ਲੱਭਦਾ ਗੋਬਿੰਦ ਸਿੰਘ ਨੂੰ।
ਇੱਕ ਬਾਜ਼ ਪਿਆ ਕੁਰਲਾਵੇ
ਲੱਭਦਾ ਗੋਬਿੰਦ ਸਿੰਘ ਨੂੰ।
ਲੱਭਦਾ ਲੁਭਾਉਂਦਾ ਉਹ
ਮਾਛੀਵਾੜੇ ਆ ਗਿਆ
ਗੁਰੂ ਨਾਲ ਰੋਸ ਜਿਤਾਏ
ਕਿੱਥੇ ਗਈ ਦਾਦੀ ਮਾਤਾ
ਕਿੱਥੇ ਗਏ ਵੀਰ ਪਿਆਰੇ
ਲੱਭਦਾ ਗੋਬਿੰਦ ਸਿੰਘ ਨੂੰ
ਇੱਕ ਬਾਜ਼ ਪਿਆ ਕੁਰਲਾਵੇ
ਲੱਭਦਾ ਗੋਬਿੰਦ ਸਿੰਘ ਨੂੰ।

## ਬਦਲ ਰਿਹਾ ਸਾਲ



ਸ਼ਿਵਨਾਥ ਦਰਦੀ
9855155392

ਬਦਲ ਰਿਹਾ ਸਾਲ,
ਇਹ ਬਦਲ ਰਿਹਾ ਸਾਲ।
ਆਓ ਰਲ ਮਿਲ ਖੁਸ਼ੀ ਮਨਾਈਏ,
ਪੁੱਛੀਏ, ਇੱਕ ਦੂਜੇ ਦਾ ਹਾਲ,
ਬਦਲ ਰਿਹਾ ਸਾਲ ....।
ਗੁਸੇ ਗਿਲੇ ਮਿਟਾ ਕੇ ਆਪਾਂ,
ਗਲ ਇੱਕ ਦੂਜੇ ਨੂੰ ਲਾਈਏ,
ਸੀਸ ਨਿਵਾ ਕੇ ਸੱਚੇ ਰੱਬ ਅੱਗੇ,
ਹਰ ਦਿਨ ਦਾ ਸ਼ੁਕਰ ਮਨਾਈਏ,
ਜੋ ਲੰਘ ਗਿਆ, ਓਹ ਲੰਘ ਗਿਆ,
ਮੁੜ ਆਵੇ ਨਾ ਕਦੇ ਵੀ ਕਾਲ।
ਬਦਲ ਰਿਹਾ ਸਾਲ .....।
ਲੋਹੜੀ, ਮਾਘੀ, ਆਵੇ ਦੀਵਾਲੀ
ਸਭ ਚੰਗੇ ਲੰਘਣ ਤਿਉਹਾਰ,
ਬਣੀ ਰਹੇ ਜੋੜੀ ਹਰ ਇੱਕ,
ਟੁਟੇ ਨਾ ਕੋਈ ਪਰਿਵਾਰ,
ਪਿਆਰ ਮੁਹੱਬਤ ਬਣੇ ਰਹਿਣ,
ਬਿਰਹੋਂ ਨਾ ਕਰੇ ਭਾਲ।
ਬਦਲ ਰਿਹਾ ਸਾਲ ...।
ਅੰਬਰੀਂ ਤਾਰੇ ਚਮਕਣ,
ਤੇ ਖਿੜੀਆਂ ਰਹਿਣ ਬਹਾਰਾਂ,
‘ਦਰਦੀ’ ਨਫ਼ਰਤ ਨਾ ਕਰੀਂ,
ਮੁਹੱਬਤ ਬਣ ਰਹੀ ਵਿੱਚ ਯਾਰਾਂ,
ਜਿਹੜੇ ਚੱਲਦੇ ਨੇ ਤੇਰੇ ਨਾਲ,
ਤੂੰ ਚੱਲੀ, ਓਨ੍ਹਾਂ ਨਾਲ ਬਣ ਚਾਲ।
ਬਦਲ ਰਿਹਾ ਸਾਲ....।

# ਭਗਵਿਆਂ ਦੀ ਗੁੰਡਾਗਰਦੀ ਬਾਅਦ ਸੀਬੀਐੱਫਸੀ ਵਲੋਂ ਫਿਲਮ 'ਪਠਾਨ' ਵਿੱਚ ਤਬਦੀਲੀਆਂ ਕਰਨ ਦੀ ਹਦਾਇਤ






ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ (ਸੀਬੀਐੱਫਸੀ) ਨੇ ਫਿਲਮ 'ਪਠਾਨ' ਅਤੇ ਇਸ ਦੇ ਗਾਣਿਆਂ ਵਿੱਚ ਕੁਝ ਤਬਦੀਲੀਆਂ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ ਤਾਂ ਕਿ ਫਿਲਮ ਸੀਬੀਐੱਫਸੀ ਦੇ ਮਾਪਦੰਡਾਂ 'ਤੇ ਖਰੀ ਉਤਰ ਸਕੇ। ਇਸ ਫਿਲਮ ਵਿੱਚ ਸ਼ਾਹਰੁਖ਼ ਖਾਨ ਬਤੌਰ ਨਾਇਕ ਤੇ ਦੀਪਿਕਾ ਪਾਦੂਕੋਨ ਬਤੌਰ ਨਾਇਕਾ ਭੂਮਿਕਾ ਨਿਭਾਅ ਰਹੇ ਹਨ। ਭਗਵਿਆਂ ਦੇ ਇਤਰਾਜ਼ ਤੇ ਸ਼ਾਹਰੁਖ਼ ਖਾਨ ਬਤੌਰ ਨਾਇਕ ਤੇ ਦੀਪਿਕਾ ਪਾਦੂਕੋਨ ਪੁਤਲੇ ਫੂਕਣ ਬਾਅਦ ਸੀਬੀਐੱਫਸੀ ਦੇ ਚੇਅਰਪਰਸਨ ਪ੍ਰਸੂਨ ਜੋਸ਼ੀ ਨੇ ਦੱਸਿਆ ਕਿ ਯਸ਼ ਰਾਜ ਫਿਲਮਜ਼ ਨੂੰ ਹਦਾਇਤ ਕੀਤੀ ਗਈ ਹੈ ਕਿ ਫਿਲਮ 'ਪਠਾਨ' ਵਿੱਚ ਨਿਰਧਾਰਿਤ ਸੋਧਾਂ ਕੀਤੀਆਂ ਜਾਣ ਜਿਸ ਮਗਰੋਂ ਇਸ ਨੂੰ ਬੋਰਡ ਅੱਗੇ ਮੁੜ ਪੇਸ਼ ਕੀਤਾ ਜਾਵੇ। ਫਿਲਮ 'ਪਠਾਨ' ਜਨਵਰੀ ਮਹੀਨੇ ਵਿੱਚ ਰਿਲੀਜ਼ ਹੋਣੀ ਹੈ। ਇਸ ਫਿਲਮ ਦਾ ਗਾਣਾ 'ਬੇਸ਼ਰਮ ਰੰਗ' ਵੀ ਵਿਵਾਦਾਂ ਵਿੱਚ ਘਿਰਿਆ ਹੋਇਆ ਹੈ। ਦਰਅਸਲ ਇਸ ਗੀਤ ਵਿਚ ਅਭਿਨੇਤਰੀ ਦੀਪਿਕਾ ਪਾਦੂਕੋਣ ਨੇ ਭਗਵੇਂ ਰੰਗ ਦੀ ਬਿਕਨੀ ਪਾਈ ਹੋਈ ਸੀ, ਜਿਸ ਨੂੰ ਕਈ ਹਿੰਦੂ ਸੰਗਠਨ ਨੇ ਲੋਕਾਂ ਵਲੋਂ ਇਤਰਾਜ਼ਯੋਗ ਕਰਾਰ ਦਿੱਤਾ ਹੈ।

ਆਸ਼ਾ ਪਾਰੇਖ ਨੇ ਪਠਾਨ ਫਿਲਮ ਦੇ ਬੇਸ਼ਰਮ ਗੀਤ ਵਿਚ ਦੀਪਿਕਾ ਦੀ ਬਿਕਨੀ 'ਤੇ ਚੁੱਕੇ ਸਵਾਲ ਦੇ ਜਵਾਬ ਵਿਚ ਕਿਹਾ ਕਿ ਬਿਕਨੀ 'ਤੇ ਕੋਈ ਹੰਗਾਮਾ ਨਹੀਂ ਹੈ, ਇੱਥੇ ਬਿਕਨੀ ਦੇ ਸੰਤਰੀ ਰੰਗ ਨੂੰ ਲੈ ਕੇ ਹੰਗਾਮਾ ਹੈ। ਮੈਨੂੰ ਲੱਗਦਾ ਹੈ ਕਿ ਸਾਡਾ ਦਿਮਾਗ ਹੌਲੀ-ਹੌਲੀ ਬੰਦ ਹੋ ਰਿਹਾ ਹੈ ਅਤੇ ਅਸੀਂ ਬਦਲਦੇ ਸਮੇਂ ਦੇ ਨਾਲ ਬਹੁਤ ਛੋਟੀ ਸੋਚ ਵਾਲੇ ਬਣਦੇ ਜਾ ਰਹੇ ਹਾਂ।ਅਦਾਕਾਰਾ ਆਸ਼ਾ ਨੇ ਕਿਹਾ ਕਿ ਬਾਲੀਵੁੱਡ ਹਮੇਸ਼ਾ ਹੀ ਲੋਕਾਂ ਲਈ ਸੌਖਾ ਨਿਸ਼ਾਨਾ ਰਿਹਾ ਹੈ ਅਤੇ ਇਹ ਸਮੇਂ-ਸਮੇਂ 'ਤੇ ਨਜ਼ਰ ਵੀ ਆਉਂਦਾ ਹੈ। ਇੱਕ ਪਾਸੇ ਤਾਂ ਅਸੀਂ ਅਗਾਂਹਵਧੂ ਹੋਣ ਦੀ ਗੱਲ ਕਰਦੇ ਹਾਂ ਪਰ ਦੂਜੇ ਪਾਸੇ ਬਿਕਨੀ ਦੇ ਰੰਗ ਵਿੱਚ ਵਿਵਾਦ ਪੈਦਾ ਕਰਕੇ ਆਪਣੀ ਸੋਚ ਵੀ ਦਿਖਾਉਂਦੇ ਹਾਂ।

ਅਦਾਕਾਰਾ ਦਿਵਿਆ ਦੱਤਾ ਨੇ ਕਿਹਾ ਕਿ ਹਰ ਫਿਲਮ ਨੂੰ ਮੁੱਦਾ ਬਣਾਉਣਾ ਸਹੀ ਨਹੀਂ ਹੈ। ਜਨਤਾ ਨੂੰ ਪਹਿਲਾਂ ਫਿਲਮ ਦੇਖਣੀ ਚਾਹੀਦੀ ਹੈ, ਫਿਰ ਆਪਣੀ ਰਾਏ ਦੇਣੀ ਉਚਿਤ ਹੈ। ਅਦਾਕਾਰਾ ਨੇ ਕਿਹਾ ਕਿ ਜਿਸ ਤਰ੍ਹਾਂ ਬਾਲੀਵੁੱਡ ਫਿਲਮਾਂ ਦਾ ਬਾਈਕਾਟ ਕੀਤਾ ਜਾ ਰਿਹਾ ਹੈ, ਉਸ ਨਾਲ ਇੰਡਸਟਰੀ ਨੂੰ ਨੁਕਸਾਨ ਹੋ ਰਿਹਾ ਹੈ। ਜੇਕਰ ਦਰਸ਼ਕ ਇਸ ਤਰ੍ਹਾਂ ਫਿਲਮਾਂ ਦਾ ਬਾਈਕਾਟ ਕਰਨਗੇ ਤਾਂ ਮਨੋਰੰਜਨ ਉਦਯੋਗ ਕਿਵੇਂ ਚੱਲੇਗਾ ? ਫਿਲਮਾਂ ਦਾ ਬਾਈਕਾਟ ਹੁਣ ਇੱਕ ਰੁਝਾਨ ਬਣ ਗਿਆ ਹੈ। ਫਿਲਮ ਬਣਾਉਣ ਲਈ ਮਹੀਨਿਆਂ ਦੀ ਮਿਹਨਤ ਲੱਗਦੀ ਹੈ। ਇਸ ਬਾਰੇ ਵੀ ਜਨਤਾ ਨੂੰ ਸੋਚਣਾ ਚਾਹੀਦਾ ਹੈ।

ਦੱਸ ਦੇਈਏ ਕਿ ਫਿਲਮ ਪਠਾਨ ਵਿੱਚ ਬਿਕਨੀ ਦੇ ਸੰਤਰੀ ਰੰਗ ਨੂੰ ਲੈ ਕੇ ਕੁੱਝ ਹਿੰਦੂ ਸੰਗਠਨਾਂ ਨੇ ਇਤਰਾਜ਼ ਜ਼ਾਹਰ ਕੀਤਾ ਹੈ ਅਤੇ ਸ਼ਾਹਰੁਖ ਖਾਨ ਦੀ ਫਿਲਮ ਦਾ ਬਾਈਕਾਟ ਕੀਤਾ ਜਾ ਰਿਹਾ ਹੈ। ਮੱਧ ਪ੍ਰਦੇਸ਼ ਦੇ ਸਾਬਕਾ ਮੰਤਰੀ ਨੇ ਵੀ ਇਸ ਗੀਤ ਨੂੰ ਹਟਾਉਣ ਦੀ ਮੰਗ ਕੀਤੀ ਸੀ।ਸ਼ਾਹਰੁਖ ਖਾਨ ਅਭਿਨੀਤ ਬਾਲੀਵੁੱਡ ਫਿਲਮ 'ਪਠਾਨ' ਦੇ ਗੀਤ 'ਬੇਸ਼ਰਮ ਰੰਗ' ਨੂੰ ਲੈ ਕੇ ਚੱਲ ਰਹੇ ਵਿਵਾਦ ਦਰਮਿਆਨ ਇੱਥੋਂ ਦੇ ਤਪੱਸਵੀ ਛਾਉਣੀ ਮੰਦਰ ਦੇ ਮੁੱਖ ਪੁਜਾਰੀ ਪਰਮਹੰਸ ਅਚਾਰੀਆ ਨੇ ਕਿਹਾ ਸੀ ਕਿ ਉਹ ਅਭਿਨੇਤਾ ਸ਼ਾਹਰੁਖ ਤੇ ਉਨ੍ਹਾਂ ਆਨਲਾਈਨ ਚੈਨਲਾਂ ਦੇ ਮਾਲਕਾਂ ਨੂੰ ਜ਼ਿੰਦਾ ਸਾੜ ਦੇਣਗੇ, ਜਿਨ੍ਹਾਂ 'ਤੇ ਇਹ ਗੀਤ ਉਪਲਬਧ ਹੈ। ਉਨ੍ਹਾਂ ਕਿਹਾ ਸੀ ਕਿ ਇਸ ਫਿਲਮ 'ਚ ਭਗਵੇਂ ਕੱਪੜੇ ਪਹਿਨੀ ਦੀਪਿਕਾ ਪਾਦੂਕੋਣ ਨੂੰ ਹਿੰਦੂ ਔਰਤ ਹੋਣ ਕਾਰਨ ਛੱਡ ਦਿੱਤਾ ਜਾਵੇਗਾ। ਉਸ ਨੂੰ ਆਪਣੇ ਪਾਪ ਦਾ ਅਹਿਸਾਸ ਕਰਨ

(ਬਾਕੀ ਸਫ਼ਾ 30 'ਤੇ)

# ਫ਼ਿਲਮ 'ਗਾਂਧੀ ਗੋਡਸੇ ਏਕ ਯੁੱਧ' 26 ਜਨਵਰੀ ਨੂੰ ਰਿਲੀਜ਼ ਹੋਵੇਗੀ




ਮੁੰਬਈ/ਏ.ਟੀ.ਨਿਊਜ :- ਨਿਰਦੇਸ਼ਕ ਰਾਜਕੁਮਾਰ ਸੰਤੋਸ਼ੀ ਦੀ ਆਉਣ ਵਾਲੀ ਫਿਲਮ 'ਗਾਂਧੀ ਗੋਡਸੇ ਏਕ ਯੁੱਧ' ਦਾ ਪੋਸਟਰ ਬੀਤੇ ਦਿਨੀਂ ਰਿਲੀਜ਼ ਕੀਤਾ ਗਿਆ। ਮੋਸ਼ਨ ਪੋਸਟਰ ਦੀ ਵੀਡੀਓ ਵਿੱਚ ਮਹਾਤਮਾ ਗਾਂਧੀ ਅਤੇ ਨੱਥੂਰਾਮ ਗੋਡਸੇ ਦਰਮਿਆਨ ਵਿਚਾਰਧਾਰਾਵਾਂ ਦੀ ਲੜਾਈ ਨੂੰ ਦਰਸਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਨੱਥੂਰਾਮ ਗੋਡਸੇ ਨੇ ਮਹਾਤਮਾ ਗਾਂਧੀ ਨੂੰ 30 ਜਨਵਰੀ, 1948 ਵਾਲੇ ਦਿਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਵੀਡੀਓ ਦੀ ਸ਼ੁਰੂਆਤ ਵਿੱਚ ਨੱਥੂਰਾਮ ਕਹਿੰਦਾ ਹੈ ਕਿ ਉਹ ਹਮੇਸ਼ਾ ਮਹਾਤਮਾ ਗਾਂਧੀ ਨੂੰ ਮਾਰਨਾ ਚਾਹੁੰਦਾ ਸੀ ਤੇ ਜੇ ਮੌਕਾ ਮਿਲਿਆ ਤਾਂ ਉਸ ਨੂੰ ਮਾਰ ਦੇਵੇਗਾ ਜਿਸ ਬਾਰੇ ਮਹਾਤਮਾ ਗਾਂਧੀ ਕਹਿੰਦੇ ਹਨ ਕਿ ਗੋਲੀ ਸਿਰਫ ਬੰਦੇ ਨੂੰ ਮਾਰ ਸਕਦੀ ਹੈ ਨਾ ਕਿ ਉਸ ਦੇ ਵਿਚਾਰਾਂ ਨੂੰ ਕਿਉਂਕਿ ਮਰਨ ਤੋਂ ਬਾਅਦ ਵੀ ਬੰਦੇ ਦੇ ਵਿਚਾਰ ਆਉਣ ਵਾਲੀ ਨਵੀਂ ਪੀੜ੍ਹੀ ਨੂੰ ਪ੍ਰੇਰਦੇ ਰਹਿੰਦੇ ਹਨ। ਇਸ ਵੀਡੀਓ ਵਿੱਚ ਭਾਰਤ ਦੀ ਆਜ਼ਾਦੀ ਤੋਂ ਬਾਅਦ ਦੀਆਂ ਕਈ ਝਲਕੀਆਂ ਦਿਖਾਈਆਂ ਗਈਆਂ ਹਨ। ਇਸ ਫਿਲਮ ਲਈ ਗ੍ਰੈਮੀ ਤੇ ਆਸਕਰ ਜੇਤੂ ਏ ਆਰ ਰਹਿਮਾਨ ਨੇ ਸੰਗੀਤ ਦਿੱਤਾ ਹੈ। ਮਹਾਤਮਾ ਗਾਂਧੀ ਦੀ ਭੂਮਿਕਾ ਦੀਪਕ ਅੰਤਾਨੀ ਨੇ ਨਿਭਾਈ ਹੈ, ਜਦਕਿ ਨੱਥੂਰਾਮ ਗੋਡਸੇ ਦੇ ਕਿਰਦਾਰ ਵਿੱਚ ਚਿਨਮਯ ਮੰਡਲੇਕਰ ਨਜ਼ਰ ਆਉਣਗੇ। ਅਸਗਰ ਵਜਾਹਤ ਅਤੇ ਰਾਜਕੁਮਾਰ ਸੰਤੋਸ਼ੀ ਦੁਆਰਾ ਲਿਖੀ 'ਗਾਂਧੀ ਗੋਡਸੇ ਏਕ ਯੁੱਧ' ਨਾਲ ਰਾਜਕੁਮਾਰ ਸੰਤੋਸ਼ੀ ਨੌਂ ਸਾਲਾਂ ਬਾਅਦ ਸਿਲਵਰ ਸਕਰੀਨ 'ਤੇ ਵਾਪਸੀ ਕਰ ਰਹੇ ਹਨ। ਇਹ ਫਿਲਮ ਅਗਲੇ ਸਾਲ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਰਿਲੀਜ਼ ਹੋਵੇਗੀ।

# ਭਾਰਤ 'ਚ ਨਹੀਂ ਰਿਲੀਜ਼ ਹੋਵੇਗੀ ਪਾਕਿਸਤਾਨੀ ਫ਼ਿਲਮ 'ਦਿ ਲੀਜੈਂਡ ਆਫ ਮੌਲਾ ਜੱਟ'

## ਭਗਵੇਂਵਾਦੀ ਜਥੇਬੰਦੀ ਮਹਾਰਾਸ਼ਟਰ ਨਵਨਿਰਮਾਣ ਸੈਨਾ ਦੇ ਵਿਰੋਧ ਤੇ ਧਮਕੀ ਕਾਰਣ ਫ਼ਿਲਮ ਉਪਰ ਪਾਬੰਦੀ

ਨਵੀਂ ਦਿੱਲੀ/ਏ.ਟੀ.ਨਿਊਜ਼ :- ਇਨ੍ਹੀਂ ਦਿਨੀਂ ਪਾਕਿਸਤਾਨੀ ਫ਼ਿਲਮ 'ਦ ਲੀਜੈਂਡ ਆਫ ਮੌਲਾ ਜੱਟ' ਭਾਰਤ ਵਿਚ ਰਿਲੀਜ਼ ਹੋਣ ਨੂੰ ਲੈ ਕੇ ਸੁਰਖ਼ੀਆਂ ਵਿਚ ਸੀ। ਇਹ ਫ਼ਿਲਮ ਭਾਰਤ ਦੇ ਸਿਨੇਮਾ-ਘਰਾਂ ਵਿਚ 30 ਦਸੰਬਰ ਨੂੰ ਰਿਲੀਜ਼ ਹੋਣੀ ਸੀ ਪਰ ਇਕ ਵਾਰ ਫਿਰ ਭਾਰਤ ਵਿਚ ਫ਼ਿਲਮ 'ਦ ਲੀਜੈਂਡ ਆਫ ਮੌਲਾ ਜੱਟ' ਦੀ ਰਿਲੀਜ਼ ਨੂੰ ਟਾਲ ਦਿੱਤਾ ਗਿਆ ਹੈ। ਥੀਏਟਰ ਚੇਨ ਆਈਨੌਕਸ ਦੇ ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਇਸ ਦੇ ਨਾਲ ਹੀ ਇਹ ਵੀ ਦੱਸਿਆ ਗਿਆ ਹੈ ਕਿ ਹੁਣ ਤੱਕ ਇਸ ਪਾਕਿਸਤਾਨੀ ਫ਼ਿਲਮ ਦੀ ਭਾਰਤ ਵਿਚ ਰਿਲੀਜ਼ ਡੇਟ ਦਾ ਐਲਾਨ ਨਹੀਂ ਕੀਤਾ ਗਿਆ ਹੈ। ਮਲਟੀਪਲੈਕਸ ਚੇਨ ਦੇ ਇਕ ਅਧਿਕਾਰੀ ਨੇ ਕਿਹਾ, 'ਸਾਨੂੰ ਫ਼ਿਲਮ ਦੇ ਡਿਸਟ੍ਰੀਬਿਊਟਰਾਂ ਵੱਲੋਂ ਸੂਚਿਤ ਕੀਤਾ ਗਿਆ ਸੀ ਕਿ ਫ਼ਿਲਮ ਦੀ ਰਿਲੀਜ਼ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ।' ਸਾਡੇ ਨਾਲ ਕੋਈ ਹੋਰ ਤਾਰੀਖ਼ ਸਾਂਝੀ ਨਹੀਂ ਕੀਤੀ ਗਈ ਹੈ। ਜ਼ੀ ਸਟੂਡੀਓਜ਼ ਨੇ ਦ ਲੀਜੈਂਡ ਆਫ਼ ਮੌਲਾ ਜੱਟ ਦੇ ਅਧਿਕਾਰ ਹਾਸਲ ਕਰ ਲਏ ਸਨ ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਇਹ ਫ਼ਿਲਮ ਵਧੀਆ ਪ੍ਰਦਰਸ਼ਨ ਕਰੇਗੀ, ਪਰ ਕੁਝ ਸਿਆਸੀ ਵਰਗਾਂ ਦੇ ਵਿਰੋਧ ਕਾਰਨ ਫ਼ਿਲਮ ਨੂੰ ਰਿਲੀਜ਼ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।' ਤੁਹਾਨੂੰ ਦੱਸ ਦੇਈਏ ਕਿ ਕਈ ਮਹਾਰਾਸ਼ਟਰ ਨਵਨਿਰਮਾਣ ਸੈਨਾ ਨੇ ਪਾਕਿਸਤਾਨੀ ਫ਼ਿਲਮ 'ਦ ਲੀਜੈਂਡ ਆਫ



ਮੌਲਾ ਜੱਟ' ਨੂੰ ਭਾਰਤ ਵਿਚ ਰਿਲੀਜ਼ ਕਰਨ 'ਤੇ ਆਪਣਾ ਵਿਰੋਧ ਜਤਾਇਆ ਹੈ। ਇਸ ਦੇ ਨਾਲ ਹੀ ਥੀਏਟਰ ਮਾਲਕਾਂ ਨੂੰ ਵੀ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਇਸ ਪਾਕਿਸਤਾਨੀ ਫ਼ਿਲਮ ਨੂੰ ਆਪਣੇ ਦੇਸ਼ ਵਿੱਚ ਰਿਲੀਜ਼ ਨਾ ਕਰਨ, ਨਹੀਂ ਤਾਂ ਖ਼ਤਰਨਾਕ ਸਿੱਟੇ ਨਿਕਲਣਗੇ। ਜ਼ਿਕਰਯੋਗ ਹੈ ਕਿ ਪਿਛਲੇ 10 ਸਾਲਾਂ 'ਚ ਕੋਈ ਵੀ ਪਾਕਿਸਤਾਨੀ ਫ਼ਿਲਮ ਭਾਰਤ ਦੇ ਸਿਨੇਮਾ-ਘਰਾਂ ਵਿਚ ਰਿਲੀਜ਼ ਨਹੀਂ ਹੋਈ ਹੈ। ਕੁਝ ਰਿਪੋਰਟਾਂ ਮੁਤਾਬਕ ਸੈਂਸਰ ਬੋਰਡ ਨੇ ਫ਼ਿਲਮ ਨੂੰ ਦਿੱਤੀ ਇਜਾਜ਼ਤ ਵਾਪਸ ਲੈ ਲਈ ਸੀ।

**ਮੌਲਾ ਜੱਟ ਕੌਣ ਸੀ**

ਮੌਲਾ ਜੱਟ ਪਾਕਿਸਤਾਨੀ ਉਰਦੂ ਸ਼ਾਇਰ, ਕਹਾਣੀਕਾਰ ਅਤੇ ਪੱਤਰਕਾਰ ਅਹਿਮਦ ਨਦੀਮ

(ਬਾਕੀ ਸਫ਼ਾ 30 'ਤੇ)




# ਸਿੱਧੂ ਮੂਸੇਵਾਲਾ ਦੀ ਤਸਵੀਰ ਵਾਲੇ ਪਤੰਗਾਂ ਦੀ ਆਈ ਬਹਾਰ

## ਬਸੰਤ ਪੰਚਮੀ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਪਤੰਗ ਉਡਾ ਕੇ ਗਭਰੂ ਮੰਗਣਗੇ ਇਨਸਾਫ਼

ਮਾਨਸਾ-ਐਤਕੀਂ ਬਸੰਤ ਪੰਚਮੀ ਤੋਂ ਮਹੀਨਾ ਪਹਿਲਾਂ ਹੀ ਪਤੰਗ ਵਿਕਣੇ ਸ਼ੁਰੂ ਹੋ ਗਏ ਹਨ । ਜ਼ਿਕਰਯੋਗ ਗੱਲ ਇਹ ਹੈ ਕਿ 80 ਪ੍ਰਤੀਸ਼ਤ ਉਹ ਪਤੰਗ ਵਿਕ ਰਹੇ ਹਨ, ਜਿਨ੍ਹਾਂ 'ਤੇ ਗਾਇਕ ਸਿੱਧੂ ਮੂਸੇਵਾਲਾ ਦੀ ਤਸਵੀਰ ਛਪੀ ਹੋਈ ਹੈ ।।ਪੂਰੇ ਪੰਜਾਬ 'ਚ ਮੂਸੇਵਾਲਾ ਦੀ ਤਸਵੀਰ ਵਾਲੇ ਪਤੰਗ ਵਿਕਣ ਦੀ ਸੂਚਨਾ ਹੈ ਅਤੇ ਇਕੱਲੇ ਮਾਨਸਾ ਸ਼ਹਿਰ ਵਿਚ ਹੀ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਮਰਹੂਮ ਗਾਇਕ ਦੀ ਤਸਵੀਰ ਵਾਲੇ ਪਤੰਗ ਖ਼ਰੀਦੇ ਜਾ ਰਹੇ ਹਨ । ਦੁਕਾਨਦਾਰਾਂ ਦਾ ਦੱਸਣਾ ਹੈ ਕਿ ਬੱਚੇ ਤੋਂ ਲੈ ਕੇ ਨੌਜਵਾਨਾਂ ਦੀ ਪਹਿਲੀ ਮੰਗ ਹੁੰਦੀ ਹੈ ਕਿ ਮੂਸੇਵਾਲਾ ਦੀ ਤਸਵੀਰ ਵਾਲਾ ਪਤੰਗ ਹੀ ਦਿੱਤਾ ਜਾਵੇ । ਦੁਕਾਨਦਾਰ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਦੁਕਾਨ ਤੋਂ ਰੋਜ਼ਾਨਾ 1500 ਤੋਂ 2000 ਦੇ ਕਰੀਬ ਮੂਸੇਵਾਲਾ ਦੀਆਂ ਤਸਵੀਰਾਂ ਵਾਲੇ ਪਤੰਗ ਵਿਕਦੇ ਹਨ । ਪਤੰਗਾਂ ਤੋਂ ਪਹਿਲਾਂ ਬਾਜ਼ਾਰਾਂ 'ਚ ਗਾਇਕ ਦੀਆਂ ਤਸਵੀਰਾਂ ਵਾਲੀਆਂ ਟੀ-ਸ਼ਰਟਾਂ, ਬੈਨਰ, ਝੰਡੇ,



ਛੱਲੇ, ਪੋਸਟਰ ਆਦਿ ਵੱਡੀ ਗਿਣਤੀ 'ਵਿਚ ਵਿਕੇ ਹਨ ਜਦਕਿ ਵੱਡੀ ਗਿਣਤੀ ਵਿਚ ਦੋ ਪਹੀਆ ਵਾਹਨਾਂ ਤੋਂ ਲੈ ਕੇ ਕਾਰਾਂ, ਜੀਪਾਂ ਦੇ ਨਾਲ ਹੀ ਟਰੱਕਾਂ ਆਦਿ 'ਤੇ ਗਾਇਕ ਦੀ ਫੋਟੋ ਵਾਲੇ ਪੋਸਟਰ ਲੱਗੇ ਆਮ ਨਜ਼ਰੀਂ ਪੈਂਦੇ ਹਨ।

ਪਤੰਗ ਖ਼ਰੀਦਣ ਵਾਲੇ ਨੌਜਵਾਨਾਂ ਦਾ ਕਹਿਣਾ ਹੈ ਕਿ ਆਪਣੇ ਮਹਿਬੂਬ ਗਾਇਕ, ਜਿਸ ਨੇ ਮਾਨਸਾ ਜ਼ਿਲ੍ਹੇ ਦਾ ਨਾਂ ਦੁਨੀਆ ਭਰ ਵਿਚ ਪ੍ਰਸਿੱਧ ਕੀਤਾ ਹੈ, ਨੂੰ ਪਤੰਗ ਉਡਾ ਕੇ ਸ਼ਰਧਾਂਜਲੀ ਭੇਟ ਕਰਨਗੇ ਅਤੇ ਉਨ੍ਹਾਂ ਦਾ ਦਾਅਵਾ ਹੈ ਕਿ 26 ਜਨਵਰੀ ਨੂੰ ਬਸੰਤ ਪੰਚਮੀ ਵਾਲੇ ਦਿਨ ਇਕੱਲੇ ਪੰਜਾਬ ਹੀ ਨਹੀਂ ਬਲਕਿ ਭਾਰਤ ਦੇ ਨਾਲ ਹੋਰ ਦੇਸਾਂ ਵਿਚ ਵਸਦੇ ਗਾਇਕ ਮੂਸੇਵਾਲਾ ਦੇ ਪ੍ਰਸੰਸਕ ਲੱਖਾਂ ਦੀ ਗਿਣਤੀ ਵਿਚ ਪਤੰਗ ਉਡਾ ਕੇ ਮੰਗ ਕਰਨਗੇ ਕਿ ਮੂਸੇਵਾਲਾ ਪਰਿਵਾਰ ਨੂੰ ਪੂਰਨ ਇਨਸਾਫ਼ ਦਿੱਤਾ ਜਾਵੇ।

## ਪਹਿਲੀ ਸਿੱਖ ਬੀਬੀ ਅਮਰੀਕਾ ਵਿਚ ਜੱਜ ਬਣੀ

ਹੋਏ ਦੇਖਣਾ ਮੇਰੇ ਲਈ ਇਕ ਵੱਡੀ ਗੱਲ ਸੀ। ਇਸ ਲਈ ਮੈਂ ਜ਼ਿਆਦਾਤਰ ਸਿੱਖ ਪਰਿਵਾਰਾਂ ਦੇ ਬੱਚਿਆਂ ਵਾਂਗ ਇੰਜੀਨੀਅਰਿੰਗ ਜਾਂ ਡਾਕਟਰੀ ਦਾ ਪਿੱਛਾ ਕਰਨ ਦੀ ਬਜਾਏ ਵਕੀਲ ਬਣਨ ਦਾ ਬਦਲ ਚੁਣਿਆ। ਦੋ ਵਾਰ ਇਕ ਬ੍ਰਾਊਨ ਲੇਡੀ ਦੇ ਰੂਪ ਵਿਚ ਉਨ੍ਹਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਉਹ ਕਹਿੰਦੀ ਹੈ ਕਿ ਜਦੋਂ ਮੈਂ ਸ਼ੁਰੂਆਤ ਕੀਤੀ ਤਾਂ ਹਿਊਸਟਨ ਵਿਚ ਕਾਨੂੰਨ ਦਾ ਕਿੱਤਾ ਗੋਰੇ ਲੋਕ ਕਰਦੇ ਸਨ। ਬਹੁਤੇ ਲੋਕਾਂ ਨੂੰ ਮੇਰਾ ਨਾਮ ਉਚਾਰਨ ਵਿਚ ਵੀ ਮੁਸ਼ਕਿਲ ਆਉਂਦੀ ਸੀ। ਉਹ ਮੈਨੂੰ ਮਨ-ਪ੍ਰੀਤ ਕਹਿੰਦੇ ਸਨ ਅਤੇ ਮੈਨੂੰ ਪੁੱਛਿਆ ਕਿ ਮੈਨੂੰ ਪੁੱਛਦੇ ਸੀ ਕਿ ਮੈਂ ਕਿੱਥੋਂ ਹਾਂ ਅਤੇ ਮੇਰੇ ਨਾਮ ਦਾ ਕੀ ਮਤਲਬ ਹੈ।

***

## ਪੰਜਾਬ 'ਚ ਦਿੱਲੀ ਕਿਸਾਨ ਮੋਰਚੇ

ਧਰਨੇ ਦਿੱਤੇ ਹੋਏ ਹਨ ਅਤੇ ਟੋਲ ਮੁਕਤ ਕੀਤੇ ਹੋਏ ਹਨ। ਕਈ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਵੀ ਧਰਨੇ ਦਿੱਤੇ ਹੋਏ ਹਨ।

**ਸੰਘਰਸ਼ ਹੋਰ ਤਿੱਖਾ ਕਰਨ ਦਾ ਫ਼ੈਸਲਾ**

ਮਾਲਬਰੋਜ਼ ਸ਼ਰਾਬ ਫ਼ੈਕਟਰੀ ਨੂੰ ਬੰਦ ਕਰਵਾਉਣ ਲਈ ਸਾਂਝਾ ਮੋਰਚਾ ਜ਼ੀਰਾ ਨੇ ਸੰਘਰਸ਼ ਹੋਰ ਤਿੱਖਾ ਕਰਨ ਦਾ ਫ਼ੈਸਲਾ ਕੀਤਾ ਹੈ। ਆਗੂਆਂ ਨੇ ਆਖਿਆ ਕਿ ਉਹ ਪਿਛਲੇ ਸਾਢੇ ਪੰਜ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਨ, ਪਰ ਪੰਜਾਬ ਸਰਕਾਰ ਇਸ ਫ਼ੈਕਟਰੀ ਨੂੰ ਬੰਦ ਕਰਨ ਦੇ ਰੌਂਅ ਵਿੱਚ ਨਜ਼ਰ ਨਹੀਂ ਆ ਰਹੀ। ਹੁਣ ਕਿਸਾਨਾਂ ਨੇ ਹਰ ਜ਼ਿਲ੍ਹੇ ਵਿੱਚ ਪੰਜਾਬ ਸਰਕਾਰ ਦੇ ਪੁਤਲੇ ਫ਼ੂਕਣ ਦੀ ਕਾਰਵਾਈ ਸ਼ੁਰੂ ਕਰ ਦਿਤੀ ਹੈ। ਬੀਤੇ ਦਿਨੀਂ ਕਿਸਾਨ ਜਥੇਬੰਦੀਆਂ ਨੇ ਸੂਬੇ ਦੇ 6 ਜ਼ਿਲ੍ਹਿਆਂ ਦੇ 7 ਜ਼ਿਲ੍ਹਾ ਹੈੱਡਕੁਆਰਟਰਾਂ ਸਮੇਤ 18 ਜ਼ਿਲ੍ਹਿਆਂ ਦੇ 800 ਤੋਂ ਵੱਧ ਪਿੰਡਾਂ ਵਿੱਚ ਪੰਜਾਬ ਸਰਕਾਰ ਦੇ ਪੁਤਲੇ ਫ਼ੂਕੇ ਹਨ। ਭਾਕਿਯੂ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸਰਕਾਰ ਨੂੰ ਤੁਰੰਤ ਪ੍ਰਭਾਵ ਨਾਲ ਫੈਕਟਰੀ ਬੰਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵੀ ਸਾਬਕਾ ਅਕਾਲੀ ਅਤੇ ਕਾਂਗਰਸ ਸਰਕਾਰਾਂ ਦੇ ਰਾਹ 'ਤੇ ਚੱਲ ਰਹੀ ਹੈ। ਸਰਕਾਰ ਬਣਨ ਤੋਂ ਪਹਿਲਾਂ ਭਗਵੰਤ ਮਾਨ ਕਹਿੰਦੇ ਸਨ ਕਿ ਜਿਸ ਦਿਨ ਤੋਂ ਉਨ੍ਹਾਂ ਦੀ ਸਰਕਾਰ ਬਣ ਗਈ ਹੈ, ਉਸ ਦਿਨ ਤੋਂ ਬਾਅਦ ਕਿਤੇ ਵੀ ਧਰਨਾ ਨਹੀਂ ਦਿੱਤਾ ਜਾਵੇਗਾ। ਪਰ ਕਿਸਾਨ ਸੰਘਣੀ ਧੁੰਦ ਵਿਚ ਧਰਨੇ ਦੇ ਰਹੇ ਤੇ ਰਾਤਾਂ ਕਟ ਰਹੇ ਹਨ। ਸਰਕਾਰ ਤਮਾਸ਼ਾ ਦੇਖ ਰਹੀ ਹੈ। ਕਿਸਾਨ ਆਗੂਆਂ ਵੱਲੋਂ ਪਿਛਲੇ ਦਿਨੀਂ ਜੇਲ੍ਹ ਤੋਂ ਰਿਹਾਅ ਹੋ ਕੇ ਆਏ ਆਪਣੇ 44 ਸਾਥੀਆਂ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਅਦਾਲਤ ਵਿੱਚ ਪੇਸ਼ੀ ਭੁਗਤਣ ਲਈ ਨਾ ਜਾਣ। ਆਗੂਆਂ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਫ਼ੈਕਟਰੀ ਦੇ ਦੋ ਨੰਬਰ ਗੇਟ ਤੋਂ ਅੰਦਰ ਜਾਣ 'ਤੇ ਪਾਬੰਦੀ ਲਗਾਈ ਗਈ ਸੀ, ਪਰ ਕਿਸਾਨਾਂ ਨੇ ਫ਼ੈਕਟਰੀ ਦੇ ਨੌਂ ਕਮਰਚਾਰੀਆਂ ਨੂੰ ਇਸ ਗੇਟ ਰਾਹੀਂ ਅੰਦਰ ਜਾਣ ਦੀ ਕੋਸ਼ਿਸ਼ ਕਰਦਿਆਂ ਫੜਿਆ ਹੈ। ਆਗੂਆਂ ਨੇ ਦੋਸ਼ ਲਾਇਆ ਕਿ ਉਕਤ ਮੁਲਾਜ਼ਮਾਂ ਨੂੰ ਫ਼ੈਕਟਰੀ ਦੇ ਪ੍ਰਬੰਧਕਾਂ ਵੱਲੋਂ ਸਬੂਤ ਨਸ਼ਟ ਕਰਨ ਲਈ ਭੇਜਿਆ ਗਿਆ ਸੀ, ਜਦੋਂ ਕਿਸਾਨਾਂ ਨੇ ਉਨ੍ਹਾਂ ਨੂੰ ਰੋਕਿਆ ਤਾਂ ਉਨ੍ਹਾਂ ਕਿਸਾਨਾਂ 'ਤੇ ਗੱਡੀ ਚੜ੍ਹਾਉਣ ਦੀ ਵੀ ਕੋਸ਼ਿਸ਼ ਕੀਤੀ। ਮੋਰਚੇ ਵੱਲੋਂ ਮੰਗ ਕੀਤੀ ਗਈ ਹੈ ਕਿ ਉਕਤ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਪੁਲਿਸ ਦਾ ਕਹਿਣਾ ਹੈ ਕਿ ਕਿਸੇ ਵੱਲੋਂ ਅੰਦਰ ਜਾਣਾ ਜੁਰਮ ਨਹੀਂ ਹੈ। ਇਸ ਸਬੰਧੀ ਏਡੀਸੀ ਸਾਗਰ ਸੇਤੀਆ ਨੇ ਦੱਸਿਆ ਕਿ ਸ਼ਰਾਬ ਫ਼ੈਕਟਰੀ ਦੀ ਜਾਂਚ ਲਈ ਬਣਾਈਆਂ ਕਮੇਟੀਆਂ ਵੱਲੋਂ ਫ਼ੈਕਟਰੀ ਅੰਦਰੋਂ ਤੇ ਇਲਾਕੇ ਵਿੱਚੋਂ ਵੱਖ-ਵੱਖ ਥਾਵਾਂ ਤੋਂ ਮਿੱਟੀ ਦੇ ਸੈਂਪਲ ਭਰੇ ਗਏ।

ਇਸ ਤੋਂ ਬਿਨਾਂ ਪਸ਼ੂ ਧਨ ਦੀ ਜਾਂਚ ਲਈ 30 ਪਸ਼ੂਆਂ ਦੇ ਖ਼ੂਨ ਤੇ ਮਲ-ਮੂਤਰ ਦੇ ਨਮੂਨੇ, ਚਾਰੇ ਦੇ ਨੌਂ ਸੈਂਪਲ ਤੇ ਫ਼ੀਡ ਦੇ 4 ਸੈਂਪਲ ਲਏ ਗਏ ਹਨ। ਪਾਣੀ ਦੇ ਨਮੂਨੇ ਵੀ ਇਕੱਠੇ ਕੀਤੇ ਗਏ ਹਨ।

ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਫ਼ਤਿਹ ਸਿੰਘ ਕੋਟ ਕਰੋੜ, ਸੂਬਾ ਪ੍ਰੈੱਸ ਸਕੱਤਰ ਮੰਗਲ ਸਿੰਘ ਸੰਧੂ ਤੇ ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਝਾਮਕਾ ਨੇ ਕਿਹਾ ਕਿ ਇਲਾਕੇ ਦੇ ਲੋਕ ਗੰਭੀਰ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ, ਪਰ ਸਰਕਾਰ ਆਮ ਲੋਕਾਂ ਦਾ ਸਾਥ ਦੇਣ ਦੀ ਥਾਂ ਕਾਰਪੋਰੇਟ ਘਰਾਣਿਆਂ ਦੇ ਪੱਖ ਵਿੱਚ ਭੁਗਤ ਰਹੀ ਹੈ, ਪਰ ਇਹ ਸਭ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਜਿੰਨਾ ਚਿਰ ਫੈਕਟਰੀ ਪੱਕੇ ਤੌਰ 'ਤੇ ਬੰਦ ਨਹੀਂ ਹੋ ਜਾਂਦੀ ਭਾਰਤੀ ਕਿਸਾਨ ਯੂਨੀਅਨ ਖੋਸਾ ਮੋਰਚੇ 'ਤੇ ਡਟੀ ਰਹੇਗੀ। ਮੋਰਚੇ ਵਿਚ ਸ਼ਾਮਲ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਸਰਕਾਰ ਨੂੰ ਫੈਕਟਰੀ ਬੰਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਈ ਥਾਈਂ ਅਜਿਹੀਆਂ ਫੈਕਟਰੀਆਂ ਜ਼ਹਿਰੀਲੇ ਰਸਾਇਣ ਪੈਦਾ ਕਰ ਰਹੀਆਂ ਹਨ ਜਿਸ ਕਾਰਨ ਨੇੜਲੇ ਇਲਾਕਿਆਂ ਦੇ ਰਹਿੰਦੇ ਲੋਕ ਗੰਭੀਰ ਬਿਮਾਰੀਆਂ ਤੋਂ ਪੀੜਤ ਹੋ ਰਹੇ ਹਨ। ਮਾਨ ਨੇ ਕਿਹਾ ਕਿ ਉਹ ਅਗਲੇ ਲੋਕ ਸਭਾ ਸੈਸ਼ਨ ਵਿਚ ਇਸ ਫੈਕਟਰੀ ਦਾ ਮੁੱਦਾ ਚੁੱਕਣ ਦੀ ਕੋਸ਼ਿਸ਼ ਕਰਨਗੇ।

***

## ਲਤੀਫਪੁਰਾ ਮੋਰਚਾ ਮੱਘਿਆ

ਤਾਂ ਵੀ ਪ੍ਰਸ਼ਾਸਨ ਨੂੰ ਨਾ ਤਾਂ ਬੱਚਿਆਂ ਉੱਤੇ ਤਰਸ ਆ ਰਿਹਾ ਹੈ ਤੇ ਨਾ ਹੀ ਬਜ਼ੁਰਗਾਂ ਉੱਤੇ। ਛੋਟੇ ਬੱਚਿਆਂ ਨੂੰ ਮਾਵਾਂ ਤੰਬੂਆਂ ਵਿੱਚ ਲੈ ਕੇ ਸੌਂਦੀਆਂ ਹਨ। ਲਤੀਫਪੁਰਾ ਵਿੱਚ ਹੀ ਰਹਿੰਦੀ ਰਾਜਵਿੰਦਰ ਕੌਰ ਨੇ ਦੱਸਿਆ ਕਿ ਉਸ ਨੇ ਆਪਣਾ ਘਰ ਬਹੁਤ ਮਿਹਨਤ ਨਾਲ ਕੰਮ ਕਰ ਕੇ ਬਣਾਇਆ ਸੀ। ਜਦੋਂ ਘਰਾਂ ਦੀਆਂ ਕੰਧਾਂ ਛੱਤਾਂ ਤੱਕ ਪਹੁੰਚੀਆਂ ਤਾਂ ਕਰਜ਼ਾ ਚੁੱਕਣਾ ਪੈ ਗਿਆ ਸੀ। ਹੁਣ ਜਦੋਂ ਉਹ ਆਪਣੇ ਘਰ ਦੇ ਮਲਬੇ ਨੂੰ ਦੇਖਦੀ ਹੈ ਤਾਂ ਉਸ ਦਾ ਰੋਣਾ ਨਿਕਲ ਜਾਂਦਾ ਹੈ। ਘਰ ਦੀਆਂ ਕਿਸ਼ਤਾਂ ਤਾਂ ਮੋੜ ਸਕਦੇ ਹਾਂ ਹੁਣ ਇਸ ਮਲਬੇ ਦੀਆਂ ਕਿਸ਼ਤਾਂ ਕਿਵੇਂ ਮੋੜੀਏ? ਪੀੜਤ ਮਨਜੀਤ ਕੌਰ ਨੇ ਦੱਸਿਆ ਕਿ ਠੰਢ ਇੰਨੀ ਜ਼ਿਆਦਾ ਵੱਧ ਗਈ ਹੈ ਕਿ ਖੁੱਲ੍ਹੇ ਆਸਮਾਨ ਹੇਠ ਬੈਠਣਾ ਬੜਾ ਔਖਾ ਹੋ ਰਿਹਾ ਹੈ। ਗਠੀਏ ਦੀ ਮਰੀਜ਼ ਮਨਜੀਤ ਕੌਰ ਦਾ ਕਹਿਣਾ ਹੈ ਕਿ ਠੰਢ 'ਚ ਹੱਥਾਂ ਦੀਆਂ ਉਂਗਲਾ ਸੁੱਜ ਜਾਂਦੀਆਂ ਹਨ। ਜਿਸ ਕਾਰਨ ਕੰਮ ਕਰਨ ਬਹੁਤ ਮਸ਼ਕਿਲਾਂ ਹੁੰਦੀਆਂ ਹਨ। ਉਸ ਦੀਆਂ ਅੱਖਾਂ ਦਾ ਅਪਰੇਸ਼ਨ ਘਰਾਂ ਨੂੰ ਢਾਹੁਣ ਤੋਂ ਪਹਿਲਾਂ ਹੋਇਆ ਸੀ। ਅਪਰੇਸ਼ਨ ਕਾਰਨ ਉਹ ਪਹਿਲਾਂ ਹੀ ਕੰਮਕਾਰ ਤੋਂ ਵਿਹਲੇ ਸੀ। ਉਸ ਨੇ ਦੱਸਿਆ ਕਿ ਮਕਾਨ ਢਾਹੁਣ ਵਾਲਿਆਂ ਨੇ ਘਰ ਦੀਆਂ ਪਾਣੀ ਵਾਲੀਆਂ ਟੂਟੀਆਂ ਵੀ ਪੁੱਟ ਦਿੱਤੀਆਂ ਹਨ। ਇੱਥੇ ਔਰਤਾਂ ਨੂੰ ਸਭ ਤੋਂ ਵੱਡੀ ਸਮਸਿਆ ਬਾਥਰੂਮਾਂ ਦੀ ਆ ਰਹੀ ਹੈ। ਨਗਰ ਸੁਧਾਰ ਟਰੱਸਟ ਜਾਂ ਨਗਰ ਨਿਗਮ ਨੇ ਬਾਥਰੂਮਾਂ ਦਾ ਕੋਈ ਆਰਜ਼ੀ ਪ੍ਰਬੰਧ ਵੀ ਨਹੀਂ ਕੀਤਾ ਹੋਇਆ। ਮਨਜੀਤ ਕੌਰ ਦਾ ਕਹਿਣਾ ਹੈ ਕਿ ਉਸ ਦੀ ਤੀਹ ਸਾਲ ਦੀ ਧੀ ਵਿਆਹੁਣ ਵਾਲੀ ਹੈ। ਹੁਣ ਜਦੋਂ ਘਰ ਹੀ ਨਹੀਂ ਰਿਹਾ ਤਾਂ ਧੀ ਦੇ ਸ਼ਗਨ ਕਿੱਥੇ ਮਨਾਵਾਂਗੇ। ਉਸ ਦਾ ਪੁੱਤਰ ਬਿਮਾਰ ਰਹਿੰਦਾ ਹੈ। ਹੁਣ ਤਾਂ ਸਿਰਫ ਇਸ ਸੰਘਰਸ਼ 'ਤੇ ਹੀ ਉਨ੍ਹਾਂ ਦੀ ਟੇਕ ਹੈ।

ਲਤੀਫਪੁਰਾ ਦੇ ਲੋਕਾਂ ਨੂੰ ਉਜਾੜਨ ਦਾ ਮਾਮਲਾ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਵਿਚ ਆਉਣ ਤੋਂ ਬਾਅਦ ਜਲੰਧਰ ਇੰਪਰੂਵਮੈਂਟ ਟਰੱਸਟ ਨੇ ਹੁਣ ਪੀੜਤਾਂ ਨੂੰ ਵਸਾਉਣ ਦੀ ਤਿਆਰੀ ਕਰ ਲਈ ਹੈ। ਚਾਹੇ ਇਸ ਤੋਂ ਪਹਿਲਾਂ ਫਲੈਟ ਦੇਣ ਦੀ ਪੇਸ਼ਕਸ਼ ਨੂੰ ਵੀ ਇਲਾਕਾ ਵਾਸੀ ਲੈਣ ਤੋਂ ਨਾਂਹ ਕਰ ਚੁੱਕੇ ਹਨ ਪਰ ਹੁਣ ਟਰੱਸਟ ਨੇ ਪੀੜਤਾਂ ਨੂੰ ਵਸਾਉਣ ਲਈ 7 ਦਿਨਾਂ ਵਿਚ ਦਰਖਾਸਤਾਂ ਦੇਣ ਦੀ ਮੰਗ ਕੀਤੀ ਹੈ। ਇਸ ਬਾਰੇ ਟਰੱਸਟ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਨੇ ਦੱਸਿਆ ਕਿ ਟਰੱਸਟ ਵਲੋਂ ਇਸ ਸਕੀਮ ਦਾ ਲਾਭ ਲੈਣ ਲਈ ਉਮੀਦਵਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੀਆਂ ਦਰਖਾਸਤਾਂ ਸਮੇਤ ਸਬੂਤ, ਵੋਟਰ ਕਾਰਡ, ਆਧਾਰ ਕਾਰਡ ਜੋ ਕੋਈ ਹੋਰ ਸ਼ਨਾਖ਼ਤੀ ਕਾਰਡ ਆਦਿ ਦੀਆਂ ਕਾਪੀਆਂ ਲਗਾ ਕੇ ਇਹ ਦਸਤਾਵੇਜ਼ ਜਲੰਧਰ ਇੰਪਰੂਵਮੈਂਟ ਟਰੱਸਟ ਜਾਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਖੇ 7 ਦਿਨਾਂ ਦੇ ਅੰਦਰ ਜਮਾਂ ਕਰਵਾ ਸਕਦੇ ਹਨ। ਸ. ਸੰਘੇੜਾ ਨੇ ਦੱਸਿਆ ਕਿ ਲਤੀਫਪੁਰਾ ਵਿਚ ਕਾਰਵਾਈ ਕਰਨ ਤੋਂ ਪਹਿਲਾਂ ਕਾਬਜ਼ਕਾਰਾਂ ਨੂੰ ਆਪ ਕਬਜ਼ੇ ਖ਼ਾਲੀ ਕਰਨ ਲਈ 10 ਦਿਨ ਦਾ ਸਮਾਂ ਦਿੱਤਾ ਗਿਆ ਸੀ। ਟਰੱਸਟ ਦਾ ਕਹਿਣਾ ਸੀ ਕਿ ਜਲੰਧਰ ਇੰਪਰੂਵਮੈਂਟ ਟਰੱਸਟ ਵਲੋਂ ਹਾਈਕੋਰਟ ਦੇ ਹੁਕਮ 16 ਅਗਸਤ 2012 ਨੂੰ ਲਾਗੂ ਕਰਨ ਹਿਤ ਹਾਈਕੋਰਟ ਦੇ ਤਤਕਾਲੀ ਹੁਕਮਾਂ ਅਧੀਨ 9 ਦਸੰਬਰ 2022 ਤੇ 10 ਦਸੰਬਰ 2022 ਨੂੰ ਭਾਰੀ ਪੁਲਿਸ ਫੋਰਸ ਨਾਲ ਨਾਜਾਇਜ਼ ਕਬਜ਼ਿਆਂ ਨੂੰ ਹਟਾਇਆ ਗਿਆ ਸੀ।

## ਕੋਚ ਬੀਬੀ ਨੇ ਥਾਣੇ 'ਚ ਦਰਜ

ਉਸ ਨੇ ਮੰਤਰੀ ਨੂੰ ਧੱਕਾ ਦੇ ਕੇ ਆਪਣੇ ਆਪ ਨੂੰ ਬਚਾਇਆ ਅਤੇ ਭੱਜ ਕੇ ਘਰ ਵਿਚੋਂ ਬਾਹਰ ਆ ਗਈ। ਕੋਚ ਨੇ ਕਿਹਾ ਕਿ ਸੰਦੀਪ ਸਿੰਘ ਨੇ ਉਨ੍ਹਾਂ ਨੂੰ ਕਿਹਾ, 'ਤੂੰ ਮੈਨੂੰ ਖ਼ੁਸ਼ ਰੱਖ, ਮੈਂ ਤੈਨੂੰ ਖ਼ੁਸ਼ ਰੱਖਾਂਗਾ। ਖਿਡਾਰਨ ਮੁਤਾਬਕ ਹੁਣ ਉਨ੍ਹਾਂ ਦੀ ਬਦਲੀ ਝੱਜਰ ਵਿੱਚ ਕੀਤੀ ਗਈ, ਜਿੱਥੇ 100 ਮੀਟਰ ਦਾ ਗਰਾਊਂਡ ਵੀ ਨਹੀਂ ਹੈ।ਉਹ 400 ਮੀਟਰ ਦੀ ਕੌਮਾਂਤਰੀ ਅਥਲੀਟ ਹੈ, ਉਹ ਉੱਥੇ ਆਪਣੀ ਖੇਡ ਦਾ ਅਭਿਆਸ ਕਿਵੇਂ ਕਰ ਸਕਦੀ ਹੈ।

ਕੋਚ ਮੁਤਾਬਕ ਉਨ੍ਹਾਂ ਵੱਲੋਂ 7 ਸੈਕਟਰ ਦੀ ਰਿਹਾਇਸ਼ ਦੀ ਘਟਨਾ ਤੋਂ ਬਾਅਦ ਰਾਤ ਨੂੰ ਹੀ ਡੀਜੀਪੀ ਅਤੇ ਮੁੱਖ ਮੰਤਰੀ ਦੇ ਨਿੱਜੀ ਸਕੱਤਰ ਨੂੰ ਵੀ ਕਾਲ ਕੀਤੀ ਗਈ ਪਰ ਕਿਸੇ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ। ਬਲਕਿ ਚੁੱਪ ਰਹਿਣ ਦੀ ਸਲਾਹ ਹੀ ਦਿੱਤੀ। ਕੋਚ ਨੇ ਦੱਸਿਆ ਕਿ ਖੇਡ ਮੰਤਰੀ ਸੰਦੀਪ ਸਿੰਘ ਨੇ ਉਸ ਨਾਲ ਇੰਸਟਾਗ੍ਰਾਮ ਰਾਹੀਂ ਸੰਪਰਕ ਕੀਤਾ ਸੀ। ਖੇਡ ਮੰਤਰੀ ਸੰਦੀਪ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਜੇਕਰ ਤੁਸੀਂ ਮੇਰੀ ਗੱਲ ਮੰਨੋਗੇ ਤਾਂ ਤੁਹਾਨੂੰ ਸਾਰੀਆਂ ਸਹੂਲਤਾਂ ਅਤੇ ਲੋੜੀਂਦੀ ਜਗ੍ਹਾ 'ਤੇ ਤਾਇਨਾਤੀ ਮਿਲੇਗੀ। ਕੋਚ ਨੇ ਦੋਸ਼ ਲਾਇਆ ਕਿ ਜਦੋਂ ਮੈਂ ਮੰਤਰੀ ਸੰਦੀਪ ਸਿੰਘ ਦੀ ਗੱਲ ਨਹੀਂ ਸੁਣੀ ਤਾਂ ਉਸ ਦਾ ਤਬਾਦਲਾ ਕਰ ਦਿੱਤਾ ਗਿਆ ਅਤੇ ਸਿਖਲਾਈ ਬੰਦ ਕਰ ਦਿੱਤੀ ਗਈ। ਉਸ ਨੂੰ ਮਾਨਸਿਕ ਤੌਰ 'ਤੇ ਵੀ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

# ਸਾਹਿਤਕਾਰ ਪ੍ਰੀਮਿੰਦਰ ਸਿੰਘ ਪ੍ਰਵਾਨਾ ਦੀ ਪੁਸਤਕ ਹੋਈ ਲੋਕ ਅਰਪਣ

ਰਾਜਪੁਰਾ : ਏ.ਟੀ.ਨਿਊਜ਼ : ਅਮਰੀਕਾ ਦੇ ਪ੍ਰਸਿੱਧ ਪੰਜਾਬੀ ਸਾਹਿਤਕਾਰ ਪ੍ਰਵਾਨਾ ਦੀ ਪੁਸਤਕ 'ਚੋਣਵੇਂ ਇਤਿਹਾਸਕ ਲੇਖ' ਲੋਕ ਸਾਹਿਤ ਸੰਗਤ ਰਾਜਪੁਰਾ ਦੇ 7ਵੇਂ ਅੰਤਰਰਾਸ਼ਟਰੀ ਸਾਹਿਤਕ ਸਮਾਗਮ ਵਿਚ ਲੋਕ ਅਰਪਣ ਹੋਈ। ਇਹ ਸਮਾਗਮ ਡਾ. ਗੁਰਵਿੰਦਰ ਸਿੰਘ ਅਮਨ ਪ੍ਰਧਾਨ, ਡਾ. ਹਰਜੀਤ ਸਿੰਘ ਸੱਧਰ ਚੇਅਰਮੈਨ, ਸੁਰਿੰਦਰ ਸਿੰਘ ਸੋਹਣਾ ਜਨਰਲ ਸਕੱਤਰ ਦੀ ਅਗਵਾਈ ਹੇਠ ਹੋਇਆ। ਜਨਾਬ ਡਾਕਟਰ ਸੰਜੀਵ ਕੁਮਾਰ ਐਸ.ਡੀ.ਐਮ ਰਾਜਪੁਰਾ ਵਲੋਂ ਸਮਾਗਮ ਦਾ ਆਰੰਭ ਕਰਦਿਆਂ ਕਿਹਾ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਦਾ ਦਿਲੋਂ ਸਤਿਕਾਰ ਕਰਦਾ ਹੈ। ਦੇਸ਼ ਵਿਦੇਸ਼ ਵਿਚ ਜਾ ਵਸੇ ਪੰਜਾਬੀਆਂ ਨੂੰ ਆਪਣੇ ਬੱਚਿਆਂ ਨਾਲ ਘਰਾਂ ਵਿਚ ਪੰਜਾਬੀ ਬੋਲਣੀ ਅਤੇ ਪੰਜਾਬੀ ਸਿਖਾਉਣ ਦਾ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ। ਦੇਸ਼ ਵਿਦੇਸ਼ ਤੋਂ ਪਹੁੰਚੇ ਸਾਹਿਤਕਾਰਾਂ ਵਿਚ ਅਜਾਇਬ ਸਿੰਘ ਚੱਠਾ, ਚੇਅਰਮੈਨ ਪੰਜਾਬੀ ਕਾਨਫਰੰਸ ਕੈਨੇਡਾ, ਪ੍ਰਮਿੰਦਰ ਸਿੰਘ ਪ੍ਰਵਾਨਾ ਸੰਚਾਲਕ ਸਾਂਝਾ ਸੱਭਿਆਚਾਰਕ ਮੰਚ ਅਮਰੀਕਾ, ਹਰਭਜਨ ਸਿੰਘ ਬਰਾੜ ਪ੍ਰਧਾਨ ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਊਂਡੇਸ਼ਨ ਕੈਨੇਡਾ, ਪਵਨ ਹਰਚੰਦ ਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖ ਸਭਾ (ਸੇਖੋਂ), ਅਜੇ ਭਟੇਜਾ ਪ੍ਰਧਾਨ ਰੋਟਰੀ ਕਲੱਬ ਰਾਜਪੁਰਾ। ਸਮਾਗਮ ਦੀ ਸਭ ਤੋਂ ਵੱਡੀ ਪ੍ਰਾਪਤੀ ਰਹੀ ਕਿ ਅੰਤਰਰਾਸ਼ਟਰੀ ਪੱਧਰ ਦੇ 60 ਕੁ ਦੇ ਕਰੀਬ ਸਾਹਿਤਕਾਰਾਂ ਨੇ ਬੜੀ ਸਰਗਰਮੀ ਨਾਲ ਹਿਸਾ ਲਿਆ।




ਵਿਸ਼ਾਲ ਕਵੀ ਦਰਬਾਰ ਸਮਾਗਮ ਦਾ ਵਿਸ਼ੇਸ਼ ਆਕਰਸ਼ਣ ਸੀ, ਸਮਾਗਮ ਨੂੰ ਸਫ਼ਲ ਬਣਾਉਣ ਵਿਚ ਕੁਲਵੰਤ ਸਿੰਘ ਜੱਸਲ, ਅਵਤਾਰ ਪੁਆਰ, ਸ਼ਤਰੂਘਣ ਗੁਪਤਾ, ਸੁਨੀਤਾ ਰਾਣੀ, ਕੁਲਵੰਤ ਸ਼ਰਮਾ, ਕਰਨੈਲ ਸਿੰਘ ਪ੍ਰਵਾਨਾ, ਸੁਰੇਸ਼ ਕੱਕੜ ਅਤੇ ਸੰਗਮ ਦੇ ਸਮੂਹ ਮੈਂਬਰਾਂ ਦਾ ਭਰਪੂਰ ਯੋਗਦਾਨ ਰਿਹਾ। ਨਾਮਵਰ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਮੰਚ ਸੰਚਾਲਣ ਬਲਦੇਵ ਸਿੰਘ ਖ਼ੁਰਾਣਾ ਵਲੋਂ ਬਾਖ਼ੂਬੀ ਨਿਭਾਇਆ ਗਿਆ। ਪ੍ਰਧਾਨਗੀ ਅਤੇ ਧੰਨਵਾਦੀ ਸ਼ਬਦਾਂ ਵਿਚ ਅਜਾਇਬ ਸਿੰਘ ਚੱਠਾ ਨੇ ਕਿਹਾ ਕਿ ਦੇਸ਼ ਵਿਦੇਸ਼ ਤੋਂ ਆਏ ਸਾਹਿਤਕਾਰਾਂ ਦੇ ਉਦਮ ਦੀ ਸ਼ਲਾਘਾ ਕੀਤੀ ਜਾਂਦੀ ਹੈ। ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਜਿਹੇ ਸਮਾਗਮ ਹੋਣੇ ਜ਼ਰੂਰੀ ਹਨ। ਪ੍ਰਬੰਧਕਾਂ ਵਲੋਂ ਯਤਨ ਜਾਰੀ ਰੱਖਣੇ ਚਾਹੀਦੇ ਹਨ। ਸਮਾਗਮ ਵਿਚ ਹਿੱਸਾ ਲੈਣ ਵਾਲੇ ਸਭਨਾਂ ਦਾ ਧੰਨਵਾਦ ਹੈ।

# ਗੁਰਮੀਤ ਸਿੰਘ ਪਲਾਹੀ ਦੀ ਕਿਤਾਬ 'ਪੰਜਾਬ ਡਾਇਰੀ-2022' ਲੋਕ ਅਰਪਣ

ਫਗਵਾੜਾ/ਏ.ਟੀ.ਨਿਊਜ਼ :- ਗੁਰਮੀਤ ਸਿੰਘ ਪਲਾਹੀ ਦੀ ਨਵੀਂ ਛਪੀ ਕਿਤਾਬ 'ਪੰਜਾਬ ਡਾਇਰੀ-2022' ਇੱਕ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਲੋਕ ਅਰਪਣ ਕੀਤੀ ਗਈ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ ਦੇ ਪ੍ਰਧਾਨ ਪ੍ਰੋ. ਜਸਵੰਤ ਸਿੰਘ ਗੰਡਮ ਨੇ ਕੀਤੀ।

ਇਸ ਮੌਕੇ ਬੋਲਦਿਆਂ ਪ੍ਰੋ. ਜਸਵੰਤ ਸਿੰਘ ਗੰਡਮ ਨੇ ਕਿਹਾ ਕਿ ਗੁਰਮੀਤ ਸਿੰਘ ਪਲਾਹੀ ਇੱਕ ਬਹੁ-ਵਿਧਾਈ ਲੇਖਕ ਹੈ, ਜਿਸਨੇ ਚਲੰਤ ਮਾਮਲਿਆਂ ਅਤੇ ਸਿਆਸੀ ਟਿੱਪਣੀਆਂ ਤੋਂ ਇਲਾਵਾ ਤਿੰਨ ਕਹਾਣੀ ਸੰਗ੍ਰਹਿ, ਇੱਕ ਕਾਵਿ ਸੰਗ੍ਰਹਿ, ਦੋ ਲੇਖ ਸੰਗ੍ਰਹਿ, 'ਪੰਜਾਬ ਡਾਇਰੀ-2022' ਪੁਸਤਕ ਸਮੇਤ ਦੋ ਪੰਜਾਬ ਡਾਇਰੀਆਂ ਅਤੇ ਇੱਕ ਭਾਰਤ ਡਾਇਰੀ ਪੁਸਤਕ, ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈ ਹੈ। 240 ਸਫ਼ਿਆਂ ਅਤੇ 56 ਲੇਖਾਂ ਵਾਲੀ ਇਸ ਪੁਸਤਕ ਦੇ ਸੰਪਾਦਕ ਪਰਵਿੰਦਰਜੀਤ ਸਿੰਘ ਹਨ। ਉਨ੍ਹਾਂ ਕਿਹਾ ਕਿ ਇਸ ਪੁਸਤਕ ਦਾ ਲੇਖਕ ਇੱਕ ਤਿੱਖਾ ਵਿਅੰਗਕਾਰ ਹੈ ਅਤੇ ਸਮੇਂ-ਸਮੇਂ ਆਲੇ-ਦੁਆਲੇ ਵਾਪਰਦੀਆਂ ਸਮਾਜਿਕ ਤੇ ਸਿਆਸੀ ਘਟਨਾਵਾਂ ਉਪਰ ਚੋਣ ਕਰਦਾ ਰਹਿੰਦਾ ਹੈ।



ਗੁਰਮੀਤ ਸਿੰਘ ਪਲਾਹੀ ਦੀ ਲਿਖੀ ਪੁਸਤਕ 'ਪੰਜਾਬ ਡਾਇਰੀ-2022' ਨੂੰ ਲੋਕ ਅਰਪਨ ਕਰਦੇ ਹੋਏ ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਜਸਵੰਤ ਸਿੰਘ ਗੰਡਮ, ਲੇਖਕ ਬਲਦੇਵ ਰਾਜ ਕੋਮਲ, ਐਡਵੋਕੇਟ ਐਸ.ਐਲ. ਵਿਰਦੀ, ਗੁਰਮੀਤ ਸਿੰਘ ਪਲਾਹੀ, ਪਰਵਿੰਦਰਜੀਤ ਸਿੰਘ, ਸੁਖਵਿੰਦਰ ਸਿੰਘ ਸੱਲ ਵਿਖਾਈ ਦੇ ਰਹੇ ਹਨ

ਪ੍ਰੋ: ਗੰਡਮ ਨੇ ਕਿਹਾ ਕਿ ਇੱਕ ਚੰਗੇ ਲੇਖਕ ਲਈ ਜ਼ਿੰਦਗੀ ਖ਼ੁਦ ਸਾਹਿਤਕਾਰੀ ਦਾ ਵਿਸ਼ਾ ਬਣ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜ਼ਿੰਦਗੀ ਕਿਵੇਂ ਦੀ ਹੈ, ਇਹ ਤਾਂ ਅਸੀਂ ਸਭ ਵੇਖਦੇ ਹਾਂ, ਪਰ ਇੱਕ ਸੰਵੇਦਨਸ਼ੀਲ ਤੇ ਸੂਝਵਾਨ ਲੇਖਕ ਇਹ ਵੀ ਸੁਝਾਉਂਦਾ ਹੈ ਕਿ ਜ਼ਿੰਦਗੀ ਕਿਵੇਂ ਦੀ ਹੋਣੀ ਚਾਹੀਦੀ ਹੈ। ਇਹ ਸੁਝਾਉਣ ਦੇ ਲਈ ਉਹ ਆਪਣੇ ਚੁਗਿਰਦੇ ਨੂੰ ਨੀਝ ਪਰਖ ਨਾਲ ਤੱਕਦਾ ਹੈ, ਆਪਣੇ ਅਨੁਭਵ, ਤਜ਼ਰਬਾ, ਦੂਰ-ਦ੍ਰਿਸ਼ਟੀ, ਵਿਚਾਰ, ਖਿਆਲ, ਕਲਪਨਾ ਅਤੇ ਵਿਚਾਰਧਾਰਾ ਦੇ ਰਾਹੀਂ ਉਸਨੂੰ ਕਲਮਬੰਦ ਕਰਦਾ ਹੈ, ਗੁਰਮੀਤ ਸਿੰਘ ਪਲਾਹੀ 'ਚ ਇਹ ਗੁਣ ਹੈ।

ਇਸ ਮੌਕੇ ਪ੍ਰਸਿੱਧ ਲੇਖਕ ਐਡਵੋਕੇਟ ਸੰਤੋਖ ਲਾਲ ਵਿਰਦੀ, ਬਲਦੇਵ ਰਾਜ ਕੋਮਲ, ਲੇਖਕ ਤੇ ਸੰਪਾਦਕ ਪਰਵਿੰਦਰਜੀਤ ਸਿੰਘ ਅਤੇ ਸੁਖਵਿੰਦਰ ਸਿੰਘ ਸੱਲ ਹਾਜ਼ਰ ਸਨ।

## ਰਾਹੁਲ ਦੀ 'ਭਾਰਤ ਜੋੜੋ ਯਾਤਰਾ'

ਕਾਰਨ ਇਸ ਯਾਤਰਾ ਲਈ ਪਾਰਟੀ ਵਰਕਰਾਂ ਤੇ ਆਗੂਆਂ ਨੂੰ ਲਾਮਬੰਦ ਕਰਨ ਅਤੇ ਸਾਧਨ ਜੁਟਾਉਣ ਵਿਚ ਕਾਫ਼ੀ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਵਿਜੀਲੈਂਸ ਕਰ ਸਕਦੀ ਹੈ ਚੰਨੀ ਤੋਂ ਪੁੱਛਗਿੱਛ**

ਪੰਜਾਬ ਕਾਂਗਰਸ ਦੀਆਂ ਪ੍ਰੇਸ਼ਾਨੀਆਂ ਨਵੇਂ ਸਾਲ ਵਿਚ ਵੀ ਘੱਟ ਹੋਣ ਵਾਲੀਆਂ ਨਹੀਂ ਹਨ। ਵਿਜੀਲੈਂਸ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਆਪਣਾ ਸ਼ਿਕੰਜਾ ਕੱਸ ਰਿਹਾ ਹੈ। ਰਾਹੁਲ ਦੀ ਭਾਰਤ ਜੋੜੋ ਯਾਤਰਾ ਤੋਂ ਪਹਿਲਾਂ ਜੇ ਵਿਜੀਲੈਂਸ ਚੰਨੀ ਤੋਂ ਪੁੱਛਗਿੱਛ ਕਰਦੀ ਹੈ ਤਾਂ ਇਸ ਦਾ ਅਸਰ ਯਾਤਰਾ 'ਤੇ ਵੀ ਪੈ ਸਕਦਾ ਹੈ। ਇਸੇ ਕਰਕੇ ਚੰਨੀ ਵੀ ਇਸ ਗੱਲ ਦੇ ਸੰਕੇਤ ਦੇ ਰਹੇ ਹਨ ਕਿ ਜੇ ਵਿਜੀਲੈਂਸ ਕੋਈ ਸ਼ਿਕੰਜਾ ਕੱਸਦਾ ਹੈ ਤਾਂ ਉਨ੍ਹਾਂ ਨੂੰ ਆਪਣੀ ਲੜਾਈ ਖੁਦ ਹੀ ਲੜਨੀ ਪਵੇਗੀ। ਵਿਦੇਸ਼ ਤੋਂ ਪਰਤਦਿਆਂ ਹੀ ਵਿਜੀਲੈਂਸ ਨੇ ਚੰਨੀ ਖ਼ਿਲਾਫ਼ ਸਰਕਾਰੀ ਫੰਡਾਂ ਦੀ ਦੁਰਵਰਤੋਂ ਮਾਮਲੇ ਦੀ ਇਕ ਸ਼ਿਕਾਇਤ 'ਤੇ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਥੇ ਵਿਜੀਲੈਂਸ ਮਾਮਲੇ ਵਿਚ ਚੰਨੀ ਅਲੱਗ-ਥਲੱਗ ਪੈਂਦੇ ਦਿਖਾਈ ਦੇ ਰਹੇ ਹਨ ਕਿਉਂਕਿ ਵਿਦੇਸ਼ ਤੋਂ ਪਰਤਣ ਤੋਂ ਬਾਅਦ ਹਾਲੇ ਤਕ ਉਨ੍ਹਾਂ ਨੂੰ ਕਾਂਗਰਸ ਪਾਰਟੀ ਵੱਲੋਂ ਕੋਈ ਖ਼ਾਸ ਤਵੱਜੋ ਨਹੀਂ ਦਿੱਤੀ ਗਈ ਹੈ। ਕਾਂਗਰਸ ਦੇ ਨੇਤਾ ਚੰਨੀ ਤੋਂ ਇਸ ਗੱਲ ਨੂੰ ਲੈ ਕੇ ਵੀ ਨਾਰਾਜ਼ ਹਨ ਕਿਉਂਕਿ ਉਹ ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਵਿਦੇਸ਼ ਚਲੇ ਗਏ ਅਤੇ ਉਨ੍ਹਾਂ ਇੰਨੇ ਸਮੇਂ ਤੱਕ ਪਾਰਟੀ ਦੇ ਨੇਤਾਵਾਂ ਤੋਂ ਦੂਰੀ ਬਣਾਈ ਰੱਖੀ ਜਦਕਿ ਪੰਜਾਬ ਵਿਚ ਕਾਂਗਰਸ ਦੇ ਨੇਤਾਵਾਂ ਨੂੰ ਵਿਜੀਲੈਂਸ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੀ ਕੈਬਨਿਟ ਵਿਚ ਮੰਤਰੀ ਰਹੇ ਭਾਰਤ ਭੂਸ਼ਣ ਆਸ਼ੂ ਅਤੇ ਸੰਗਤ ਸਿੰਘ ਗਿਲਜੀਆਂ 'ਤੇ ਵਿਜੀਲੈਂਸ ਨੇ ਕਾਰਵਾਈ ਕੀਤੀ ਸੀ। ਆਸ਼ੂ ਹਾਲੇ ਵੀ ਜੇਲ੍ਹ ਵਿਚ ਹੈ। ਚੰਨੀ ਕਦੇ ਵੀ ਆਪਣੇ ਕੈਬਨਿਟ ਵਿਚ ਮੰਤਰੀ ਰਹੇ ।ਨੇਤਾਵਾਂ ਦੇ ਸਮਰਥਨ ਵਿਚ ਨਹੀਂ ਆਏ।ਉਥੇ ਚੰਨੀ ਵਿਦੇਸ਼ ਤੋਂ ਪਰਤਦੇ ਹੀ 19 ਦਸੰਬਰ ਨੂੰ ਕਾਂਗਰਸੀ ਨੇਤਾ ਪ੍ਰਿਅੰਕਾ ਗਾਂਧੀ ਅਤੇ ਰਾਸ਼ਟਰੀ ਪ੍ਰਧਾਨ ਮੱਲਿਕਾਰਜੁਨ ਖੜਗੇ ਨਾਲ ਰਸਮੀ ਮੁਲਾਕਾਤ ਲਈ ਗਏ ਅਤੇ ਬਾਅਦ ਵਿਚ ਉਹ ਰਾਹੁਲ ਦੀ ਭਾਰਤ ਜੋੜੋ ਯਾਤਰਾ ਵਿਚ ਸ਼ਾਮਲ ਹੋਏ। ਅਹਿਮ ਗੱਲ ਇਹ ਹੈ ਕਿ ਚੰਨੀ ਦੇ ਵਾਪਸ ਆਉਣ ਤੋਂ ਪਹਿਲਾਂ ਕਾਂਗਰਸ ਵਿਧਾਇਕ ਦਲ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਰਾਜਪਾਲ ਨੂੰ ਪੱਤਰ ਭੇਜ ਕੇ ਰਾਜ ਵਿਚ ਰੇਤ ਦੇ ਨਾਜਾਇਜ਼ ਖਣਨ ਦੀ ਜਾਂਚ ਸੀਬੀਆਈ ਜਾਂ ਈਡੀ ਤੋਂ ਕਰਵਾਉਣ ਦੀ ਮੰਗ ਕੀਤੀ ਸੀ। ਬਾਜਵਾ ਦੇ ਪੱਤਰ ਨੂੰ ਵੀ ਚੰਨੀ ਦੀ ਵਾਪਸੀ ਅਤੇ ਉਨ੍ਹਾਂ 'ਤੇ ਲੱਗੇ ਨਾਜਾਇਜ਼ ਰੇਤ ਖਣਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

***

## ਕਰਜ਼ੇ ਵਿਚ ਡੁੱਬਿਆ ਪੰਜਾਬ

ਇਕ ਸਾਲ ਦੌਰਾਨ 1.18 ਲੱਖ ਰੁਪਏ ਦੀ ਅਦਾਇਗੀ ਨਿੱਜੀ ਕੈਟਰਰ ਤੇ ਹੋਟਲਾਂ ਨੂੰ ਕੀਤਾ ਗਿਆ। ਅਹਿਮ ਪਹਿਲੂ ਇਹ ਹੈ ਕਿ ਚੰਨੀ ਦੇ ਕਾਰਜਕਾਲ ਦੌਰਾਨ ਪੰਜ ਤਾਰਾ ਹੋਟਲਾਂ ਵਿਚੋਂ ਵੀ ਭੋਜਨ ਤੇ ਸਨੈਕਸ ਮੰਗਵਾਇਆ ਗਿਆ। ਇੱਥੋਂ ਤੱਕ ਕਿ ਇਕ ਬੈਠਕ ਦੌਰਾਨ 150 ਰੁਪਏ ਦੀ ਹਿਮਾਲਿਅਨ ਪਾਣੀ ਦੀ ਬੋਤਲ ਵੀ ਪਰੋਸੀ ਗਈ, ਜਿਸ 'ਤੇ 5400 ਰੁਪਏ ਖ਼ਰਚ ਕੀਤੇ ਗਏ। ਚੰਨੀ ਸਮੇਂ ਪੰਜਾਬ ਭਵਨ ਵੱਲੋਂ ਕੀਤੀ ਗਈ ਸਭ ਤੋਂ ਵੱਧ ਅਦਾਇਗੀ ਚਰਚਾ ਦਾ ਕੇਂਦਰ ਬਣ ਗਈ ਹੈ ਕਿਉਂਕਿ ਕਾਂਗਰਸ ਨੇ ਚੰਨੀ ਨੂੰ ਇਕ ਆਮ 'ਤੇ ਸਾਧਾਰਨ ਪਰਿਵਾਰ ਦਾ ਦੱਸਿਆ ਸੀ।

ਅਕਾਲੀ ਦਲ ਦੇ ਕੌਮੀ ਬੁਲਾਰੇ ਪਰਮਬੰਸ ਸਿੰਘ ਰੋਮਾਣਾ ਉਰਫ਼ ਬੰਟੀ ਰੋਮਾਣਾ ਨੇ ਇੱਕ ਪ੍ਰੈਸ ਕਾਨਫਰੰਸ ਕਰਕੇ ਇਲਜ਼ਾਮ ਲਾਇਆ ਕਿ ਚੰਨੀ ਨੇ ਆਪਣੇ ਕਾਰਜਕਾਲ ਦੌਰਾਨ ਚਮਕੌਰ ਸਾਹਿਬ ਵਿਚਲੇ ਹੋਏ ਇੱਕ ਧਾਰਮਿਕ ਸਮਾਗਮ ਵਿਚੋਂ ਪੈਸਿਆਂ ਦਾ ਜੁਗਾੜ ਕਰਕੇ ਆਪਣੇ ਪੁੱਤਰ ਦੇ ਵਿਆਹ ਉੱਤੇ ਖਰਚ ਕੀਤੇ ਸਨ।ਉਨ੍ਹਾਂ ਦੱਸਿਆ, 'ਬਠਿੰਡਾ ਨਿਵਾਸੀ ਰਾਜਵਿੰਦਰ ਸਿੰਘ ਦੁਆਰਾ ਇੱਕ ਬੜੀ ਰਿਸਰਚ ਕਰਕੇ, ਡੇਟਾ ਕੱਢ ਕੇ ਸ਼ਿਕਾਇਤ ਦਰਜ ਕਰਵਾਈ ਸੀ।' ਰੋਮਾਣਾ ਨੇ ਕਿਹਾ ਕਿ 19 ਨਵੰਬਰ 2021 ਨੂੰ ਚਮਕੌਰ ਸਾਹਿਬ 'ਦਾਸਤਾਨ ਏ ਸ਼ਹਾਦਤ' ਇੱਕ ਪ੍ਰੋਗਰਾਮ ਹੋਇਆ ਸੀ। ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅਜਿਹੇ ਪਵਿੱਤਰ ਪ੍ਰੋਗਰਾਮ 'ਦਾਸਤਾਨ ਏ ਸ਼ਹਾਦਤ' ਨੂੰ ਦਾਸਤਾਨ ਏ ਭ੍ਰਿਸ਼ਟਾਚਾਰ ਵਿਚ ਬਦਲ ਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਯਮਾਂ ਮੁਤਾਬਕ ਕਿਸੇ ਵੀ ਟੈਂਡਰ ਲਈ 21 ਦਿਨ ਦਾ ਸਮਾਂ ਦੇਣਾ ਹੁੰਦਾ ਹੈ ਪਰ ਇਸ ਪ੍ਰੋਗਰਾਮ ਲਈ ਅਜਿਹਾ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਦਾ ਕਹਿਣਾ ਹੈ ਕਿ ਉਸੇ ਸਮੇਂ ਦੌਰਾਨ ਹੋਏ ਮੁੱਖ ਮੰਤਰੀ ਦੇ ਪੁੱਤਰ ਦੇ ਵਿਆਹ ਦਾ ਸਾਰਾ ਖਰਚ ਇਸ (ਸ਼ਹਾਦਤ ਏ ਦਾਸਤਾਨ) ਪ੍ਰੋਗਰਾਮ ਵਿਚੋਂ ਕੱਢ ਕੇ ਦਿੱਤਾ ਗਿਆ।

ਰੋਮਾਣਾ ਦਾ ਇਲਜ਼ਾਮ, 'ਆਪ' ਤੇ ਕਾਂਗਰਸ ਮਿਲੇ ਹੋਏ ਹਨ, ਇਸੇ ਲਈ ਕਿਸੇ ਭ੍ਰਿਸ਼ਟਾਚਾਰੀ ਕਾਂਗਰਸੀ ਆਗੂ ਦੀ ਗ੍ਰਿਫ਼ਤਾਰੀ ਨਹੀਂ ਹੋਈ।

ਇਨ੍ਹਾਂ ਸਾਰੇ ਇਲਜ਼ਾਮਾਂ 'ਤੇ ਆਪਣਾ ਪੱਖ ਰੱਖਦਿਆਂ ਚਰਨਜੀਤ ਸਿੰਘ ਚੰਨੀ ਨੇ ਸਾਰੇ ਇਲਜ਼ਾਮਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ ਅਤੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਸੋਚੀ-ਸਮਝੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਚੰਨੀ ਨੇ ਕਿਹਾ ਕਿ ਮੇਰੇ ਮੁੰਡੇ ਦਾ ਵਿਆਹ 10 ਅਕਤੂਬਰ ਨੂੰ ਹੋਇਆ ਹੈ, ਓਦੋਂ ਪ੍ਰੋਗਰਾਮ (ਸ਼ਹਾਦਤ ਏ ਦਾਸਤਾਨ) ਦਾ ਨਾ ਕੋਈ ਗੱਲ ਸੀ ਤੇ ਨਾ ਕੋਈ ਤਿਆਰੀ ਸੀ। ਉਸ ਤੋਂ 1 ਮਹੀਨਾ 10 ਦਿਨ ਬਾਅਦ, ਭਾਵ 19 ਨਵੰਬਰ ਨੂੰ ਇਹ ਪ੍ਰੋਗਰਾਮ ਹੁੰਦਾ ਹੈ। ਜਿਸ ਨਾਲ ਵਿਆਹ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਚੰਨੀ ਨੇ ਇਲਜ਼ਾਮ ਲਗਾਇਆ ਕਿ ਇਹ ਕੋਈ ਭ੍ਰਿਸ਼ਟਾਚਾਰ ਮੁਕਤ ਪੰਜਾਬ ਨਹੀਂ ਬਣ ਰਿਹਾ ਬਲਕਿ ਕਾਂਗਰਸ ਮੁਕਤ ਪੰਜਾਬ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੇਰੇ 'ਤੇ ਪਹਿਲਾਂ ਵੀ ਅਜਿਹੇ ਹਮਲੇ ਹੋ ਚੁੱਕੇ ਹਨ, ਪਹਿਲਾਂ ਵੀ ਸਰਕਾਰਾਂ ਨੇ ਅਜਿਹੀਆਂ ਚੀਜ਼ਾਂ ਕਰ ਕੇ ਦੇਖ ਲਈਆਂ ਹਨ, 2007 'ਚ ਮੇਰੇ ਭਰਾ ਨੂੰ ਅੰਦਰ ਰੱਖਿਆ ਗਿਆ ਸੀ, 6 ਮਹੀਨੇ ਸਾਨੂੰ ਸੌਣ ਨਹੀਂ ਦਿੱਤਾ, ਸਾਰਾ ਸਦਾ ਘਰ ਪੁੱਟ ਦਿੱਤਾ, ਮੇਰਾ ਭਰਾ ਨੂੰ ਬਹੁਤ ਤਸੀਹੇ ਦਿੱਤੇ, ਨਿਕਲਿਆ ਕੁਝ ਨਹੀਂ ਤੇ ਉਸੇ ਸਰਕਾਰ ਨੇ ਉਹ ਕੇਸ ਵਾਪਸ ਲਿਆ। ਇਸ ਦੇ ਨਾਲ ਹੀ ਉਨ੍ਹਾਂ ਭਗਵੰਤ ਮਾਨ ਸਰਕਾਰ 'ਤੇ ਵੀ ਤੰਜ ਕੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਜੋ ਹਾਲਾਤ ਨੇ, ਲੋਕ ਇੱਥੋਂ ਛੱਡ ਕੇ ਜਾਣਾ ਚਾਹੁੰਦੇ ਹਨ।

***

## ਭਗਵਿਆਂ ਦੀ ਗੁੰਡਾਗਰਦੀ

ਅਤੇ ਸੰਤਾਂ ਤੋਂ ਮਾਫ਼ੀ ਮੰਗਣ ਦਾ ਮੌਕਾ ਦਿੱਤਾ ਜਾਵੇਗਾ। ਕੁਝ ਦੱਖਣਪੰਥੀ ਸਮੂਹ ਇਸ ਗੀਤ ਦਾ ਲਗਾਤਾਰ ਵਿਰੋਧ ਕਰ ਰਹੇ ਹਨ। ਮੱਧ ਪ੍ਰਦੇਸ਼ ਦੇ ਇੰਦੌਰ ਅਤੇ ਹੋਰ ਹਿੱਸਿਆਂ 'ਚ ਖਾਨ ਅਤੇ ਹੋਰ ਲੋਕਾਂ ਦੇ ਪੁਤਲੇ ਸਾੜੇ ਗਏ ਹਨ। ਜ਼ਿਕਰਯੋਗ ਹੈ ਕਿ ਮੱਧ ਪ੍ਰਦੇਸ਼ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੇ ਵੀ ਫਿਲਮ ਦੇ ਕਲਾਕਾਰਾਂ ਦੁਆਰਾ ਪਹਿਨੇ ਗਏ ਕੱਪੜਿਆਂ ਦੇ ਰੰਗ 'ਤੇ ਇਤਰਾਜ਼ ਜਤਾਇਆ ਹੈ।

***

## ਭਾਰਤ 'ਚ ਨਹੀਂ ਰਿਲੀਜ਼ ਹੋਵੇਗੀ

ਕਾਸਮੀ ਦੀ ਕਹਾਣੀ 'ਗੰਡਾਸਾ' ਦਾ ਮੁੱਖ ਕਿਰਦਾਰ ਸੀ। ਪਾਕਿਸਤਾਨ ਦੇ 'ਸਮਯ' ਟੀਵੀ ਦੇ ਸੰਪਾਦਕ ਜ਼ੁਲਫਿਕਾਰ ਅਲੀ ਮੇਤੋਂ ਨੇ ਦੱਸਿਆ, 'ਮੌਲਾ ਜੱਟ ਅਹਿਮਦ ਨਦੀਮ ਕਾਸਮੀ ਦੀ ਕਹਾਣੀ ਗੰਡਾਸਾ ਦਾ ਮੁੱਖ ਕਿਰਦਾਰ ਸੀ।ਇਹ ਪੂਰੀ ਤਰ੍ਹਾਂ ਕਾਲਪਨਿਕ ਕਹਾਣੀ ਸੀ, ਇਸ ਦਾ ਹੀਰੋ ਮੌਲਾ ਪੰਜਾਬ ਦੇ ਪੇਂਡੂ ਪਿਛੋਕੜ ਵਾਲਾ ਨੌਜਵਾਨ ਸੀ। ਜਿਸ ਦੇ ਪਿਤਾ ਨੂੰ ਨਿੱਜੀ ਰੰਜਿਸ਼ ਕਾਰਨ ਕਤਲ ਕਰ ਦਿੱਤਾ ਗਿਆ ਸੀ।ਜ਼ੁਲਫਿਕਾਰ ਕਹਿੰਦੇ ਹਨ ਕਿ ਕਾਸਮੀ ਲਹਿੰਦੇ ਪੰਜਾਬ ਦੇ ਸਰਗੋਧਾ ਜ਼ਿਲ੍ਹੇ ਨਾਲ ਸਬੰਧਤ ਸਨ, ਉਨ੍ਹਾਂ ਨੇ ਮੌਲੇ ਦੇ ਕਿਰਦਾਰ ਨੂੰ ਪੰਜਾਬੀ ਜੱਟਾਂ ਵਾਲੇ ਮੁਹਾਂਦਰੇ ਅਤੇ ਸੁਭਾਅ ਵਾਂਗ ਪੇਸ਼ ਕੀਤਾ। ਜ਼ੁਲਫਿਕਾਰ ਦੱਸਦੇ ਹਨ ਕਿ 'ਗੰਡਾਸਾ' ਕਹਾਣੀ ਵਿੱਚ ਨੌਜਵਾਨ ਮੌਲਾ ਭਲਵਾਨ ਬਣਨਾ ਚਾਹੁੰਦਾ ਸੀ, ਪਰ ਪਿਉ ਦੇ ਕਤਲ ਤੋਂ ਬਾਅਦ ਉਸ ਦੀ ਜ਼ਿੰਦਗੀ ਬਦਲ ਜਾਂਦੀ ਹੈ ਅਤੇ ਉਹ ਆਪਣੇ ਗੰਡਾਸੇ ਨਾਲ ਉਹ ਉਨ੍ਹਾਂ ਦੇ ਟੱਬਰਾਂ ਦਾ ਇੱਕ ਇੱਕ ਬੰਦਾ ਮਾਰਨ ਦੀ ਬੇਸਬਰੀ ਨਾਲ ਉਡੀਕ ਕਰਦਾ ਹੋਇਆ, ਬੇਚੈਨ ਜ਼ਿੰਦਗੀ ਬਿਤਾਉਂਦਾ ਹੈ।ਉਹ ਦਿਨ-ਰਾਤ ਬਦਲੇ ਦੀ ਭਾਵਨਾ ਵਿੱਚ ਗੰਡਾਸਾ ਫੜ੍ਹ ਕੇ ਘੁੰਮਦਾ ਰਹਿੰਦਾ ਹੈ, ਅਜਿਹੇ ਹਾਲਾਤ ਵਿਚ ਕਈ ਸਾਲ ਲੰਘ ਜਾਂਦੇ ਹਨ। ਇਸੇ ਲਈ ਪਿੰਡ ਵਾਲੇ ਉਸ ਨੂੰ ਮੌਲਾ ਗੰਡਾਸੇ ਵਾਲਾ ਆਖਣ ਲੱਗ ਪੈਂਦੇ ਹਨ।

ਜ਼ੁਲਫਿਕਾਰ ਅੱਗੇ ਦੱਸਦੇ ਹਨ ਕਿ ਇਸ ਕਹਾਣੀ ਵਿਚ ਮੌਲਾ ਦੀ ਜਾਤ ਦਾ ਕੋਈ ਜ਼ਿਕਰ ਨਹੀਂ ਹੈ ਅਤੇ ਨਾ ਹੀ ਉਸ ਤਰ੍ਹਾਂ ਦੇ ਜ਼ੋਰਦਾਰ ਡਾਇਲਾਗ ਹਨ, ਜਿਵੇਂ ਅਸੀਂ ਅੱਜ-ਕੱਲ੍ਹ ਮੌਲਾ ਜੱਟ ਫ਼ਿਲਮ ਵਿਚ ਸੁਣਦੇ ਜਾਂ ਦੇਖਦੇ ਹਾਂ। ਮੌਲਾ ਜੱਟ ਦਾ ਫ਼ਿਲਮੀ ਅਵਤਾਰ ਪਾਕਿਸਤਾਨੀ ਸਿਨੇਮੇ ਬਾਰੇ ਵੈੱਬਸਾਈਟ ਪਾਕਿਸਤਾਨ ਸਿਨੇਮਾ ਡੌਟ ਨੈੱਟ ਨੇ ਮੌਲਾ ਜੱਟ ਫ਼ਿਲਮ ਦੀ ਸ਼ੁਰੂਆਤੀ ਕਹਾਣੀ ਦਾ ਜ਼ਿਕਰ ਕੀਤਾ ਹੈ।

ਮੌਲਾ ਜੱਟ ਦੀ ਸੰਖੇਪ ਕਹਾਣੀ ਬਾਰੇ ਲੇਖ ਵਿਚ ਯੂਸਫ਼ ਮਹਿਮੂਦ ਲਿਖਦੇ ਹਨ ਕਿ 1975 ਵਿਚ ਨਾਸਿਰ ਅਦੀਬ ਨੇ ਕਾਸਮੀ ਸਾਹਿਬ ਦੀ ਛੋਟੀ ਕਹਾਣੀ ਉੱਤੇ ਫ਼ਿਲਮ ਲਿਖੀ 'ਵਹਿਸ਼ੀ ਜੱਟ'। ਮਹਿਮੂਦ ਲਿਖਦੇ ਹਨ ਕਿ 'ਵਹਿਸ਼ੀ ਜੱਟ' ਫ਼ਿਲਮ ਵਿੱਚ ਸੁਲਤਾਨ ਰਾਹੀ ਮੁੱਖ ਕਿਰਦਾਰ ਵਿੱਚ ਸਨ, ਅਤੇ ਉਹ ਇਸ ਫ਼ਿਲਮ ਨਾਲ ਸਟਾਰ ਕਲਾਕਾਰ ਬਣ ਗਏ।ਸੁਲਤਾਨ ਰਾਹੀ ਫ਼ਿਲਮਾਂ ਦੇ ਕੰਧਾਂ ਉੱਤੇ ਪੋਸਟਰ ਲਗਾ ਕੇ ਮਿਹਨਤ ਮਜ਼ਦੂਰੀ ਕਰਦੇ ਸਨ, ਬਾਅਦ ਵਿਚ ਉਨ੍ਹਾਂ ਨੂੰ ਮਾੜੀ ਮੋਟੀ ਛੋਟੀ ਭੂਮਿਕਾ ਮਿਲਣ ਲੱਗੀ, ਪਰ 'ਵਹਿਸ਼ੀ ਜੱਟ' ਫ਼ਿਲਮ ਨੇ ਉਨ੍ਹਾਂ ਨੂੰ ਹੀਰੋ ਵਜੋਂ ਸਥਾਪਤ ਕਰ ਦਿੱਤਾ।ਸੁਲਤਾਨ ਰਾਹੀ ਨੂੰ ਲੈ ਕੇ ਬਣੀ 'ਵਹਿਸ਼ੀ ਜੱਟ' ਚੰਗੀ ਚੱਲ ਗਈ ਇਸ ਲਈ ਇਸੇ ਦੀ ਲੜੀ ਵਿਚ 1979 ਦੌਰਾਨ ਅਗਲੀ ਫ਼ਿਲਮ ਬਣਾਈ ਗਈ, ਜਿਸ ਦਾ ਨਾਂ ਸੀ 'ਮੌਲਾ ਜੱਟ'। ਮਹਿਮੂਦ ਲਿਖਦੇ ਹਨ, 'ਇਸੇ ਫ਼ਿਲਮ ਤੋਂ 'ਮੌਲਾ ਜੱਟ' ਦਾ ਕਿਰਦਾਰ ਅਮਰ ਹੋ ਗਿਆ।ਮੌਲੇ ਨੂੰ ਮੌਲਾ ਨਾ ਮਾਰੇ ਤਾਂ ਮੌਲਾ ਨਹੀਂ ਮਰਦਾ' ਅਤੇ 'ਨਵਾਂ ਆਇਆ ਐ ਸੋਹਣਿਆ' ਵਰਗੇ ਡਾਇਲਾਗ ਬੱਚੇ-ਬੱਚੇ ਦੀ ਜ਼ਬਾਨ ਵਿਚ ਛਾ ਗਏ। ਫ਼ਿਲਮ ਵਿਚ ਨੂਰੀ ਨੱਤ, ਮੁੱਖੋ ਜੱਟੀ ਅਤੇ ਦਾਰੋ ਨਤਾਨੀ ਵਰਗੇ ਨਵੇਂ ਕਿਰਦਾਰ ਜੋੜੇ ਗਏ।ਫ਼ਿਲਮ ਦਾ ਅੰਤ ਮੌਲੇ ਅਤੇ ਨੂਰੀ ਦੀ ਲੜਾਈ ਨਾਲ ਹੁੰਦਾ ਹੈ, ਪਰ ਇਸ ਲੜਾਈ ਦੇ ਅਖੀਰ ਵਿਚ ਮੌਲੇ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਸ ਨੇ ਬਦਲੇ ਦੀ ਅੱਗ ਨਾਲ ਕਿਵੇਂ ਪੂਰੇ ਪਰਿਵਾਰ ਨੂੰ ਪਿਸਣਾ ਪੈਂਦਾ ਹੈ।

***

## ਵਿਸ਼ਵ ਵਿਚ ਜਮਹੂਰੀਅਤ

ਆਈਡਿਆ ਦੇ ਮੌਜੂਦਾ ਸਕੱਤਰ ਜਨਰਲ ਕੇਵਿਨ ਕੈਸਾਸ ਜ਼ਮੋਰਾ ਦਾ ਕਹਿਣਾ ਹੈ – 104 ਦੇਸ਼ਾਂ ਦੀ ਰਾਜਨੀਤਿਕ ਸਥਿਤੀ ਦਾ ਅਧਿਐਨ ਕਰਨ ਤੋਂ ਬਾਅਦ ਤਿਆਰ ਕੀਤੀ ਗਈ। ਰਿਪੋਰਟ ਦੇ ਅਨੁਸਾਰ ਲੋਕਤੰਤਰਿਕ ਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਦੇ ਸੋਚਣ ਦੇ ਢੰਗ ਅਤੇ ਸਮਝ ਤੇ ਸਭਿਆਚਾਰ, ਨੈਤਿਕਤਾ ਵਿੱਚ ਬਦਲਾਅ ਆਇਆ ਹੈ। ਇਨ੍ਹਾਂ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਹੁਣ ਇਕ ਮਜ਼ਬੂਤ ਨੇਤਾ ਚਾਹੁੰਦੇ ਹਨ। ਉਹ ਮਹਿਸੂਸ ਕਰਦੇ ਹਨ ਕਿ ਇੱਕ ਮਜ਼ਬੂਤ ਨੇਤਾ ਦੇਸ਼ ਤੇ ਲੋਕਾਂ ਦੀ ਤਰੱਕੀ, ਨਿਆਂ ਅਤੇ ਵਾਜੂਦ ਲਈ ਬਿਹਤਰ ਹੁੰਦਾ ਹੈ। 2009 ਵਿੱਚ ਸਿਰਫ਼ 38% ਲੋਕ ਸ਼ਕਤੀਸ਼ਾਲੀ ਨੇਤਾ ਚਾਹੁੰਦੇ ਸਨ।

ਹੁਣ ਦੁਨੀਆ ਦੇ 77 ਲੋਕਤੰਤਰੀ ਦੇਸ਼ਾਂ ਵਿੱਚ ਅੱਧੇ ਤੋਂ ਵੱਧ ਯਾਨੀ 52% ਲੋਕ ਚਾਹੁੰਦੇ ਹਨ ਕਿ ਉਨ੍ਹਾਂ ਦੇ ਦੇਸ਼ ਦੀ ਵਾਗਡੋਰ ਕਿਸੇ ਤਾਕਤਵਰ ਨੇਤਾ ਦੇ ਹੱਥ ਵਿੱਚ ਹੋਵੇ। ਰਿਪੋਰਟ ਅਨੁਸਾਰ ਇੱਕ ਦਹਾਕਾ ਪਹਿਲਾਂ ਲੋਕਤੰਤਰੀ ਨਿਘਾਰ 12% ਸੀ, ਪਰ ਹੁਣ ਇਹ 50% ਹੈ। ਇਨ੍ਹਾਂ ਦੇਸ਼ਾਂ ਵਿੱਚ ਅਮਰੀਕਾ, ਬ੍ਰਾਜ਼ੀਲ, ਫਰਾਂਸ, ਭਾਰਤ ਅਤੇ ਬ੍ਰਿਟੇਨ ਸ਼ਾਮਲ ਹਨ।ਅਫ਼ਗਾਨਿਸਤਾਨ ਅਤੇ ਬੇਲਾਰੂਸ ਵਰਗੇ ਗੈਰ-ਜਮਹੂਰੀ ਦੇਸ਼ਾਂ ਵਿੱਚ, ਸ਼ਾਸਨ ਵਧੇਰੇ ਦਮਨਕਾਰੀ ਤੇ ਅਨਿਆਂ ਕਾਰੀ ਹੋ ਗਿਆ ਹੈ। ਰਿਪੋਰਟ ਮੁਤਾਬਕ ਅਮਰੀਕਾ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਦੇ ਲੋਕ, ਜੋ ਲੋਕਤੰਤਰ ਦੇ ਸਭ ਤੋਂ ਵੱਧ ਚਾਹਵਾਨ ਹਨ, ਇਸ ਸਮੇਂ ਅਨਾਜ ਦੀ ਕਮੀ, ਮਹਿੰਗਾਈ, ਬਿਜਲੀ ਦੀਆਂ ਵਧਦੀਆਂ ਕੀਮਤਾਂ ਅਤੇ ਮੰਦੀ ਦੀ ਮਾਰ ਝੱਲ ਰਹੇ ਹਨ। ਲੋਕਤੰਤਰੀ ਦੇਸ਼ਾਂ ਵਿੱਚ ਦਰਪੇਸ਼ ਬਹੁਤ ਸਾਰੀਆਂ ਸਮੱਸਿਆਵਾਂ ਲਈ ਲੋਕ ਸੱਤਾ ਨੂੰ ਹੀ ਜ਼ਿੰਮੇਵਾਰ ਮੰਨਦੇ ਹਨ।

ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਲੋਕਤੰਤਰ ਦੇ ਕਮਜ਼ੋਰ ਹੋਣ ਦੇ ਕਾਰਨ ਲਗਭਗ ਇੱਕੋ ਜਿਹੇ ਹਨ। ਇਨ੍ਹਾਂ ਦੇਸ਼ਾਂ ਵਿੱਚ ਸਿਆਸੀ ਧਰੁਵੀਕਰਨ ਹੋਇਆ। ਇਸ ਨਾਲ ਲੋਕਤੰਤਰੀ ਸੰਸਥਾਵਾਂ ਵਿੱਚ ਲੋਕਾਂ ਦਾ ਵਿਸ਼ਵਾਸ ਘੱਟ ਗਿਆ। ਚੋਣਾਂ ਵਿੱਚ ਧਾਂਦਲੀ ਹੋਈ, ਜਿੱਥੇ ਅਜਿਹਾ ਨਹੀਂ ਹੋਇਆ, ਉੱਥੇ ਵੀ ਲੋਕ ਇਹ ਨਹੀਂ ਮੰਨਦੇ ਕਿ ਚੋਣਾਂ ਪੂਰੀ ਇਮਾਨਦਾਰੀ ਨਾਲ ਕਰਵਾਈਆਂ ਗਈਆਂ ਸਨ। ਨਾਗਰਿਕਾਂ ਦੀ ਬਰਾਬਰੀ ਦੀ ਗੱਲ ਕਰਨ ਵਾਲੇ ਲੋਕਤੰਤਰ ਵਿੱਚ ਅਸਮਾਨਤਾ ਤੇਜ਼ੀ ਨਾਲ ਵਧੀ ਹੈ। ਇਸ ਕਾਰਨ ਲੋਕਾਂ ਦਾ ਲੋਕਤੰਤਰ ਤੋਂ ਮੋਹ ਭੰਗ ਹੋ ਰਿਹਾ ਹੈ।ਆਉਣ ਵਾਲੇ ਸਮੇਂ ਵਿਚ ਵਿਸ਼ਵ ਵਿਚ ਇਕ ਆਦਰਸ਼ ਲੋਕਤੰਤਰੀ ਪ੍ਰਣਾਲੀ ਦੇ ਰਸਤੇ ਵਿਚ ਗੰਭੀਰ ਚੁਣੌਤੀਆਂ ਪੈਦਾ ਹੋ ਸਕਦੀਆਂ ਹਨ। ਅਜੋਕੇ ਦੌਰ ਦੀ ਜ਼ਰਜ਼ਰ ਹੋ ਚੁੱਕੀ ਜਮਹੂਰੀਅਤ ਦੇ ਬਦਲ ਵਜੋਂ ਵੱਖ ਵੱਖ ਦੇਸ਼ਾਂ ਵਿਚ ਆਪੋ-ਆਪਣੇ ਸੱਭਿਆਚਾਰਾਂ, ਇਤਿਹਾਸਕ ਵਿਰਾਸਤਾਂ ਅਤੇ ਆਰਥਿਕ ਲੜਾਈਆਂ ਤੋਂ ਸਬਕ ਲੈਂਦੇ ਹੋਏ ਬਦਲਵੇਂ ਸਮਾਜਿਕ ਬਰਾਬਰੀ ਵਾਲੇ ਜਮਹੂਰੀ ਸਮਾਜ ਦੀ ਸਿਰਜਣਾ ਲਈ ਨਿਸ਼ਾਨਦੇਹੀ ਕਰਨੀ ਅਤੇ ਉਸ ਉੱਪਰ ਇਕਜੁੱਟ ਹੋ ਕੇ ਸੋਚਣ ਲਈ ਅਗਾਂਹ ਵਧਣਾ ਅਣਸਰਦੀ ਲੋੜ ਬਣ ਗਈ ਹੈ।

***

## ਇਕ ਤਿਹਾਈ ਦੁਨੀਆ ਨੂੰ ਇਸ

ਸੰਨ 2008 ਦੇ ਵਿੱਤੀ ਸੰਕਟ ਦੀ ਭਵਿੱਖਬਾਣੀ ਕਰਨ ਵਾਲੇ ਸੰਸਾਰ ਬੈਂਕ, ਆਈਐੱਮਐੱਫ ਅਤੇ ਫੈਡਰਲ ਰਿਜ਼ਰਵ ਵਿਚ ਕੰਮ ਕਰ ਚੁੱਕੇ ਅਰਥ-ਸ਼ਾਸਤਰੀ ਨੂਰੀਅਲ ਰੂਬੀਨੀ ਨੇ ਆਪਣੀ ਨਵੀਂ ਪੁਸਤਕ 'ਮੈਗਾਥ੍ਰੇਟਸ' ਜਾਂ ਮਹਾਂ-ਸੰਕਟ ਵਿਚ ਲਿਖਿਆ ਹੈ ਕਿ ਸੰਸਾਰ ਕਰਜ਼ੇ, ਮਹਿੰਗਾਈ ਅਤੇ ਮੰਦੀ ਦੀ ਅਜਿਹੀ ਘੁੰਮਣਘੇਰੀ ਵੱਲ ਵਧ ਰਿਹਾ ਹੈ ਜੋ ਬੀਤੀ ਸਦੀ ਦੇ ਤੀਜੇ ਦਹਾਕੇ ਦੇ ਆਰਥਿਕ ਸੰਕਟ ਜਿੰਨੀ ਗੰਭੀਰ ਸਾਬਿਤ ਹੋ ਸਕਦੀ ਹੈ। ਸੰਨ 1999 ਵਿਚ ਪੂਰੀ ਦੁਨੀਆ ਦਾ ਨਿੱਜੀ ਅਤੇ ਜਨਤਕ ਕਰਜ਼ਾ ਮਿਲਾ ਕੇ ਸੰਸਾਰ ਦੀ ਜੀਡੀਪੀ ਨਾਲੋਂ ਦੁੱਗਣਾ ਸੀ। ਬੀਤੇ 20 ਸਾਲਾਂ ਵਿਚ ਉਹ ਦੁੱਗਣੇ ਤੋਂ ਵਧ ਕੇ ਸਾਢੇ ਤਿੰਨ ਗੁਣਾ ਹੋ ਚੁੱਕਾ ਹੈ। ਚੀਨ ਦਾ ਨਿੱਜੀ ਅਤੇ ਜਨਤਕ ਕਰਜ਼ਾ ਉਸ ਦੀ ਜੀਡੀਪੀ ਦਾ 330 ਪ੍ਰਤੀਸ਼ਤ ਹੋ ਚੁੱਕਾ ਹੈ ਅਤੇ ਅਮਰੀਕਾ ਵਿਚ 420 ਪ੍ਰਤੀਸ਼ਤ। ਭਾਰਤ ਦੇ ਨਿੱਜੀ ਕਰਜ਼ੇ ਦੇ ਭਰੋਸੇਯੋਗ ਅੰਕੜੇ ਨਹੀਂ ਹਨ, ਫਿਰ ਵੀ ਜਿੰਨੀ ਜਾਣਕਾਰੀ ਹੈ, ਉਸ ਦੇ ਹਿਸਾਬ ਨਾਲ ਨਿੱਜੀ ਤੇ ਜਨਤਕ ਕਰਜ਼ਾ ਮਿਲਾ ਕੇ ਜੀਡੀਪੀ ਨਾਲੋਂ ਲਗਭਗ ਡੇਢ ਗੁਣਾ ਹੋ ਚੁੱਕਾ ਹੈ। ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿਚ ਆਏ ਆਰਥਿਕ ਸੰਕਟ ਦੇ ਸਮੇਂ ਨਿੱਜੀ ਤੇ ਜਨਤਕ ਕਰਜ਼ਾ ਅੱਜ ਦੀ ਤੁਲਨਾ ਵਿਚ ਬਹੁਤ ਘੱਟ ਸੀ। ਇਸ ਲਈ ਸਰਕਾਰਾਂ ਨੇ ਮੰਦੀ ਤੋਂ ਉੱਭਰਨ ਲਈ ਕਰਜ਼ਾ ਚੁੱਕ ਕੇ ਖ਼ਰਚਾ ਕੀਤਾ। ਸੰਨ 2008 ਦੇ ਵਿੱਤੀ ਸੰਕਟ ਦੇ ਸਮੇਂ ਮਹਿੰਗਾਈ ਨਹੀਂ ਸੀ। ਇਸੇ ਲਈ ਕੇਂਦਰੀ ਬੈਂਕਾਂ ਨੇ ਵਿਆਜ ਦਰਾਂ ਨੂੰ ਸਿਫ਼ਰ ਤੱਕ ਲਿਆ ਕੇ ਅਤੇ ਸਰਕਾਰੀ ਕਰਜ਼ਾ ਅਰਥਾਤ ਬਾਂਡ ਖ਼ਰੀਦ ਕੇ ਪੈਸੇ ਦੀ ਤੰਗੀ ਦੂਰ ਕੀਤੀ ਸੀ ਪਰ ਅੱਜ ਮਹਿੰਗਾਈ 'ਤੇ ਕਾਬੂ ਪਾਉਣ ਲਈ ਬੈਂਕਾਂ ਨੂੰ ਵਿਆਜ ਦਰਾਂ ਵਧਾਉਣੀਆਂ ਪੈ ਰਹੀਆਂ ਹਨ।ਅਤੇ ਸਰਕਾਰਾਂ ਕਰਜ਼ੇ ਦੇ ਬੋਝ ਹੇਠ ਇੰਨੀਆਂ ਦੱਬੀਆਂ ਹੋਈਆਂ ਹਨ ਕਿ ਹੋਰ ਕਰਜ਼ਾ ਲੈ ਕੇ ਖ਼ਰਚਾ ਨਹੀਂ ਕਰ ਸਕਦੀਆਂ। ਜੇਕਰ ਉਨ੍ਹਾਂ ਨੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਲੋਕ ਸਰਕਾਰੀ ਰਿਣ ਪੱਤਰ ਜਾਂ ਬਾਂਡ ਵੇਚਣ ਲੱਗਣਗੇ। ਕੇਂਦਰੀ ਬੈਂਕ ਮਹਿੰਗਾਈ 'ਤੇ ਕਾਬੂ ਪਾਉਣ ਲਈ ਬਾਂਡ ਵੇਚ ਰਹੇ ਹਨ। ਦੋਵੇਂ ਪਾਸੇ ਦੀ ਬਾਂਡ ਬਿਕਵਾਲੀ ਨਾਲ ਵਿਆਜ ਦਰਾਂ ਹੋਰ ਵੀ ਤੇਜ਼ੀ ਨਾਲ ਵਧਣਗੀਆਂ ਜਿਸ ਕਾਰਨ ਮਹਿੰਗਾਈ ਵਿਚ ਉਛਾਲ ਆਵੇਗਾ ਅਤੇ ਮੰਦੀ ਦਾ ਸੰਕਟ ਡੂੰਘਾ ਹੁੰਦਾ ਜਾਵੇਗਾ। ਸ਼ੇਅਰ ਬਾਜ਼ਾਰਾਂ ਦੀ ਹਾਲਤ ਵੀ ਚੰਗੀ ਨਹੀਂ ਹੈ। ਪਿਛਲੀ ਸਦੀ ਦੇ ਅੱਠਵੇਂ ਦਹਾਕੇ ਦੀ ਮੰਦੀ ਦੇ ਸਮੇਂ ਕੰਪਨੀਆਂ ਦੇ ਸ਼ੇਅਰਾਂ ਦੇ ਭਾਅ ਉਨ੍ਹਾਂ ਦੀ ਆਮਦਨੀ ਦੇ ਔਸਤਨ ਅੱਠ ਗੁਣਾ ਸਨ। ਅੱਜ ਉਨ੍ਹਾਂ ਦੇ ਅਸਮਾਨੀ ਆਮਦਨੀ ਦੇ ਵੀਹ ਗੁਣ ਦੇ ਨੇੜੇ ਹਨ। ਇਸ ਦਾ ਖ਼ਤਰਾ ਇਹ ਹੈ ਕਿ ਮਹਿੰਗਾਈ ਤੇ ਮੰਦੀ ਦੀ ਆਹਟ ਸੁਣਦੇ ਹੀ ਸ਼ੇਅਰ ਬਾਜ਼ਾਰਾਂ ਵਿਚ ਹਫੜਾ-ਦਫੜੀ ਮਚ ਸਕਦੀ ਹੈ ਅਤੇ ਮੁੱਲ ਅੱਧੇ ਤੱਕ ਹੋ ਸਕਦੇ ਹਨ। ਰੂਬੀਨੀ ਦੀ ਪੁਸਤਕ ਵਿਚ ਇਸੇ ਆਰਥਿਕ ਮਹਾਂ-ਸੰਕਟ ਦੀ ਚਿਤਾਵਨੀ ਦਿੱਤੀ ਗਈ ਹੈ।

## ਪੁਰਾਣੇ ਗਰਭਪਾਤ ਵਿਰੋਧੀ ਕਾਨੂੰਨਾਂ

ਫ਼ੈਸਲਾ ਸੁਣਾਇਆ ਸੀ ਕਿ ਗਾਰਸੀਆ ਕਰੂਸੇਨੋ ਨੂੰ ਜੇਲ੍ਹ ਵਿੱਚ ਰੱਖਣ ਲਈ ਲੋੜੀਂਦੇ ਸਬੂਤ ਨਹੀਂ ਸਨ। ਇਸ ਤੋਂ ਬਾਅਦ ਉਸ ਨੂੰ ਬਰੀ ਕਰ ਦਿੱਤਾ ਗਿਆ ਸੀ। ਹੁਣ ਉਹ ਕਹਿੰਦੀ ਹੈ ਕਿ ਜਦੋਂ ਉਹ ਜਾਗਦੀ ਹੈ ਤਾਂ ਉਹ ਜੇਲ੍ਹ ਦੀ ਬਜਾਏ ਆਪਣੇ ਘਰ ਵਿੱਚ ਦੇਖ ਕੇ ਹੈਰਾਨ ਰਹਿ ਜਾਂਦੀ ਹੈ।

ਉਹ ਕਹਿੰਦੀ ਹੈ, 'ਉਸਨੇ ਆਪਣੀ ਪੜ੍ਹਾਈ ਪੂਰੀ ਕਰਨ ਦਾ ਫ਼ੈਸਲਾ ਕੀਤਾ ਹੈ, ਉਹ ਅਧਿਆਪਕ ਬਣਨ ਦੀ ਇੱਛਾ ਰੱਖਦੀ ਹੈ। ਉਸਨੂੰ ਉਮੀਦ ਹੈ ਕਿ ਉਸਦੀ ਮਿਸਾਲ ਜੇਲ੍ਹ ਵਿੱਚ ਹੋਰ ਔਰਤਾਂ ਨੂੰ ਉਤਸ਼ਾਹਿਤ ਵੀ ਕਰੇਗੀ। ਗਾਰਸੀਆ ਕਰੂਸੇਨੋ ਨੇ ਕਿਹਾ, 'ਮੈਂ ਨਹੀਂ ਚਾਹੁੰਦੀ ਕਿ ਜੋ ਮੇਰੇ ਨਾਲ ਹੋਇਆ, ਉਹ ਕਿਸੇ ਹੋਰ ਨਾਲ ਵਾਪਰੇ। ਕਿਸੇ ਨੂੰ ਵੀ ਆਪਣੇ ਉਪਰ ਹੋਏ ਜ਼ੁਲਮ ਪ੍ਰਤੀ ਚੁੱਪ ਨਹੀਂ ਰਹਿਣਾ ਚਾਹੀਦਾ ਤੇ ਉਸ ਬਾਰੇ ਬੋਲਣਾ ਚਾਹੀਦਾ ਹੈ।

ਗੁਰੇਰੋ ਐਸੋਸੀਏਸ਼ਨ ਅਗੇਂਸਟ ਵਾਇਲੈਂਸ ਅਗੇਂਸਟ ਵੂਮੈਨ ਦੀ ਪ੍ਰਧਾਨ ਮਰੀਨਾ ਰੇਨਾ ਅਗੁਇਲਰ ਦਾ ਕਹਿਣਾ ਹੈ ਕਿ ਗਾਰਸੀਆ ਕਰੂਸੇਨੋ ਦਾ ਮਾਮਲਾ ਦਰਸਾਉਂਦਾ ਹੈ ਕਿ ਅਕਸਰ ਨੌਜਵਾਨ ਅਤੇ ਗ਼ਰੀਬ ਆਦਿਵਾਸੀ ਔਰਤਾਂ ਨਾਲ ਕਿੰਨੀ ਵਧੀਕੀ ਹੁੰਦੀ ਹੈ। ਉਸ ਨੇ ਦੱਸਿਆ, 'ਔਰੇਲੀਆ ਦੇ ਕੇਸ ਵਰਗੇ ਕਈ ਮਾਮਲੇ ਹਨ।'

ਗੁਆਰੇਰੋ ਵਿੱਚ, 2022 ਵਿੱਚ ਗਰਭ ਵਿਚ ਨਾਰੀ ਭਰੂਣ ਹੱਤਿਆ ਦੇ 12 ਮਾਮਲੇ ਦਰਜ ਕੀਤੇ ਗਏ ਸਨ।

ਗੁਰੇਰੋ ਮੈਕਸਿਕੋ ਦੇ ਉਨ੍ਹਾਂ 26 ਰਾਜਾਂ ਵਿੱਚੋਂ ਹੈ, ਜਿਥੇ ਸਤੰਬਰ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਕਾਨੂੰਨਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ।ਉਸ ਤੋਂ ਵੀ ਪਹਿਲਾਂ 2007 ਵਿੱਚ ਰਾਜਧਾਨੀ ਮੈਕਸੀਕੋ ਸ਼ਹਿਰ ਵਿੱਚ ਗਰਭਪਾਤ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਸੀ। ਉਦੋਂ ਤੋਂ ਮੈਕਸਿਕੋ ਦੇ ਕੁਲ 32 ਰਾਜਾਂ ਵਿਚੋਂ ਹੁਣ ਤੱਕ 10 ਰਾਜਾਂ ਵਿੱਚ ਗਰਭਪਾਤ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਹਟਾ ਦਿੱਤਾ ਗਿਆ ਸੀ। ਬਹੁਤ ਸਾਰੇ ਰਾਜਾਂ ਵਿੱਚ ਇਹ ਪਿਛਲੇ ਤਿੰਨ ਸਾਲਾਂ ਤੋਂ ਗਰਭਪਾਤ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਹਟਾਇਆ ਗਿਆ ਸੀ। ਉਨ੍ਹਾਂ 10 ਰਾਜਾਂ ਦੇ ਗਰਭਪਾਤ ਦੇ ਅਧਿਕਾਰ ਦੇ ਕਾਰਕੁਨਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਗਰਭਪਾਤ, ਸੁਰੱਖਿਅਤ ਪਹੁੰਚਯੋਗ ਅਤੇ ਸਰਕਾਰ ਦੁਆਰਾ ਵਿੱਤੀ ਸਹਾਇਤਾ ਦਿਵਾਉਣ ਵਿੱਚ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਰਕੁਨਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਦੌਰਾਨ, ਸਰਕਾਰੀ ਅਧਿਕਾਰੀ ਗਰਭਪਾਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਘੱਟ ਆਮਦਨੀ ਵਾਲੀਆਂ ਔਰਤਾਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਬਹੁਤ ਘੱਟ ਕੰਮ ਕਰ ਰਹੇ ਹਨ। ਕੁਝ ਦਿਨ ਪਹਿਲਾਂ, ਸਿਹਤ ਮੰਤਰਾਲੇ ਨੇ ਜਨਤਕ ਕਲੀਨਿਕਾਂ ਵਿੱਚ ਗਰਭਪਾਤ ਲਈ ਦਿਸ਼ਾ-ਨਿਰਦੇਸ਼ ਨੂੰ ਪ੍ਰਕਾਸ਼ਿਤ ਕੀਤਾ ਸੀ। ਰੇਨਾ ਐਗੁਇਲਰ ਨੇ ਕਿਹਾ, 'ਔਰਤਾਂ ਦੇ ਅਧਿਕਾਰਾਂ ਦੀ ਰਾਖੀ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ।'

****

## ਭਾਜਪਾ ਦੀ ਕੇਂਦਰ ਸਰਕਾਰ

ਚਾਹੁੰਦੇ ਹਨ। ਇੰਨਾ ਹੀ ਨਹੀਂ ਦੁਨੀਆ ਜਿੱਥੇ ਅਰਬਪਤੀਆਂ ਦੀ ਗਿਣਤੀ ਘੱਟ ਰਹੀ ਹੈ। ਜਦਕਿ ਭਾਰਤ ਵਿੱਚ ਇਹ ਵੱਧ ਰਿਹਾ ਹੈ। ਇੱਥੇ ਅਰਬਪਤੀਆਂ ਦੀ ਗਿਣਤੀ 2021 ਦੇ ਮੁਕਾਬਲੇ 2022 ਵਿੱਚ 140 ਤੋਂ ਵੱਧ ਕੇ 166 ਹੋ ਗਈ ਹੈ।ਦੁਨੀਆ ਭਰ ਦੇ 42% ਅਰਬਪਤੀਆਂ ਦਾ ਮੰਨਣਾ ਹੈ ਕਿ ਸਰਕਾਰਾਂ ਨੂੰ ਸਮਾਰਟ ਖੇਤੀਬਾੜੀ, ਗਰੀਬੀ ਦੂਰ ਕਰਨ, ਪੀਣ ਵਾਲੇ ਸਾਫ਼ ਪਾਣੀ ਅਤੇ ਸੈਨੀਟੇਸ਼ਨ 'ਤੇ ਧਿਆਨ ਦੇਣਾ ਚਾਹੀਦਾ ਹੈ। ਪਰ ਮੋਦੀ ਸਰਕਾਰ ਨੂੰ ਕਾਰਪਰੇਟ ਉਪਰ ਸਰਕਾਰੀ ਕੰਟਰੋਲ ਕਰਨ ਦੀ ਲੋੜ ਹੈ ਤੇ ਖੇਤੀ ਇੰਡਸਟਰੀ, ਖੇਤੀ ਵਸਤਾਂ, ਖੇਤੀਬਾੜੀ, ਡੇਅਰੀ ਉਦਯੋਗ ਨੂੰ ਕਾਰਪੋਰੇਟ ਸਿਸਟਮ ਤੋਂ ਪਰੇ ਰੱਖਣ ਦੀ ਲੋੜ ਹੈ। ਇਸ ਉਪਰ ਸਰਕਾਰ ਦਾ ਕੰਟਰੋਲ ਚਾਹੀਦਾ ਹੈ ਤਾਂ ਜੋ ਭਾਰਤ ਵਿਚ ਭੁੱਖਮਰੀ ਨਾ ਫੈਲੇ ਤੇ ਜ਼ਰੂਰੀ ਵਸਤਾਂ ਦੀ ਕਮੀ ਨਾ ਆਵੇ। ਪੰਜਾਬ ਸਰਕਾਰ ਨੂੰ ਖੇਤੀ ਸਿਸਟਮ, ਇੰਡਸਟਰੀ, ਡੇਅਰੀ ਉਦਯੋਗ ਵਲ ਧਿਆਨ ਦੇਣ ਦੀ ਲੋੜ ਹੈ ਤੇ ਇਸ ਬਾਰੇ ਨੀਤੀ ਲੋਕਪੱਖੀ ਹੋਵੇ।

## 'ਆਪ' ਸਰਕਾਰ ਲਈ ਚੁਣੌਤੀਪੂਰਨ

ਪਾਵਨ ਲਗਾਂ-ਮਾਤਰਾਂ ਨਾਲ ਛੇੜਛਾੜ ਕਰਨ ਦੇ ਦੋਸ਼ ਵਿਚ ਪੰਥ ਵਿਚੋਂ ਛੇਕਿਆ ਗਿਆ। ਇਸ ਤੋਂ ਇਲਾਵਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਅਤੇ ਅਹੁਦੇਦਾਰੀਆਂ ਨੂੰ ਲੈ ਕੇ ਵੀ ਟਕਰਾਅ ਰਿਹਾ ਤੇ ਮਾਮਲਾ ਅਕਾਲ ਤਖ਼ਤ ਸਾਹਿਬ ਪੁੱਜਾ। ਇਸ ਸਾਲ ਵੀ ਨਾਨਕਸ਼ਾਹੀ ਕੈਲੰਡਰ ਵਿਵਾਦ ਸਿੱਖ ਧਾਰਮਿਕ ਸ਼ਖ਼ਸੀਅਤਾਂ ਵੱਲੋਂ ਹੱਲ ਨਹੀਂ ਕੀਤਾ ਜਾ ਸਕਿਆ ਜਿਸ ਦੇ ਫਲਸਰੂਪ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਕਈ ਸਿੱਖ ਸੰਸਥਾਵਾਂ ਤੇ ਸ਼੍ਰੋਮਣੀ ਕਮੇਟੀ ਦਰਮਿਆਨ ਦੀਆਂ ਤਰੀਕਾਂ ਨੂੰ ਲੈ ਕੇ ਵਿਵਾਦ ਜਾਰੀ ਰਿਹਾ। ਇਸ ਬੀਤੇ ਵਰ੍ਹੇ ਦੌਰਾਨ ਹੀ ਪੰਜਾਬ 'ਚ ਨਵੀਂ ਬਣੀ ਆਮ ਆਦਮੀ ਦੀ ਸਰਕਾਰ ਸਪੀਕਰ ਕੁਲਤਾਰ ਸਿੰਘ ਸੰਧਵਾ ਅਤੇ ਬਰਗਾੜੀ ਦੇ ਬੇਅਦਬੀ ਗੋਲੀਕਾਂਡ ਦੀ ਜਾਂਚ ਕਰ ਚੁੱਕੀ ਸਿੱਟ ਦੇ ਮੁਖੀ ਰਹੇ ਸਾਬਕਾ ਡੀ ਆਈ ਜੀ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਇੱਕੋ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਅਤੇ ਗੋਲੀ ਕਾਂਡ ਦਾ ਇਨਸਾਫ਼ ਲੈਣ ਲਈ ਚੱਲ ਰਹੇ ਬਰਗਾੜੀ ਮੋਰਚੇ ਵਿੱਚ ਪਹੁੰਚੇ। ਅਹਿਮ ਘਟਨਾ ਇਸ ਕਰਕੇ ਹੈ, ਕਿਉਂਕਿ ਦੋਵੇਂ ਹੀ ਸਪੀਕਰ ਅਤੇ ਵਿਧਾਇਕ ਸੱਤਾਧਾਰੀ ਨਾਲ ਸਬੰਧਿਤ ਹਨ ਅਤੇ ਦੋਵਾਂ ਦੇ ਸਟੇਜ ਤੋਂ ਦਿੱਤੇ ਭਾਸ਼ਨ ਵਿੱਚ ਇਨਸਾਫ਼ ਦੇ ਮੁੱਦੇ 'ਤੇ ਦਿਨ ਰਾਤ ਜਿੰਨਾ ਅੰਤਰ ਦੇਖਿਆ ਗਿਆ। ਮੋਰਚੇ ਦੀ ਸਟੇਜ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੋਲਦਿਆਂ ਸਪੀਕਰ ਸੰਧਵਾਂ ਨੇ ਡੇਢ ਮਹੀਨੇ ਵਿੱਚ ਇਨਸਾਫ਼ ਦੇਣ ਦਾ ਵਾਅਦਾ ਕਰਦਿਆਂ ਇੱਥੋਂ ਤੱਕ ਕਹਿ ਦਿੱਤਾ ਕਿ ਜੇਕਰ ਇਨਸਾਫ਼ ਨਾ ਦਿਵਾ ਸਕਿਆ ਤਾਂ ਡੇਢ ਮਹੀਨੇ ਬਾਅਦ ਮੈਂ ਤੁਹਾਡੇ ਨਾਲ ਮੋਰਚੇ ਵਿਚ ਬੈਠਾ ਹੋਵਾਂਗਾ, ਪ੍ਰੰਤੂ ਸਪੀਕਰ ਤੋ ਬਾਅਦ ਜਦੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਸਮਾਂ ਦਿੱਤਾ ਗਿਆ ਤਾਂ ਉਨ੍ਹਾਂ ਸਪੀਕਰ ਦੇ ਵਾਅਦੇ ਨੂੰ ਮੌਕੇ ਉਪਰ ਹੀ ਝੁਠਲਾਉਂਦਿਆਂ ਕਿਹਾ ਸੀ ਕਿ ਮੈ ਤੁਹਾਨੂੰ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਤੁਹਾਨੂੰ ਇਨਸਾਫ਼ ਕਦੇ ਨਹੀਂ ਮਿਲੇਗਾ। ਸੋ, ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾ ਹੀ ਇਨਸਾਫ਼ ਦਿਵਾ ਸਕੇ ਅਤੇ ਨਾ ਹੀ ਮੋਰਚੇ ਵੱਲ ਜਾਣ ਦੀ ਹਿੰਮਤ ਦਿਖਾ ਸਕੇ, ਪਰ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਬੋਲਿਆ ਅੱਖਰ ਅੱਖਰ ਸੱਚ ਸਾਬਤ ਹੋ ਗਿਆ।ਜੇਕਰ ਸਿੱਖ ਪ੍ਰਾਪਤੀਆਂ ਦੀ ਗੱਲ ਕੀਤੀ ਜਾਵੇ ਤਾਂ ਚੜ੍ਹਦੀ ਕਲਾ ਟਾਈਮ ਟੀਵੀ ਦੇ ਚੇਅਰਮੈਨ ਜਗਜੀਤ ਸਿੰਘ ਦਰਦੀ ਨੂੰ ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋ ਇਲਾਵਾ ਸਾਹਿਤਕ ਖੇਤਰ ਵਿੱਚ ਸਿੱਖ ਲੇਖਕਾਂ ਦੀਆਂ ਬਹੁਤ ਸਾਰੀਆਂ ਪੁਸਤਕਾਂ ਵੀ ਇਸ ਸਾਲ ਚਰਚਾ ਦਾ ਵਿਸ਼ਾ ਰਹੀਆਂ ਹਨ। ਜਿਹਨਾਂ ਵਿੱਚ 'ਬਾਬਾ ਬੰਦਾ ਸਿੰਘ ਬਹਾਦਰ ਦਾ ਖ਼ਾਲਸਾ ਰਾਜ' ਲੇਖਕ ਪ੍ਰੋ. ਬਲਵਿੰਦਰ ਪਾਲ ਸਿੰਘ, 'ਸਿੱਖ ਸੰਘਰਸ਼ ਛੋਟਾ ਘੱਲੂਘਾਰਾ ਤੋ ਮਿਸਲ ਰਾਜ ਤੱਕ' ਲੇਖਕ ਰਾਮ ਸਿੰਘ ਬੀਹਲਾ, 'ਖਾੜਕੂ ਸੰਘਰਸ਼ ਦੀ ਸਾਖੀ' ਲੇਖਕ ਦਲਜੀਤ ਸਿੰਘ, 'ਗੁਰੂ ਤੇਗ਼ ਬਹਾਦਰ ਜੀਵਨ ਤੇ ਦਰਸ਼ਨ' ਸੰਪਾਦਕ ਡਾ ਕਰਮਜੀਤ ਕੌਰ, ਡਾ. ਸੁਰਿਤਾ ਰਾਣਾ, ਡਾ. ਮਨਿੰਦਰਜੀਤ ਕੌਰ, 'ਭਗਤ ਰਵਿਦਾਸ ਜੀ ਜੀਵਨ ਤੇ ਵਿਚਾਰਧਾਰਾ' ਲੇਖਕ ਹਰੀ ਸਿੰਘ ਢੁੱਡੀਕੇ, 'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ' ਲੇਖਕ ਲਾਭ ਸਿੰਘ ਚਤਾਮਲੀ, 'ਧਰਮ ਰੱਖਿਅਕ ਗੁਰੂ ਤੇਗ਼ ਬਹਾਦਰ' ਲੇਖਕ ਪ੍ਰਿਥੀਪਾਲ ਸਿੰਘ ਕਪੂਰ, 'ਸਿੱਖ ਇਤਿਹਾਸ ਦੀ ਫ਼ਾਰਸੀ ਇਤਿਹਾਸਕਾਰੀ' ਲੇਖਕ ਡਾ ਬਲਵੰਤ ਸਿੰਘ ਢਿੱਲੋਂ, 'ਗੁਰੂ ਤੇਗ਼ ਬਹਾਦਰ ਵਿਰਸਾ ਤੇ ਵਿਰਾਸਤ' ਲੇਖਕ ਪ੍ਰੋ ਡਾ ਬਲਵੰਤ ਸਿੰਘ ਢਿੱਲੋਂ, 'ਖ਼ਾਲਿਸਤਾਨ ਸੰਘਰਸ਼' (ਕਹਾਣੀ ਬਲ਼ਦੇ ਦਰਿਆਵਾਂ ਦੀ) ਲੇਖਕ ਪੱਤਰਕਾਰ ਜਗਤਾਰ ਸਿੰਘ ਆਦਿ ਵਰਨਣਯੋਗ ਹਨ।

***

## ਪ੍ਰਵਾਸੀ ਪੰਜਾਬੀਆਂ ਨੇ ਪਿੰਡ ਬੂਲੇਵਾਲ ਨੂੰ

ਕੋਈ ਪਿੰਡ ਦੀ ਨੁਹਾਰ ਦੇਖ ਕੇ ਪੁੱਛਦਾ ਹੈ ਕਿ ਇਹ ਦਿੱਖ ਕਿਸ ਨੇ ਬਦਲੀ ਤਾਂ ਲੋਕ ਸਾਬੂ ਬੂਲੋਵਾਲੀਆ ਦਾ ਨਾਮ ਲੈਂਦੇ ਹਨ। ਉਨ੍ਹਾਂ ਨੇ ਲਾਈਟਸ ਲਗਾਈਆਂ, ਦਰਖ਼ਤ ਲਗਾਏ, ਘਰਾਂ ਦੇ ਨੰਬਰ ਪਲੇਟ, ਗਲੀ ਨੰਬਰ ਲਗਾਏ, ਸਾਨੂੰ ਬਹੁਤ ਵਧੀਆ ਲਗਦਾ ਹੈ। ਕਿਸੇ ਨੂੰ ਔਖ ਨਹੀਂ ਹੈ। ਪਤਾ ਲੱਗ ਜਾਂਦਾ ਹੈ ਕਿ ਗਲੀ ਦਾ ਨੰਬਰ ਇਹ ਹੈ। ਛੋਟੇ-ਛੋਟੇ ਬੱਚੇ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਅਸੀਂ ਇਸ ਗਲੀ ਵਿਚ ਜਾਣਾ ਹੈ। ਰਾਤ ਨੂੰ ਹਨੇਰੇ ਵਿੱਚ ਬਹੁਤ ਮੁਸ਼ਕਿਲ ਆਉਂਦੀ ਸੀ, ਉਸ ਨੇ ਹਰ ਗਲੀ ਵਿੱਚ ਲਾਈਟਾਂ ਲਗਵਾਈਆਂ ਹਨ।

ਸਾਬੂ ਬੂਲੋਵਾਲੀਆ ਦੀ ਸਹਿ ਜਮਾਤੀ ਰਹੀ ਉਨ੍ਹਾਂ ਦੇ ਹੀ ਪਿੰਡ ਦੀ ਪਰਵੀਨ ਭੱਟੀ ਕਹਿੰਦੀ ਹੈ, ਜਦੋਂ ਕਿਸੇ ਬਾਹਰਲੇ ਕੋਲ਼ੋਂ ਪਿੰਡ ਦੀ ਤਾਰੀਫ਼ ਸੁਣਦੇ ਹਾਂ ਤਾਂ ਮਾਣ ਮਹਿਸੂਸ ਹੁੰਦਾ ਹੈ।

ਗੁਰਜੀਤ ਸਿੰਘ ਉਰਫ ਸਾਬੂ ਦੱਸਦੇ ਹਨ ਕਿ ਹੁਣ ਤੱਕ ਪਿੰਡ 'ਤੇ ਕਰੀਬ 70 ਲੱਖ ਰੁਪਏ ਲਗਾ ਚੁੱਕੇ ਹਨ। ਉਨ੍ਹਾਂ ਨੇ ਦੱਸਿਆ ਕਿ 2015 ਵਿੱਚ ਮੈਂ ਸ਼ੁਰੂਆਤ ਕੀਤੀ ਸੀ ਅਤੇ ਸ਼ੁਰੂਆਤ ਵਿੱਚ ਬਹੁਤ ਰੁਕਾਵਟਾਂ ਵੀ ਆਈਆਂ। ਰੁਕਾਵਟਾਂ ਹੁਣ ਵੀ ਆਉਂਦੀਆਂ ਹਨ ਅਤੇ ਇਨ੍ਹਾਂ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ। ਉਹ ਕਹਿੰਦੇ ਹਨ ਕਿ ਫਲਾਂ ਵਾਲੇ ਬੂਟੇ 500 ਤੋਂ ਵੱਧ ਹਨ ਜੋ ਗੁਰੂ ਨਾਨਕ ਸਾਹਿਬ ਦਾ ਲੰਗਰ ਹੀ ਹੈ ਇੱਕ ਤਰ੍ਹਾਂ ਦਾ। ਮੇਰਾ ਜ਼ਿਆਦਾ ਫੋਕਸ ਫਲਾਂ ਵਾਲੇ ਪੌਦੇ ਲਗਾਉਣ ਵੱਲ ਹੈ ਕਿਉਂਕਿ ਪੰਛੀ ਬਹੁਤ ਘੱਟ ਹੋ ਗਏ ਹਨ, ਉਨ੍ਹਾਂ ਨੂੰ ਘਰ ਬਣਾਉਣ ਲਈ ਦਰਖ਼ਤਾਂ ਦੀ ਬਹੁਤ ਲੋੜ ਹੈ। ਦਰੱਖ਼ਤ ਹੋਣਗੇ ਤਾਂ ਪੰਛੀ ਹੋਣਗੇ। ਮੇਰੇ ਪਿੰਡ ਹੁਣ ਛੋਟੀਆਂ-ਛੋਟੀਆਂ ਰੰਗ ਬਿਰੰਗੀਆਂ ਚਿੜੀਆਂ, ਕੋਇਲਾਂ ਸਵੇਰ ਵੇਲੇ ਚਹਿ-ਚਹਾਉਂਦੀਆਂਹਨ। ਉਨ੍ਹਾਂ ਦੀ ਅਵਾਜ਼ਾਂ ਸੁਣਨੀ ਮੈਨੂੰ ਵਧੀਆ ਲਗਦੀ ਹੈ।

ਇਲਾਕੇ ਦੇ ਬੀਡੀਪੀਓ ਕੁਲਵੰਤ ਸਿੰਘ ਤਸਦੀਕ ਕਰਦੇ ਹਨ ਕਿ ਪਿੰਡ ਦੀ ਨੁਹਾਰ ਬਦਲਣ ਵਿੱਚ ਬਹੁਤਾ ਪੈਸਾ ਗੁਰਜੀਤ ਵੱਲੋਂ ਹੀ ਲਾਇਆ ਗਿਆ ਹੈ, ਹਾਲਾਂਕਿ ਪੰਚਾਇਤ ਵੱਲੋਂ ਵੀ ਮਦਦ ਕੀਤੀ ਗਈ ਹੈ।

***

## ਭਾਰਤ ਵਿਚ ਸਿੱਖ ਪੰਥ

ਵੱਲ ਗੰਭੀਰਤਾ ਨਾਲ ਧਿਆਨ ਦੇਣ ਦੀ ਬਜਾਇ ਅੱਜ ਫਿਰ ਤੋਂ ਸਿੱਖ ਨੇ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਪਾਟੋ-ਧਾੜ ਦੇ ਪਿੜ ਮੱਲੇ ਹੋਏ ਹਨ। ਚਾਤੁਰ ਨੀਤੀਵਾਨ ਐਸੀ ਸਥਿਤੀ ਦਾ ਫਾਇਦਾ ਉਠਾ ਕੇ ਗੁਆਂਢੀ ਰਾਜ ਹਰਿਆਣਾ ਦੇ ਸਿੱਖਾਂ ਅਤੇ ਪੰਜਾਬ ਦੇ ਸਿੱਖਾਂ ਅੰਦਰ ਫੁੱਟ ਪਾਉਣ ਦੀਆਂ ਗੋਂਦਾਂ ਗੁੰਦ ਰਿਹਾ ਹੈ। ਕਈ ਤਰ੍ਹਾਂ ਦੇ ਲੋਭ-ਲਾਲਚ ਦੇ ਕੇ ਸਿੱਖਾਂ ਨੂੰ ਉਨ੍ਹਾਂ ਦੇ ਭਰਾਵਾਂ ਨਾਲੋਂ ਨਿਖੇੜਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਹਰਿਆਣੇ ਵਿਚਲੇ ਰਹਿ ਰਹੇ ਸਾਡੇ ਸਿੱਖ ਭਰਾਵਾਂ ਨੂੰ ਉਨ੍ਹਾਂ ਦੇ ਹਿੱਤਾਂ ਨੂੰ ਪਾਸੇ ਕਰਨ ਦੇ ਹਿਮਾਲਾ ਪਹਾੜ ਜਿੱਡੇ ਝੂਠ ਰਾਹੀਂ ਉਨ੍ਹਾਂ ਨੂੰ ਹਰਿਆਣੇ ਦੇ ਗੁਰਦੁਆਰਾ ਸਾਹਿਬਾਨ ਦੀ ਵੱਖਰੀ ਕਮੇਟੀ ਬਣਾਉਣ ਵਾਸਤੇ ਭਰਮਾਇਆ ਤੇ ਉਕਸਾਇਆ ਜਾ ਰਿਹਾ ਹੈ। ਸਾਨੂੰ ਸਮੂਹ ਸਿੱਖ ਭਰਾਵਾਂ ਨੂੰ ਐਸੇ ਸਮੇਂ ਡੂੰਘੀ ਵਿਚਾਰ ਅਤੇ ਉੱਚੀ-ਸੁੱਚੀ ਸੁਚੇਤਨਾ ਤੇ ਹੋਸ਼-ਹਵਾਸ ਕਾਇਮ ਰੱਖਣ ਵਾਸਤੇ ਉਚੇਚੇ ਤੌਰ 'ਤੇ ਯਤਨਸ਼ੀਲ ਹੋਣਾ ਚਾਹੀਦਾ ਹੈ। ਸਾਨੂੰ ਕਦਾਚਿਤ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਸ਼ਾਤਰ ਸ਼ਿਕਾਰੀ ਸ਼ਿਕਾਰ ਕਰਨ ਤੋਂ ਪਹਿਲਾਂ ਆਪਣੀ ਨਜ਼ਰ ਹੇਠ ਲਿਆਂਦੇ ਸ਼ਿਕਾਰ ਨੂੰ ਉਸ ਦੇ ਝੁੰਡ ਨਾਲੋਂ ਨਿਖੇੜ ਕੇ ਹੀ ਡਕਾਰਦਾ ਹੈ।

ਕਮਿਸ਼ਨਾਂ ਤੇ ਕਮੇਟੀਆਂ ਦੇ ਨਤੀਜਿਆਂ ਤੋਂ ਮਾੜਿਆਂ ਜਾਂ ਘੱਟ-ਗਿਣਤੀਆਂ ਨੂੰ ਨਾ ਕਦੇ ਇਨਸਾਫ਼ ਮਿਲਿਆ ਹੈ ਅਤੇ ਨਾ ਮਿਲਣ ਦੀ ਜ਼ਿਆਦਾ ਆਸ ਰੱਖਣੀ ਚਾਹੀਦੀ ਹੈ। ਸਿੱਖ ਕੌਮ ਦੇ ਹਰ ਬਸ਼ਰ ਨੂੰ ਇਹ ਨੁਕਤਾ ਪੱਕੀ ਤਰ੍ਹਾਂ ਪੱਲੇ ਬੰਨ੍ਹਣਾ ਚਾਹੀਦਾ ਹੈ ਕਿ ਅੱਜ 'ਏਕਤਾ', ਦ੍ਰਿੜ੍ਹ ਇਰਾਦਾ ਅਤੇ ਵਾਹਿਗੁਰੂ ਉੱਪਰ ਪੂਰਨ ਭਰੋਸਾ ਹੀ ਐਸੀਆਂ ਸ਼ਕਤੀਆਂ ਹਨ ਜੋ ਕੌਮ ਨੂੰ ਅੱਗੇ ਲਿਜਾ ਸਕਦੀਆਂ ਹਨ। ਸੋ, ਇਸ ਨਾਜ਼ੁਕ ਸਮੇਂ ਸਾਨੂੰ ਸਭ ਨੂੰ ਵੱਧ ਤੋਂ ਵੱਧ ਇਤਫ਼ਾਕ ਤੇ ਏਕੇ ਦਾ ਸਬੂਤ ਦੇਣਾ ਚਾਹੀਦਾ ਹੈ। ਗੁਰੂ ਮਹਾਰਾਜ ਕ੍ਰਿਪਾ ਕਰਨ ਆਪਣੇ ਪਿਆਰੇ ਪੰਥ ਦੇ ਆਪ ਸਹਾਈ ਹੋਵਣ, ਇਹ ਸਾਡੀ ਸਭ ਦੀ ਅਰਦਾਸ ਹੋਣੀ ਚਾਹੀਦੀ ਹੈ। ਕਿਸੇ ਪਾਸ 'ਹੋਸ਼' ਦੀ ਬਹੁਲਤਾ ਹੋ ਸਕਦੀ ਹੈ, ਕਿਸੇ ਪਾਸ 'ਜੋਸ਼' ਦੀ। ਪਰ ਇਹ 'ਹੋਸ਼' ਅਤੇ 'ਜੋਸ਼' ਇਕੱਠੇ ਮਿਲ ਕੇ ਹੀ ਕਿਸੇ ਮੰਜ਼ਲ ਨੂੰ ਪ੍ਰਾਪਤ ਕਰ ਸਕਦੇ ਹਨ।

**

## ਪੰਜਾਬ 'ਚ ਕੈਂਸਰ ਦਾ ਵਧਦਾ ਪ੍ਰਕੋਪ

ਨੂੰ ਕੈਂਸਰ ਦਾ ਪਤਾ ਕਿਉਂ ਲੱਗ ਰਿਹਾ ਹੈ ? ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ ਸੀ ਐਮ ਆਰ) ਅਤੇ ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਇਨਫੋਰਮੈਟਿਕਸ ਐਂਡ ਰਿਸਰਚ (ਐਨ ਸੀ ਡੀ ਆਈ ਆਰ), ਬੈਂਗਲੁਰੂ ਦੁਆਰਾ ਜਾਰੀ ਕੀਤੀ ਗਈ ਤਾਜ਼ਾ ਕੈਂਸਰ ਰਿਪੋਰਟ ਭਾਰਤ ਦੇ ਕੈਂਸਰ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧੇ ਦੀ ਪੁਸ਼ਟੀ ਕਰਦੀ ਹੈ, ਅੰਦਾਜ਼ਾ ਲਗਾਇਆ ਗਿਆ ਹੈ ਕਿ ਅਗਲੇ ਪੰਜ ਸਾਲਾਂ ਵਿੱਚ ਇਹ 12% ਹੋਰ ਵਧ ਸਕਦਾ ਹੈ।

ਨੈਸ਼ਨਲ ਕੈਂਸਰ ਰਜਿਸਟਰੀ ਪ੍ਰੋਗਰਾਮ ਰਿਪੋਰਟ 2020 ਵਿੱਚ ਸਾਹਮਣੇ ਆਏ ਅੰਕੜਿਆਂ ਦੇ ਅਨੁਸਾਰ, ਮਰਦਾਂ ਵਿੱਚ ਕੈਂਸਰ ਦੀਆਂ ਘਟਨਾਵਾਂ 2020 ਵਿੱਚ 679,421 ਅਤੇ 2025 ਵਿੱਚ 763,575 ਹੋਣ ਦਾ ਅਨੁਮਾਨ ਹੈ, ਜਦੋਂ ਕਿ ਔਰਤਾਂ ਵਿੱਚ, ਇਹ 2020 'ਚ 712,758 ਸੀ ਜਿਸ ਦੀ ਗਿਣਤੀ ਵਿਚ ਹੁਣ ਤੱਕ ਵਾਧਾ ਪਾਇਆ ਗਿਆ ਹੈ। ਉਨ ਾਂ ਨੇ ਅੱਗੇ ਦੱਸਿਆ ਕਿ ਮੂੰਹ, ਫੇਫੜੇ ਅਤੇ ਕੋਲੋਰੈਕਟਲ ਕੈਂਸਰ ਦੀ ਬਿਮਾਰੀ ਮਰਦਾਂ ਵਿੱਚ ਸਭ ਤੋਂ ਆਮ ਪਾਈ ਗਈ ਸੀ।

ਜਦੋਂ ਅਸੀਂ ਭਾਰਤ ਵਿੱਚ ਕੈਂਸਰ ਦੀਆਂ ਵੱਧ ਰਹੀਆਂ ਘਟਨਾਵਾਂ ਬਾਰੇ ਗੱਲ ਕਰਦੇ ਹਾਂ, ਤਾਂ ਇਹ ਜਾਣਨਾ ਵੀ ਮਹੱਤਵਪੂਰਨ ਹੈ ਕਿ ਕੈਂਸਰ ਇੱਕ ਬਿਮਾਰੀ ਦੇ ਰੂਪ ਵਿੱਚ ਜ਼ਿਆਦਾਤਰ ਬਜ਼ੁਰਗ ਅਬਾਦੀ ਨੂੰ ਪ੍ਰਭਾਵਿਤ ਕਰਦਾ ਹੈ। ਉੱਚ ਜੀਵਨ ਸੰਭਾਵਨਾ ਦਾ ਅਰਥ ਹੈ ਉੱਚ ਕੈਂਸਰ ਦਰਾਂ। 'ਲੰਬੀ ਉਮਰ ਦੀ ਸੰਭਾਵਨਾ ਭਾਰਤ ਵਿੱਚ ਸਮੁੱਚੇ ਕੈਂਸਰ ਦੀਆਂ ਘਟਨਾਵਾਂ ਵਿੱਚ ਇੱਕ ਵੱਡਾ ਯੋਗਦਾਨ ਹੈ। ਜਿਵੇਂ-ਜਿਵੇਂ ਲੋਕ ਉਮਰ ਦੇ ਹੁੰਦੇ ਹਨ, ਉਹ ਇਮਿਊਨੋ-ਕੰਪਰੋਮਾਈਜ਼ਡ ਹੁੰਦੇ ਹਨ ਅਤੇ ਅਕਸਰ ਕੈਂਸਰ ਦੇ ਜੋਖਮਾਂ ਦਾ ਸ਼ਿਕਾਰ ਹੋ ਜਾਂਦੇ ਹਨ।' ਸਧਾਰਨ ਰੂਪ ਵਿੱਚ, ਜਿਵੇਂ-ਜਿਵੇਂ ਅਸੀਂ ਬੁੱਢੇ ਹੋ ਜਾਂਦੇ ਹਾਂ, ਸਾਡੇ ਸਰੀਰ ਵਿੱਚ ਨੁਕਸ ਪੈਦਾ ਹੋਣ ਦੇਣ ਲਈ ਲੰਬਾ ਸਮਾਂ ਹੁੰਦਾ ਹੈ ਅਤੇ ਜਿਵੇਂ ਕਿ ਸਰੀਰ ਸਾਡੇ ਜੀਨਾਂ ਵਿੱਚ ਇਨ੍ਹਾਂ ਨੁਕਸਾਂ ਨੂੰ ਇਕੱਠਾ ਕਰਦਾ ਹੈ, ਕੈਂਸਰ ਦਾ ਖ਼ਤਰਾ ਕਾਫ਼ੀ ਵੱਧ ਜਾਂਦਾ ਹੈ। ਇੱਕ ਔਸਤ ਭਾਰਤੀ ਬਾਲਗ ਦੀ ਉਮਰ 50 ਸਾਲ ਪਹਿਲਾਂ 47 ਸਾਲ ਸੀ, ਅਤੇ ਹੁਣ ਇਹ 69 ਸਾਲ ਹੈ। ਜਿਵੇਂ-ਜਿਵੇਂ ਅਸੀਂ ਵੱਡੇ ਹੁੰਦੇ ਜਾਂਦੇ ਹਾਂ, ਉੱਥੇ ਪਰਿਵਰਤਨ ਅਤੇ ਨਤੀਜੇ ਵਜੋਂ, ਕੈਂਸਰ ਹੋਣ ਦਾ ਵਧੇਰੇ ਜੋਖਮ ਹੁੰਦਾ ਹੈ। ਇਹ ਕਿਹਾ ਜਾ ਰਿਹਾ ਹੈ ਕਿ ਕੈਂਸਰ ਘੱਟ ਉਮਰ ਵਰਗ ਵਿੱਚ ਵੀ ਤੇਜ਼ੀ ਨਾਲ ਪ੍ਰਚਲਿਤ ਹੋ ਰਿਹਾ ਹੈ, ਜੋ ਕਿ ਇੱਕ ਬਹੁਤ ਹੀ ਚਿੰਤਾਜਨਕ ਰੁਝਾਨ ਹੈ। ਇਹ ਸਮਝਣ ਦੀ ਲੋੜ ਹੈ ਕਿ ਕੈਂਸਰ ਬਜ਼ੁਰਗਾਂ ਦੇ ਮੁਕਾਬਲੇ ਨੌਜਵਾਨ ਸਰੀਰ ਵਿੱਚ ਬਹੁਤ ਤੇਜ਼ੀ ਨਾਲ ਫੈਲਦਾ ਹੈ। ਜੇਕਰ ਮੌਜੂਦਾ ਦਰ ਜਾਰੀ ਰਹੀ, ਤਾਂ ਅਸੀਂ 2050 ਤੱਕ ਕੈਂਸਰ ਦੀ ਮਹਾਂਮਾਰੀ ਦੇ ਗਵਾਹ ਹੋ ਸਕਦੇ ਹਾਂ।

**ਖਾਸ ਕੈਂਸਰ ਦੇ ਖਾਸ ਕਾਰਨ ਹੁੰਦੇ ਹਨ**

ਕਿਸੇ ਵੀ ਕੈਂਸਰ ਦਾ ਇੱਕੋ ਕਾਰਨ ਨਹੀਂ ਹੁੰਦਾ, ਉਹ ਸਾਰੇ ਬਹੁ-ਫੈਕਟੋਰੀਅਲ ਹਨ, ਜਿਵੇਂ ਕਿ ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ। ਭਾਰਤ ਵਿੱਚ ਕੈਂਸਰ ਦੇ ਮਾਮਲਿਆਂ ਵਿੱਚ ਵਾਧੇ ਦੇ ਪਿੱਛੇ ਕਈ ਕਾਰਨ ਹਨ। ਇਨ੍ਹਾਂ ਵਿੱਚੋਂ ਕੁਝ ਹਨ ਪੱਛਮੀ ਜੀਵਨ ਸ਼ੈਲੀ ਦਾ ਅਪਣਾਉਣਾ, ਗਲਤ ਖਾਣ-ਪੀਣ ਦੀਆਂ ਆਦਤਾਂ, ਡੇਅਰੀ ਖਪਤ ਵਿੱਚ ਵਾਧਾ (ਦੁੱਧ ਦੇ ਉਤਪਾਦਨ ਵਿੱਚ ਹਾਰਮੋਨ ਦੇ ਕਾਰਨ), ਪ੍ਰੋਸੈਸਡ ਭੋਜਨ, ਭੋਜਨ ਜੋੜਨਾ, ਅਕਸਰ ਮਾਸਾਹਾਰੀ ਭੋਜਨ, ਰਸਾਇਣਕ ਪ੍ਰਦੂਸ਼ਣ, ਕਬਜ਼ ਅਤੇ ਕਸਰਤ ਦੀ ਕਮੀ। ਪੱਛਮੀ ਦੇਸ਼ਾਂ ਵਿੱਚ ਕੋਲੋਰੈਕਟਲ ਕੈਂਸਰ ਦੀਆਂ ਘਟਨਾਵਾਂ ਸਾਡੀ ਮੌਜੂਦਾ ਘਟਨਾਵਾਂ ਦੇ ਮੁਕਾਬਲੇ 10 ਗੁਣਾ ਹਨ। ਖੁਰਾਕ ਵਿੱਚ ਤਬਦੀਲੀ ਅਤੇ ਖੇਤੀ ਅਤੇ ਪਸ਼ੂ ਪਾਲਣ ਲਈ ਨਕਲੀ ਹਾਰਮੋਨਸ ਅਤੇ ਕੀਟਨਾਸ਼ਕਾਂ ਦੀ ਵਰਤੋਂ ਇਸ ਪਿੱਛੇ ਮੁੱਖ ਕਾਰਨ ਹੋ ਸਕਦੀ ਹੈ।

ਪੱਛਮ ਵਿੱਚ ਛਾਤੀ ਦੇ ਕੈਂਸਰ ਦੀਆਂ ਘਟਨਾਵਾਂ ਭਾਰਤ ਦੇ ਮੁਕਾਬਲੇ 20 ਗੁਣਾ ਜ਼ਿਆਦਾ ਹਨ। ਉਚਿਤ ਗੱਲ ਇਹ ਹੈ ਕਿ, ਪੱਛਮੀ/ਆਧੁਨਿਕ ਜੀਵਨ ਸ਼ੈਲੀ ਨੂੰ ਅਪਨਾਉਣ ਨਾਲ, ਅਸੀਂ ਤੇਜ਼ੀ ਨਾਲ ਉੱਨਤ ਦੇਸ਼ਾਂ ਦੀ ਗਿਣਤੀ ਦੇ ਨੇੜੇ ਪਹੁੰਚ ਰਹੇ ਹਾਂ। ਮਾੜੀ ਜੀਵਨਸ਼ੈਲੀ, ਲੰਬੇ ਕੰਮ ਦੇ ਘੰਟੇ, ਵਧਦੀ ਤਣਾਅਪੂਰਨ ਜ਼ਿੰਦਗੀ, ਸਿਗਰਟਨੋਸ਼ੀ, ਸ਼ਰਾਬ ਦਾ ਸੇਵਨ, ਗਰਭ ਨਿਰੋਧ ਦੀ ਵਰਤੋਂ, ਨਪੁੰਸਕਤਾ, ਛਾਤੀ ਦਾ ਦੁੱਧ ਚੁੰਘਾਉਣਾ ਸਭ ਕੁਝ ਛਾਤੀ ਦੇ ਕੈਂਸਰ ਦੇ ਮਾਮਲਿਆਂ ਵਿੱਚ ਯੋਗਦਾਨ ਪਾ ਰਹੇ ਹਨ। ਇਸ ਤੋਂ ਇਲਾਵਾ, ਔਰਤਾਂ ਮਰਦਾਂ ਦੇ ਮੁਕਾਬਲੇ ਲੰਬੇ ਸਮੇਂ ਤੱਕ ਜਿਉਂਦੀਆਂ ਹਨ, ਅਤੇ ਇਹ ਕੈਂਸਰ ਹੋਣ ਦੀ ਸੰਭਾਵਨਾ ਨੂੰ ਵੀ ਵਧਾਉਂਦੀ ਹੈ। ਜਦੋਂ ਕਿ ਅਸੀਂ ਜਾਣਦੇ ਹਾਂ ਕਿ ਕੈਂਸਰ ਤੋਂ ਬਚਣ ਲਈ ਇੱਕ ਸਰਗਰਮ ਜੀਵਨਸ਼ੈਲੀ ਮਹੱਤਵਪੂਰਨ ਹੈ, ਕੁਝ ਹੋਰ ਗੈਰ-ਗੱਲਬਾਤ ਨਿਯਮ ਹਨ- ਸਿਗਰਟਨੋਸ਼ੀ ਨਹੀਂ, ਤੰਬਾਕੂ ਨਹੀਂ ਚਬਾਉਣਾ, ਪ੍ਰੋਸੈਸਡ ਭੋਜਨਾਂ ਤੋਂ ਪਰਹੇਜ਼, ਰੋਜ਼ਾਨਾ ਕਸਰਤ ਆਦਿ। ਹਾਲਾਂਕਿ ਸਾਡੇ ਕੋਲ ਕੈਂਸਰ ਦੀ ਮੌਜੂਦਗੀ 'ਤੇ ਤਣਾਅ ਦੇ ਪ੍ਰਭਾਵ ਬਾਰੇ ਸਹੀ ਅੰਕੜੇ ਨਹੀਂ ਹਨ, ਪਰ ਇਸ ਗੱਲ ਦੇ ਪੱਕੇ ਸਬੂਤ ਹਨ ਕਿ ਹਾਈਪਰਟੈਨਸ਼ਨ ਦਾ ਕਾਰਨ ਤਣਾਅ ਕਿਸੇ ਦੇ ਸਰੀਰ ਵਿੱਚ ਤਬਾਹੀ ਮਚਾ ਸਕਦਾ ਹੈ।ਸਧਾਰਨ ਪਰ ਮੁਸ਼ਕਲ ਜੀਵਨਸ਼ੈਲੀ ਵਿਕਲਪ ਜਿਵੇਂ ਕਿ ਪ੍ਰੋਸੈਸਡ ਫੂਡ ਤੋਂ ਪ੍ਰਹੇਜ਼ ਕਰਨਾ, ਮੋਟਾਪੇ ਤੋਂ ਦੂਰ ਰਹਿਣਾ, ਵਧੀ ਹੋਈ ਕਸਰਤ, ਸਿਗਰਟਨੋਸ਼ੀ ਅਤੇ ਸ਼ਰਾਬ ਤੋਂ ਪਰਹੇਜ਼ ਕਰਨਾ, ਕੈਂਸਰ ਦੀਆਂ ਘਟਨਾਵਾਂ ਨੂੰ 30% ਤੋਂ ਵੱਧ ਘਟਾ ਸਕਦਾ ਹੈ। ਇਸ ਦਿਨ, ਆਓ ਸਾਰੇ ਸਿਹਤਮੰਦ ਜੀਵਨ ਲਈ ਇਨ੍ਹਾਂ ਜੀਵਨਸ਼ੈਲੀ ਵਿਕਲਪਾਂ ਨੂੰ ਅਪਣਾਉਣ ਦਾ ਸੰਕਲਪ ਕਰੀਏ।

***

## ਜਰਮਨੀ-ਇਟਲੀ 'ਚ ਮਜ਼ਬੂਤ ਹੋ ਰਹੇ ਹਨ

ਗਿਆ ਸੀ। ਅਕਤੂਬਰ ਵਿੱਚ 2,000 ਫਾਸ਼ੀਵਾਦੀ ਸਮਰਥਕ ਉੱਥੇ ਇਕੱਠੇ ਹੋਏ ਸਨ। ਰੌਲੇ-ਰੱਪੇ ਦੇ ਬਾਵਜੂਦ ਇਹ ਪ੍ਰੋਗਰਾਮ ਬੰਦ ਨਹੀਂ ਹੋਇਆ। ਇਤਾਲਵੀ ਇਤਿਹਾਸਕਾਰ ਫਰਾਂਸਿਸਕੋ ਫਿਲਿਪੀ ਦਾ ਕਹਿਣਾ ਹੈ ਕਿ ਦੇਸ਼ ਵਿੱਚ ਫਾਸੀਵਾਦ ਹੁਣ ਆਮ ਹੈ।

ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਵਿਚ ਅੱਤਵਾਦ ਵਿਰੋਧੀ ਪ੍ਰੋਗਰਾਮ ਦੇ ਨਿਰਦੇਸ਼ਕ ਲੋਰੇਂਜ਼ੋ ਵਿਡੀਨਾ ਦੇ ਮੁਤਾਬਕ, ਪੁਲਿਸ ਵੱਲੋਂ ਬਹੁਤ ਘੱਟ ਕਾਰਵਾਈ ਕੀਤੀ ਗਈ ਹੈ। ਅਸਲ ਇਟਲੀ ਵਿਚ ਸੱਜੇ ਪੱਖੀ ਹਿੰਸਾ ਦਾ ਖ਼ਤਰਾ ਕਾਫੀ ਵੱਧ ਰਿਹਾ ਹੈ। ਕੱਟੜਵਾਦ ਦੇ ਮਾਹਿਰ ਮੀਰਾਏ ਡੀਟ੍ਰਿਚ ਦਾ ਕਹਿਣਾ ਹੈ ਕਿ ਆਧੁਨਿਕ ਜਰਮਨੀ ਵਿੱਚ ਹੁਣ ਤਖਤਾ ਪਲਟਣਾ ਸੰਭਵ ਨਹੀਂ ਹੈ, ਪਰ ਅਜਿਹੇ ਕੱਟੜਪੰਥੀਆਂ ਕੋਲ ਹਥਿਆਰ ਹਨ ਜੋ ਲੋਕਾਂ ਲਈ ਖ਼ਤਰਾ ਬਣਦੇ ਹਨ।

***

## ਲਤੀਫ਼ਪੁਰਾ ਧਰਨਾ : ਰਾਤੋ-ਰਾਤ ਉਜਾੜੇ 50 ਪਰਿਵਾਰ

ਲੋਕਾਂ ਨੂੰ 10 ਦਿਨ ਦਾ ਸਮਾਂ ਦਿੱਤਾ ਗਿਆ ਸੀ।ਟਰੱਸਟ ਵੱਲੋਂ ਹਾਈਕੋਰਟ ਦੇ ਤਤਕਾਲੀ ਹੁਕਮਾਂ ਅਨੁਸਾਰ 9 ਅਤੇ 10 ਦਸੰਬਰ ਨੂੰ ਪੁਲਿਸ ਪ੍ਰਸ਼ਾਸਨ ਦੀ ਦਖ਼ਲ ਅੰਦਾਜ਼ੀ ਕਰਵਾਈ ਗਈ ਸੀ।ਟਰੱਸਟ ਨੇ ਹੁਣ ਪੀੜਤਾਂ ਨੂੰ ਮੁੜ ਵਸਾਉਣ ਦੀ ਤਿਆਰੀ ਵੀ ਕਰ ਲਈ ਹੈ ਜਿਸ ਵਿੱਚ 7 ਦਿਨਾਂ ਵਿਚ ਦਰਖਾਸਤਾਂ ਦੇਣ ਦੀ ਮੰਗ ਕੀਤੀ ਹੈ।ਇਸ ਸਕੀਮ ਦਾ ਲਾਭ ਲੈਣ ਲਈ ਉਮੀਦਵਾਰ ਸਬੂਤ ਵਜੋਂ ਵੋਟਰ ਕਾਰਡ, ਅਧਾਰ ਕਾਰਡ ਜਾਂ ਹੋਰ ਕੋਈ ਸ਼ਨਾਖ਼ਤੀ ਕਾਰਡ ਦੀਆਂ ਕਾਪੀਆਂ ਦਰਖ਼ਾਸਤਾਂ ਸਮੇਤ 7 ਦਿਨਾਂ ਦੇ ਅੰਦਰ ਜਲੰਧਰ ਇੰਪਰੂਵਮੈਂਟ ਟਰੱਸਟ ਜਾਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿੱਚ ਜਮਾਂ ਕਰਵਾ ਸਕਦੇ ਹਨ।

***

## ਝੀਂਡਾ ਨੇ ਵੱਖਰੀ 41 ਮੈਂਬਰੀ

ਦਿੱਤੀ ਪਰ ਕਿਸੇ ਨੇ ਸਾਡੀ ਮੰਗ 'ਤੇ ਗੌਰ ਨਹੀਂ ਕੀਤਾ। ਮੈਂ ਖੁਦ 8 ਸਾਲ ਸ਼੍ਰੋਮਣੀ ਕਮੇਟੀ ਦਾ ਮੈਂਬਰ ਰਿਹਾ ਹਾਂ। ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਹਮੇਸ਼ਾ ਹਰਿਆਣਾ ਦੇ ਸਿੱਖਾਂ ਦੀ ਭਾਵਨਾ ਤੋਂ ਉਲਟ ਜਾ ਕੇ ਚੋਣਾਂ ਹਾਰਦੇ ਰਹੇ ਪਰ ਪੰਜਾਬ ਤੋਂ ਨਾਮਜ਼ਦ ਕੀਤੇ ਰਘੂਜੀਤ ਸਿੰਘ ਵਿਰਕ ਦੀ ਗੱਲ ਸੁਣਦੇ ਰਹੇ, ਉਨ੍ਹਾਂ ਨੇ ਆਪਣੀ 41 ਮੈਂਬਰੀ ਕਮੇਟੀ ਦੀ ਸੂਚੀ ਸ੍ਰੀ ਅਕਾਲ ਤਖ਼ਤ 'ਤੇ ਸੌਂਪੀ ਤੇ ਅਪੀਲ ਕੀਤੀ ਹੈ ਕਿ ਉਸ ਦੀ ਕਮੇਟੀ ਨੂੰ ਮਾਨਤਾ ਦਿੱਤੀ ਜਾਵੇ।

ਦੱਸ ਦਈਏ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ ਵਿੱਚ ਵੱਖਰੀ ਕਮੇਟੀ ਐਕਟ ਨੂੰ ਮਾਨਤਾ ਦਿੱਤੀ ਗਈ ਹੈ। ਇਸ ਫ਼ੈਸਲੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ ਵਿੱਚ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਹੋਈ ਹੈ। ਦੂਜੇ ਪਾਸੇ, ਹਰਿਆਣਾ ਦੇ ਸਿੱਖਾਂ ਵਿੱਚ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਲਈ ਦੌੜ ਲੱਗੀ ਹੋਈ ਹੈ। ਹਾਲ ਹੀ ਵਿੱਚ ਹਰਿਆਣਾ ਸਰਕਾਰ ਵੱਲੋਂ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਨਾਲ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ, ਜਗਦੀਸ਼ ਸਿੰਘ ਝੀਂਡਾ ਤੇ ਹੋਰ ਸਿੱਖ ਸਹਿਮਤ ਨਹੀਂ ਹਨ।




ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com